ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 41 | 12 October to 18 October 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸ਼ਰਾਬ ਮਾਫ਼ੀਏ ਨੇ ਦਲਿਤ ਨੌਜਵਾਨ ਦਾ ਟੋਟੇ ਟੋਟੇ ਕਰਕੇ ਕੀਤਾ ਕਤਲ

**• ਜਾਂਦੇ ਹੋਏ ਲੱਤ ਵੀ ਵੱਢ ਕੇ ਨਾਲ ਲੈ ਗਏ • ਡੋਡਾ ਕਾਂਡ ਦੇ 10 ਮਹੀਨਿਆਂ ਬਾਅਦ ਫੇਰ ਵਾਪਰੀ ਅਜਿਹੀ ਘਟਨਾ**

**ਘਰਾਂਗਣਾ/ਬਿਊਰੋ ਨਿਊਜ਼ :** ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਡਰਾਈਵਰ ਨਿਰੰਜਣ ਸਿੰਘ ਦੇ ਕਰੀਬੀ ਰਿਸ਼ਤੇਦਾਰਾਂ ਨੇ ਨਾਜਾਇਜ਼ ਸ਼ਰਾਬ ਵੇਚਣ ਤੋਂ ਪਈ ਦੁਸ਼ਮਣੀ ਕਾਰਨ ਦਲਿਤ ਨੌਜਵਾਨ ਸੁਖਚੈਨ ਸਿੰਘ ਉਰਫ਼ ਪਾਲੀ (20 ਸਾਲ) ਨੂੰ ਕਥਿਤ ਤੌਰ 'ਤੇ ਕੋਹ ਕੋਹ ਕੇ ਮਾਰ ਦਿੱਤਾ। ਇਸ ਦਲਿਤ ਨੌਜਵਾਨ ਦੇ ਟੋਟੇ ਟੋਟੇ ਕਰ ਦਿੱਤੇ। ਕਤਲ ਮਗਰੋਂ ਮੁਲਜ਼ਮ ਉਸ ਦੀ ਵੱਢੀ ਲੱਤ ਵੀ ਆਪਣੇ ਨਾਲ ਲੈ ਗਏ। ਪੀੜਤ ਪਰਿਵਾਰ ਨੇ ਕਿਹਾ ਕਿ ਸੁਖਚੈਨ ਦੇ ਸਾਰੇ ਅੰਗ ਮਿਲਣ ਮਗਰੋਂ ਹੀ ਸਸਕਾਰ ਕੀਤਾ ਜਾਵੇਗਾ। ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਇਸ ਨੌਜਵਾਨ ਦੀ ਵੱਢੀ ਟੁੱਕੀ

**ਮੁਲਜ਼ਮਾਂ ਵਿਚ ਬਾਦਲ ਦੇ ਡਰਾਈਵਰ ਦੇ ਰਿਸ਼ਤੇਦਾਰ ਤੇ ਅਕਾਲੀ ਸਰਪੰਚ ਵੀ ਸ਼ਾਮਲ**

ਬਾਕੀ ਸਫ਼ਾ 31 'ਤੇ



ਬੇਰਹਿਮ ਹਮਲਾਵਰਾਂ ਵਲੋਂ ਕੋਹ ਕੇ ਮਾਰੇ ਸੁਖਚੈਨ ਸਿੰਘ ਦੀ ਮ੍ਰਿਤਕ ਦੇਹ (ਇਨਸੈੱਟ ਸੁਖਚੈਨ ਦੀ ਪੁਰਾਣੀ ਤਸਵੀਰ)

# ਟਰੰਪ ਨੇ ਆਪਣੀ ਹੀ ਪਾਰਟੀ ਦੇ ਆਗੂਆਂ ਖ਼ਿਲਾਫ਼ ਕੱਢੀ ਭੜਾਸ

## ਕਿਹਾ-ਰਿਪਬਲਿਕਨ ਨੇਤਾ ਹਿਲੇਰੀ ਨਾਲੋਂ ਵੀ ਖ਼ਤਰਨਾਕ

***ਔਰਤਾਂ ਖ਼ਿਲਾਫ਼ ਭੱਦੀਆਂ ਟਿੱਪਣੀਆਂ ਨੂੰ ਲੈ ਕੇ ਕਈਆਂ ਨੇ ਛੱਡਿਆ ਟਰੰਪ ਦਾ ਸਾਥ***

ਵਾਸ਼ਿੰਗਟਨ/ਬਿਊਰੋ ਨਿਊਜ਼ : ਡੋਨਾਲਡ ਟਰੰਪ ਨੇ ਆਪਣੇ ਹੀ ਰਿਪਬਲਿਕਨ ਪਾਰਟੀ ਦੇ ਆਗੂਆਂ ਨੂੰ ਵਿਸ਼ਵਾਘਾਤੀ ਕਿਹਾ ਹੈ। ਖ਼ਾਸ ਤੌਰ 'ਤੇ ਅਮਰੀਕੀ ਸਦਨ ਦੇ ਸਪੀਕਰ ਪਾਲ ਰਾਇਨ, ਸੀਨੀਅਰ ਜੌਨ ਮੈਕੇਨ (ਐਰੀਜ਼ੋਨਾ) ਤੇ ਕੁਝ ਹੋਰ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਨੂੰ ਕਮਜ਼ੋਰ ਨੇਤਾ ਕਿਹਾ ਹੈ। ਜ਼ਿਕਰਯੋਗ ਹੈ ਕਿ ਪਾਲ ਰਾਇਨ ਨੇ ਟਰੰਪ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਉਹ ਟਰੰਪ ਦਾ ਸਮਰਥਨ ਨਹੀਂ ਕਰ ਸਕਦੇ। ਰਾਇਨ ਦੀਆਂ ਟਿੱਪਣੀਆਂ ਦੇ ਜਵਾਬ ਵਿਚ ਟਰੰਪ ਨੇ ਕਿਹਾ, "ਇਹ ਚੰਗਾ ਹੀ ਹੈ ਕਿ ਮੇਰੀਆਂ ਬੇੜੀਆਂ ਟੁੱਟ ਗਈਆਂ ਹਨ, ਹੁਣ ਮੈਂ ਆਪਣੇ ਤਰੀਕੇ ਨਾਲ ਅਮਰੀਕਾ ਲਈ ਲੜ ਸਕਾਂਗਾ।" ਗੌਰਤਲਬ ਹੈ ਕਿ ਔਰਤਾਂ ਬਾਰੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੇ ਵਿਚਾਰ ਸਾਹਮਣੇ ਆਉਣ ਤੋਂ ਬਾਅਦ ਖੁਦ ਉਨ੍ਹਾਂ ਦੀ ਹੀ ਪਾਰਟੀ ਦੇ ਕਈ ਲੋਕਾਂ ਨੇ ਉਨ੍ਹਾਂ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਹੈ।

ਇਸ ਸਬੰਧੀ ਵਿਸ਼ੇਸ਼ ਰਿਪੋਰਟ ਸਫ਼ਾ 11 'ਤੇ ਪੜ੍ਹੋ

ਬਾਕੀ ਸਫ਼ਾ 11 'ਤੇ

**ਜ਼ਮੀਨ ਘੁਟਾਲੇ 'ਚ ਭ੍ਰਿਸ਼ਟਾਚਾਰ ਦਾ ਮਾਮਲਾ**

# ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਦੇਣ ਤੋਂ ਰਾਜਨੀਤੀ ਗਰਮਾਈ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬਾਦਲ ਸਰਕਾਰ ਵਲੋਂ ਕਲੀਨ ਚਿੱਟ ਦਿੱਤੇ ਜਾਣ ਤੋਂ ਪੰਜਾਬ ਦੀ ਰਾਜਨੀਤੀ ਦਿਨੋਂ ਦਿਨ ਗਰਮਾਉਂਦੀ ਨਜ਼ਰ ਆ ਰਹੀ ਹੈ। ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਜ਼ਮੀਨ ਘੁਟਾਲੇ ਦੇ ਕੇਸ ਵਿੱਚ ਪੰਜਾਬ ਵਿਜੀਲੈਂਸ ਵਲੋਂ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਮੁਲਜ਼ਮਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਨੂੰ ਖਾਰਜ ਕਰਨ ਲਈ ਮੋਹਾਲੀ ਦੀ ਅਦਾਲਤ ਵਿੱਚ ਲੰਘੇ ਹਫ਼ਤੇ ਚੁੱਪ-ਚਪੀਤੇ ਕਲੋਜ਼ਰ ਰਿਪੋਰਟ ਦੀ ਅਰਜ਼ੀ ਦਾਇਰ ਕੀਤੇ ਜਾਣ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਹਾਲਾਂਕਿ ਪਿਛਲੇ ਕਈ ਸਾਲਾਂ ਤੋਂ ਪਹਿਲਾਂ ਹੀ ਮੁਲਜ਼ਮਾਂ ਵਿਰੁੱਧ ਕਾਰਵਾਈ ਸੁਸਤ ਚਾਲ ਨਾਲ ਚੱਲ ਰਹੀ ਸੀ ਪ੍ਰੰਤੂ ਹੁਣ ਸਭ ਦੀਆਂ ਨਜ਼ਰਾਂ ਇਸ ਕੇਸ 'ਤੇ ਟਿਕ ਗਈਆਂ ਹਨ। ਇਹ ਉਹੀ ਕੇਸ ਹੈ, ਜਿਸ ਵਿਚ ਕੈਪਟਨ ਦੀ ਵਿਧਾਨ ਸਭਾ ਮੈਂਬਰੀ ਰੱਦ ਕਰ ਦਿੱਤੀ ਗਈ ਸੀ, ਹਾਲਾਂਕਿ ਬਾਅਦ ਵਿਚ ਸੁਪਰੀਮ



ਬਾਕੀ ਸਫ਼ਾ 33 'ਤੇ

# ਭਾਈ ਜਿੰਦਾ-ਸੁੱਖਾ ਦੇ ਸ਼ਹੀਦੀ ਦਿਹਾੜੇ ਮੌਕੇ ਅਕਾਲ ਤਖ਼ਤ ਸਾਹਿਬ ਵਿਖੇ ਸਮਾਰੋਹ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਜੂਨ 1984 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ 37 ਹੋਰ ਗੁਰਧਾਮਾਂ ਉਪਰ ਹਮਲਾ ਕਰਨ ਵਾਲੀ ਭਾਰਤੀ ਫੌਜ ਦੇ ਮੁਖੀ ਜਨਰਲ ਅਰੁੱਣ ਸ੍ਰੀਧਰ ਵੈਦਿਆ ਨੂੰ ਕੀਤੇ ਦਾ ਫਲ ਭੁਗਤਾ ਕੇ ਫਾਂਸ਼ੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ 25ਵੀਂ ਸਾਲਾਨਾ ਯਾਦ ਅਕਾਲ ਤਖ਼ਤ ਸਾਹਿਬ ਵਿਖੇ ਮਨਾਈ ਗਈ। ਭਾਈ ਜਿੰਦਾ ਅਤੇ ਭਾਈ ਸੁੱਖਾ ਦੀ ਯਾਦ ਨੂੰ ਸਮਰਪਿਤ ਅਖੰਡ ਪਾਠ ਦੇ ਭੋਗ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਪਾਏ ਗਏ। ਇਸੇ ਤਰ੍ਹਾਂ ਉਨ੍ਹਾਂ ਦੇ ਜੱਦੀ ਪਿੰਡ ਗਦਲੀ ਵਿਖੇ ਅਖੰਡ ਪਾਠ ਦੇ ਭੋਗ ਪਾ ਕੇ ਸ਼ਹੀਦੀ ਸਮਾਗਮ ਮਨਾਇਆ ਗਿਆ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਅਖੰਡ ਪਾਠ ਦੇ ਭੋਗ ਸਮੇਂ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਆਪਣੇ ਸੰਖੇਪ ਸੰਬੋਧਨ ਵਿੱਚ ਆਖਿਆ ਕਿ ਜਿਨ੍ਹਾਂ ਵੀ ਧਾੜਵੀਆਂ ਨੇ ਗੁਰੂ ਘਰਾਂ 'ਤੇ ਹਮਲੇ ਕੀਤੇ ਹਨ, ਸਿੱਖ ਕੌਮ ਨੇ ਉਨ੍ਹਾਂ ਨੂੰ ਸਬਕ ਸਿਖਾਇਆ ਹੈ। ਅਜਿਹੇ ਹੀ ਸ਼ਹੀਦਾਂ ਦੀ ਯਾਦ ਵਿਚ ਇਹ ਸਮਾਗਮ ਕੀਤਾ ਗਿਆ ਅਤੇ ਸ਼ਹੀਦ ਪ੍ਰੀਵਾਰਾਂ ਨੂੰ ਸਿਰੋਪਾਉ ਸ੍ਰੀ ਦਰਬਾਰ ਸਾਹਿਬ ਵਲੋਂ ਭੇਟ ਕੀਤੇ ਜਾ ਰਹੇ ਹਨ। ਇਸ ਮੌਕੇ ਭਾਈ ਜਿੰਦਾ ਦੇ ਭਰਾ ਭਾਈ ਭੁਪਿੰਦਰ ਸਿੰਘ,



ਸ਼ਹੀਦੀ ਸਮਾਗਮ ਮੌਕੇ ਸੁੱਖਾ ਤੇ ਜਿੰਦਾ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾ ਬਖ਼ਸ਼ਿਸ਼ ਕੀਤੇ ਜਾਣ ਦਾ ਦ੍ਰਿਸ਼।

ਬਾਕੀ ਸਫ਼ਾ 31 'ਤੇ

COUGAR TRUCK LINES
ਟਰੱਕ ਡਰਾਈਵਰਾਂ ਦੀ ਲੋੜ
ਬਰੈਂਡ ਨਿਊ ਕੰਪਨੀ ਟਰੱਕਾਂ ਲਈ ਕੈਲੀਫੋਰਨੀਆ ਤੋਂ ਈਸਟ ਕੋਸਟ ਨੂੰ ਡਰਾਈਵਰਾਂ ਦੀ ਲੋੜ ਹੈ।
(510) 875.3279
(510) 224.7380

SAVE $2500
ON DIESEL PER TRUCK WITH
ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE (855) 641-6955 • (888) 795-7035
sales@trans-alliance.com • www.trans-alliance.com

20 ਸਾਲ ਦੇ ਤਜ਼ਰਬੇ ਵਾਲੇ ਬੇਅ ਏਰੀਆ ਡੈਂਟਿਸਟ
ਡਾ. ਦਵਿੰਦਰ ਸ਼ੋਕਰ
• ALL ROOT CANALS
• GUM SURGERY
• ORAL SURGERY
• INVISALIGN ELITE PROVIDER
50% Off to CASH Patients
Invisalign from 2500$ !
Crowns from 400$,
Root canal from 500$
50% Off to Cash Patients
New, Big and Modern
San Jose Office
1295 S. Parkvictoria Drive, Milpitas, CA 95035
408.945.0411
Fremont Office
3456 Mowry Ave. Fremont 94538
510.713.7333
VISIT US @ SHOKERDENTAL.COM

Punjabi RADIO USA
408-272-5200
KHALSA INSURANCE AGENCY, INC.
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500

JASPREET SINGH
Attorney-At-law
ਜਸਪ੍ਰੀਤ ਸਿੰਘ
Loan Modification
Bankruptcy, Immigration, Political Asylum, Deportation Defense, Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CAPITOL AVENUE
W. SACRAMENTO, CA 95691
Phone : 916-372-4448, Fax : 916-372-4440

# Sharan Kaur

## For School Board

Let's Make A Difference!



ਸਿੱਖ ਭਾਈਚਾਰੇ ਵਲੋਂ ਡਟਵੀਂ ਹਮਾਇਤ ਅਤੇ
ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦਾ ਸੱਦਾ

# ਸ਼ਰਨ ਕੌਰ

## ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ

*ਆਓ ਰਲ ਮਿਲ ਕੇ ਕੁਝ ਵਧੀਆ ਅਤੇ ਨਵਾਂ ਕਰ ਵਿਖਾਈਏ*

ਸ਼ਰਨ ਕੌਰ ਨਿਊ ਹੇਵਨ ਸਕੂਲ ਬੋਰਡ ਲਈ ਇੱਕੋ ਇੱਕ ਅਜਿਹੀ ਬੇਹਤਰੀਨ ਮਹਿਲਾ ਉਮੀਦਵਾਰ ਹੈ ਜਿਹੜੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਭਲੀਭਾਂਤ ਸਮਝ ਕੇ ਢੁਕਵੇਂ ਹੱਲ ਦੇ ਯੋਗ ਹੈ। ਬਹੁਤ ਹੀ ਸੂਝਵਾਨ, ਬੇਹੱਦ ਹਿੰਮਤੀ, ਮਿਲਾਪੜੀ ਅਤੇ ਦ੍ਰਿੜ ਇਰਾਦੇ ਵਾਲੀ

### ਸ਼ਰਨ ਕੌਰ ਦਾ ਨਿਸ਼ਾਨਾ

ਸਕੂਲ ਪ੍ਰਬੰਧਾਂ ਨੂੰ ਹੋਰ ਬੇਹਤਰ ਤੇ ਕਿੱਤਾਮੁਖੀ ਬਣਾਉਣਾ

“ਤੁਹਾਡੇ ਸਹਿਯੋਗ ਸਦਕਾ ਮੈਂ ਇਹ ਯਕੀਨੀ ਬਣਾ ਸਕਾਂਗੀ ਕਿ ਸਾਡੇ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਿਆ ਜਾਵੇ ਤਾਂ ਜੋ ਵਿਦਿਆਰਥੀ ਹੋਰ ਮੱਲਾਂ ਮਾਰ ਸਕਣ”

*ਅਸੀਂ ਰਲ ਮਿਲ ਕੇ ਹੀ ਸੁੰਦਰ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ*

### ਮੇਰੀਆਂ ਤਰਜੀਹਾਂ

- ਸਾਇੰਸ, ਟਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (S.T.E.M.) ਦੀ ਪੜ੍ਹਾਈ ਉੱਤੇ ਅਮਲ ਲਈ ਜ਼ੋਰ
- ਮਦਦਗਾਰ ਅਤੇ ਸੁਰਖਿਅਤ ਮਾਹੌਲ ਦੀ ਸਿਰਜਣਾ
- ਮਾਪਿਆਂ ਅਤੇ ਕਮਿਊਨਿਟੀ ਵਿਚਾਲੇ ਆਪਸੀ ਸਹਿਯੋਗ ਵਧਾਉਣਾ

### My Priorities

- Enhance Emphasis on S.T.E.M
- Promote Supportive and Safe Environment
- Increase Parent and Community Engagement

## *2 generations who have attended New Haven School and beyond!*





-Hill view Crest Elementary
-Tom Kitayama Elementary
**-Caesar Chavez Middle* (Class of 1996)**
-Itliong-Vera Cruz Middle
**-James Logan High* (Class of 2000)**
-Chabot/Ohlone College

-San Jose State University
-Cal State East Bay University
-San Francisco State University
-University of San Francisco
**-UC Santa Cruz* (2005 – BS, Bioinformatics)**
-UC San Diego

*** Schools Sharan Kaur attended***

*Together we inspire, engage and create a brighter future!*

**Sharan Kaur**
**for New Haven School Board**

## Let's Make A Difference!

*Dear Neighbor,*

*As a rasident of Union City for over 25 Years and a Product of New Haven Schools, I feel I am the best candidate who can understand the needs of students, teachers and parents alike. I am the only woman candidate for school board and have strong passion for education and even stronger desire to see that every student succeeds regardless of their family or economic background. I bring a decade long professional experience from Silicon Valley; passion and commitment for Community service; and experience from nonprofits focusing on health, education and animals. As a young and successful professional in Project Management, I have the desire to step up, get involved and give back to the same schools and community that made me who I am today.*

*With your support, I look forward to ensuring our schools continue to improve and students continue to thrive!*

*Sharan Kaur*

**ਸਿੱਖ ਭਾਈਚਾਰੇ ਦੇ ਸਾਰੇ ਮੈਂਬਰ ਯਾਦ ਰੱਖਿਓ 8 ਨਵੰਬਰ ਵਾਲੇ ਦਿਨ ਸ਼ਰਨ ਕੌਰ ਨੂੰ ਵੋਟ ਪਾਉਣਾ ਨਾ ਭੁੱਲਿਓ**

**On November 8, Remember to Vote for Sharan Kaur**

www.sharankaur2016.com

# ਭਾਈ ਜਿੰਦਾ ਤੇ ਭਾਈ ਸੁੱਖਾ ਦਾ ਸ਼ਹੀਦੀ ਸਮਾਗਮ ਉਤਸ਼ਾਹ, ਵੈਰਾਗ ਅਤੇ ਚੜ੍ਹਦੀ ਕਲਾ ਨਾਲ ਮਨਾਇਆ










**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :**
ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਸਮਾਗਮ ਬੜੇ ਉਤਸ਼ਾਹ, ਵੈਰਾਗ ਤੇ ਚੜ੍ਹਦੀ ਕਲਾ ਨਾਲ ਮਨਾਏ ਗਏ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਬਹੁਤ ਪਹਿਲਾਂ ਹੀ ਇਹ ਇਤਿਹਾਸਕ ਦਿਨ ਮਨਾਉਣ ਦੀ ਤਿਆਰੀ ਕਰ ਲਈ ਸੀ। ਤਿੰਨ ਦਿਨ ਗੁਰਬਾਣੀ ਦੇ ਪ੍ਰਵਾਹ ਚਲਦੇ ਰਹੇ ਤੇ ਹਫਤਾਵਾਰੀ ਦੀਵਾਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਹੋਈ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗਰੰਥੀ ਭਾਈ ਦਿਲਬਾਗ ਸਿੰਘ, ਭਾਈ ਹਰਪ੍ਰੀਤ ਸਿੰਘ ਤੇ ਭਾਈ ਬਲਜੀਤ ਸਿੰਘ ਨਾਲ ਦੇ ਰਾਗੀ ਜਥੇ ਨੇ ਰੂਹਾਨੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਕਥਾਕਾਰ ਭਾਈ ਧਰਮਬੀਰ ਸਿੰਘ ਲੁਧਿਆਣੇ ਵਾਲਿਆਂ ਨੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਸ਼ਹੀਦੀ ਦਿਨ ਉਪਰ ਸਾਂਝੀ ਕਥਾ ਕੀਤੀ। ਗੁਰੂ ਸਾਹਿਬ ਦੇ ਬਚਪਨ ਦੀ ਉਦਾਸ ਪਰ ਦਰਵੇਸ਼ੀ ਜੀਵਨ ਦੀ ਝਾਕੀ ਸ਼ਾਨਦਾਰ ਢੰਗ ਨਾਲ ਪੇਸ਼ ਕੀਤੀ ਕਿ ਕਿਵੇਂ ਇਕ ਨਿਮਾਣੇ ਬੱਚੇ ਤੋਂ ਉਹ ਗੁਰੂ ਸਾਹਿਬ ਬਣ ਗਏ। ਭਾਈ ਜਿੰਦੇ ਤੇ ਭਾਈ ਸੁੱਖੇ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਕਥਾਕਾਰ ਨੇ ਜੀਵੜਿਆਂ ਦੀ ਗਾਥਾ ਕੁਰਬਾਨੀ ਵਾਲੇ ਜਜ਼ਬੇ ਨਾਲ ਪੇਸ਼ ਕੀਤੀ। ਦਰਬਾਰ ਸਾਹਿਬ ਉਤੇ ਟੈਂਕਾ ਤੋਪਾਂ ਨਾਲ ਹਮਲਾ ਕਰਨ ਵਾਲੇ ਬ੍ਰਾਹਮਣਵਾਦੀ ਜਰਨੈਲ ਵੈਦਿਆ ਨੂੰ ਮਾਰ ਕੇ ਉਹ ਫਾਂਸੀ ਦੇ ਤਖਤੇ ਉਤੇ ਝੂਲ ਗਏ। ਬਰਫੀਆਂ ਵੰਡਦੇ, ਜੈਕਾਰੇ ਛੱਡਦੇ ਤੇ ਗੁਰੂ ਚਰਨਾ ਵਿਚ ਲੀਨ ਹੋ ਗਏ।

ਉਪਰੰਤ ਗੁਰਦੁਆਰਾ ਸਾਹਿਬ ਦੇ ਸੀਨੀਅਰ ਮੈਂਬਰ ਤੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਹੀਦ ਸਿੰਘਾਂ ਦੇ ਜੀਵਨ 'ਤੇ ਰੌਸ਼ਨੀ ਪਾਈ ਅਤੇ ਦਿੱਲੀ ਦੇ ਸਾਬਕਾ ਪੁਲੀਸ ਕਮਿਸ਼ਨਰ ਵੇਦ ਮਰਵਾਹ ਦੀ ਲਿਖਤ ਵਿਚੋਂ ਭਾਈ ਜਿੰਦਾ ਤੇ ਭਾਈ ਸੁੱਖਾ ਬਾਰੇ ਦਰਜ ਇਹ ਕੀਮਤੀ ਅੱਖਰ ਪੇਸ਼ ਕੀਤੇ ਕਿ ਸ਼ਹੀਦ ਹੋਣ ਵਾਲੇ ਉਹ ਸੂਰਮੇ ਕੋਈ ਆਮ ਆਦਮੀ ਨਹੀਂ ਸਨ, ਬਲਕਿ ਕੋਈ ਖਾਸ ਰੂਹਾਂ ਸਨ ਜਿਨ੍ਹਾਂ ਦਾ ਕੋਈ ਵਿਲੱਖਣ ਮਿਸ਼ਨ ਸੀ।

ਲੋਗਨ ਹਾਈ ਸਕੂਲ ਦੀ ਅਧਿਆਪਕਾ ਬੀਬੀ ਅਮਰਜੀਤ ਕੌਰ ਨੇ ਭਾਈ ਜਿੰਦਾ ਤੇ ਭਾਈ ਸੁੱਖਾ ਬਾਰੇ ਕੰਪਿਊਟਰ ਉਤੇ ਪਾਵਰ ਪੁਆਇੰਟ ਦੀ ਮਦਦ ਨਾਲ ਸਕੂਲ ਦੇ ਬੱਚਿਆਂ ਕੋਲੋਂ ਖਾਲਿਸਤਾਨ ਦੇ ਸ਼ਹੀਦਾਂ ਦੇ ਜੀਵਨ ਬਾਰੇ ਮੁੱਢਲੀ ਜਾਣਕਾਰੀ ਤੇ ਉਦੇਸ਼ ਪੇਸ਼ ਕਰਵਾਇਆ, ਜਿਸ ਨੂੰ ਬੱਚਿਆਂ ਨੇ ਬਾਖੂਬੀ ਪੇਸ਼ ਕੀਤਾ। ਬੀਬੀ ਅਮਰਜੀਤ ਕੌਰ ਨੇ ਕਿਹਾ ਕਿ ਕੌਮਾਂ ਦੀ ਅਣਖ ਨੂੰ ਜਿਊਂਦੀ ਰੱਖਣ ਲਈ ਕਦੇ ਕਦੇ ਇਤਿਹਾਸ ਕਰਵਟ ਲੈਂਦਾ ਹੈ, ਜਿਸ ਵਿਚੋ ਭਾਈ ਜਿੰਦਾ ਤੇ ਭਾਈ ਸੁੱਖਾ ਵਰਗੇ ਮਹਾਨ ਸ਼ਹੀਦ ਪੈਦਾ ਹੁੰਦੇ ਹਨ ਜੋ ਕੌਮ ਦੀ ਰੂਹ ਨੂੰ ਤਾਜ਼ਗੀ ਦਾ ਅਹਿਸਾਸ ਕਰਵਾ ਕੇ ਕੁਦਰਤ ਵਿਚ ਲੀਨ ਹੋ ਜਾਂਦੇ ਹਨ। ਪਰਿਜ਼ਨਰ ਵੈਲਫੇਅਰ ਸੰਸਥਾ ਵੱਲੋਂ ਬੀਬੀ ਨਵਜੋਤ ਕੌਰ ਨੇ ਵੀ ਸ਼ਹੀਦਾਂ ਨੂੰ ਸਿਜਦਾ ਕੀਤਾ।

ਬਾਕੀ ਸਫ਼ਾ 32 'ਤੇ

## ਸਿੱਖ ਭਾਈਚਾਰੇ ਵਲੋਂ ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ ਬੀਬੀ ਸ਼ਰਨ ਕੌਰ ਨੂੰ ਜਿਤਾਉਣ ਦਾ ਸੱਦਾ

**ਫਰੀਮਾਂਟ/ਬਿਊਰੋ ਨਿਊਜ਼:** ਬੇਅ ਏਰੀਏ ਦੇ ਸਿੱਖ ਭਾਈਚਾਰੇ ਵਲੋਂ ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ ਬੀਬੀ ਸ਼ਰਨ ਕੌਰ ਦੀ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਭਾਈਚਾਰੇ ਦੇ ਸਭਨਾਂ ਮੈਂਬਰਾਂ ਨੂੰ ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦਾ ਸੱਦਾ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਬਹੁਤ ਹੀ ਸੂਝਵਾਨ, ਬੇਹੱਦ ਹਿੰਮਤੀ, ਮਿਲਾਪੜੀ ਅਤੇ



ਦ੍ਰਿੜ ਇਰਾਦੇ ਵਾਲੀ ਸ਼ਰਨ ਕੌਰ ਦਾ ਵਿਦਿਆ ਦੇ ਖੇਤਰ ਵਿੱਚ ਚੋਖਾ ਤਜਰਬਾ ਹੈ। ਨਿਊ ਹੇਵਨ ਸਕੂਲ ਬੋਰਡ ਚੋਣ ਲਈ ਮਹਿਲਾ ਸਿੱਖ ਉਮੀਦਵਾਰ ਦਾ ਮਿਸ਼ਨ ਹੈ ***"ਆਓ ਰਲ ਮਿਲ ਕੇ ਕੁਝ ਵਧੀਆ ਅਤੇ ਨਵਾਂ ਕਰ ਵਿਖਾਈਏ"***। ਇਸਤੋਂ ਇਲਾਵਾ ਸ਼ਰਨ ਕੌਰ ਨਿਊ ਹੇਵਨ ਸਕੂਲ ਬੋਰਡ ਲਈ ਇੱਕੋ ਇੱਕ ਅਜਿਹੀ ਬੇਹਤਰੀਨ ਮਹਿਲਾ ਉਮੀਦਵਾਰ ਹੈ ਜਿਹੜੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਭਲੀਭਾਂਤ ਸਮਝ ਕੇ ਢੁਕਵੇਂ ਹੱਲ ਦੇ ਯੋਗ ਹੈ। ਸ਼ਰਨ ਕੌਰ ਦਾ ਮੰਤਵ ਕੇਵਲ ਚੋਣਾਂ ਜਿੱਤਣਾ ਨਹੀਂ ਬਲਕਿ ਉਸਦਾ ਨਿਸ਼ਾਨਾ ਹੈ ਕਿ ਚੋਣਾਂ ਜਿੱਤ ਕੇ ਸਕੂਲ ਪ੍ਰਬੰਧਾਂ ਨੂੰ ਹੋਰ ਬੇਹਤਰ ਤੇ ਕਿੱਤਾਮੁਖੀ ਬਣਾਉਣ ਲਈ ਸਭਨਾਂ ਨਾਲ ਰਲ ਮਿਲ ਕੇ ਉੱਦਮ ਕੀਤੇ ਜਾਣ। ਸ਼ਰਨ ਕੌਰ ਦਾ ਸਾਰੇ ਭਾਈਚਾਰਿਆਂ ਦੇ ਵੋਟਰਾਂ ਨਾਲ ਵਾਅਦਾ ਹੈ ਕਿ "ਤੁਹਾਡੇ ਸਹਿਯੋਗ ਸਦਕਾ ਮੈਂ ਇਹ ਯਕੀਨੀ ਬਣਾ ਸਕਾਂਗੀ ਕਿ ਸਾਡੇ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਿਆ ਜਾਵੇ ਤਾਂ ਵਿਦਿਆਰਥੀਆਂ ਹੋਰ ਮੱਲਾਂ ਮਾਰ ਸਕਣ।"

ਬਾਕੀ ਸਫ਼ਾ 32 'ਤੇ




# ਸੈਮੀਨਾਰ ਰਿਪੋਰਟ-ਪੰਜਾਬ ਨੂੰ ਜੰਗ ਦਾ ਮੈਦਾਨ ਨਹੀਂ ਬਣਾਉਣ ਦਿਆਂਗੇ : ਪੰਥਕ ਫ਼ਰੰਟ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਯੂਨਾਈਟਿਡ ਅਕਾਲੀ ਦਲ ਵੱਲੋਂ ਬਣਾਏ ਪੰਥਕ ਫਰੰਟ ਨੇ ਇੱਥੇ 'ਭਾਰਤ-ਪਾਕਿਸਤਾਨ ਸਬੰਧ ਤੇ ਜੰਗ ਨਹੀਂ ਅਮਨ' ਵਿਸ਼ੇ 'ਤੇ ਕਰਵਾਈ ਸੂਬਾਈ ਚਰਚਾ ਦੌਰਾਨ ਐਲਾਨ ਕੀਤਾ ਕਿ ਦਿੱਲੀ ਅਤੇ ਇਸਲਾਮਾਬਾਦ ਨੂੰ ਪੰਜਾਬ ਨੂੰ ਜੰਗ ਦਾ ਮੈਦਾਨ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਵੱਖ-ਵੱਖ ਵਰਗਾਂ ਨਾਲ ਸਬੰਧਤ ਬੁੱਧੀਜੀਵੀਆਂ ਨੇ ਚਰਚਾ ਦੌਰਾਨ ਸਿੱਟਾ ਕੱਢਿਆ ਕਿ 1962, 1965, 1971 ਅਤੇ ਕਾਰਗਿਲ ਦੀਆਂ ਜੰਗਾਂ ਨਾਲ ਵੀ ਕਸ਼ਮੀਰ ਦੀ ਸਮੱਸਿਆ ਹੱਲ ਨਹੀਂ ਹੋਈ, ਜਿਸ ਤੋਂ ਸਾਫ ਹੋ ਗਿਆ ਹੈ ਕਿ ਕਿਸੇ ਵੀ ਸਮੱਸਿਆ ਦਾ ਹੱਲ ਜੰਗ ਨਹੀਂ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ




ਜੰਗ ਲੱਗਣ ਦੀ ਆੜ ਹੇਠ ਪੰਜਾਬ ਦੇ 987 ਪਿੰਡਾਂ ਦੇ ਲੋਕਾਂ ਨੂੰ ਬੇਘਰ ਕਰਨ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਕਿ ਇਹ ਫ਼ੈਸਲਾ ਚੋਣਾਂ ਨੂੰ ਟਾਲਣ ਦੀ ਇੱਕ ਚਾਲ ਸੀ। ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇ ਸ੍ਰੀ ਬਾਦਲ ਨੇ 10 ਦਿਨਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਇਸ ਬਾਰੇ ਸਪਸ਼ਟੀਕਰਨ ਨਾ ਦਿੱਤਾ ਤਾਂ ਉਹ ਸੁਪਰੀਮ ਕੋਰਟ ਜਾਣਗੇ। ਇਸ ਤੋਂ ਇਲਾਵਾ ਭਾਰਤ ਦੇ ਰਾਸ਼ਟਰਪਤੀ ਕੋਲ ਪਹੁੰਚ ਕਰਨ ਸਮੇਤ ਯੂਐਨਓ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਵੀ ਅੰਬੈਸੀ ਰਾਹੀਂ ਜੰਗ ਦੀ ਥਾਂ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੇ ਮੈਮੋਰੰਡਮ ਦਿੱਤੇ ਜਾਣਗੇ। ਉਨ੍ਹਾਂ ਹਰੇਕ ਉਜਾੜੇ ਪਰਿਵਾਰ ਨੂੰ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ।

ਪੰਥਕ ਧਿਰਾਂ ਨੇ ਮੰਨਿਆ ਕਿ 1992 ਦੀਆਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਰਕੇ ਉਨ੍ਹਾਂ ਵੱਡੀ ਗਲਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਨਕਸਲੀ, ਆਸਾਮ, ਨਾਗਾ, ਮਿਜ਼ੋ ਅਤੇ ਸਿੱਖ ਲਹਿਰਾਂ ਨੂੰ ਰਾਜਸੀ ਸਮੱਸਿਆਵਾਂ ਮੰਨ ਕੇ ਇਨ੍ਹਾਂ ਦਾ ਰਾਜਸੀ ਹੱਲ ਹੀ ਕੱਢਣਾ ਬਣਦਾ ਹੈ। ਇਸ ਮੌਕੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਪੰਥਕ ਧਿਰਾਂ ਦੇ ਆਗੂ ਭਾਈ ਮੋਹਕਮ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ, ਡਾ. ਭਗਵਾਨ ਸਿੰਘ, ਬੀਬੀ ਪ੍ਰੀਤਮ ਕੌਰ, ਪ੍ਰੋ. ਮਹਿੰਦਰਪਾਲ ਸਿੰਘ, ਇਮਾਨ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਗੋਪਾਲ ਸਿੰਘ ਸਿੱਧੂ, ਬੀਬੀ ਪ੍ਰੀਤਮ ਕੌਰ ਤੇ ਗੁਰਦਰਸ਼ਨ ਸਿੰਘ ਢਿੱਲੋਂ ਤੋਂ ਇਲਾਵਾ ਡੈਮੋਕਰੇਟਿਕ ਸਵਰਾਜ ਪਾਰਟੀ ਪੰਜਾਬ ਦੇ ਪ੍ਰਧਾਨ ਪ੍ਰੋ. ਮਨਜੀਤ ਸਿੰਘ, ਦਲਿਤ ਕ੍ਰਾਂਤੀ ਦਲ ਦੇ ਲਾਭ ਸਿੰਘ ਸੁਲਹਾਣੀ, ਕਿਸ਼ਨ ਚੰਦ ਆਹੂਜਾ, ਡਾ. ਪਿਆਰੇ ਲਾਲ ਗਰਗ, ਅਨਵਰ ਅਹਿਮਦ ਮਸੀਹ ਅਤੇ ਕੁਲਬੀਰ ਸਿੰਘ ਨੇ ਵਿਚਾਰ ਰੱਖੇ।

## ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਐਤਵਾਰ 9 ਅਕਤੂਬਰ ਨੂੰ ਹਫ਼ਤਾਵਾਰੀ ਦੀਵਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹੀਦੀ ਨੂੰ ਸਮਰਪਿਤ ਕੀਤੇ ਗਏ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵੱਲੋਂ ਭਾਈ ਜਿੰਦਾ ਤੇ ਸੁੱਖਾ ਦੇ ਜੀਵਨ ਬਾਰੇ ਅਤੇ ਉਨ੍ਹਾਂ ਵੱਲੋਂ ਸਿੱਖ ਸੰਘਰਸ਼ ਵਿਚ ਪਾਏ ਯੋਗਦਾਨ ਦੀ ਸਾਂਝ ਸੰਗਤਾਂ ਨਾਲ ਪਾਈ। ਉਨ੍ਹਾਂ ਦਸਿਆ ਕਿਵੇਂ ਭਾਈ ਸੁਖਾ ਤੇ ਭਾਈ ਜਿੰਦਾ ਨੇ ਪੰਥ ਦੋਖੀਆਂ ਅਤੇ ਗੁਰੂਧਾਮਾਂ ਉੱਤੇ ਹਮਲੇ ਕਰਨ ਵਾਲਿਆਂ ਨੂੰ ਭਾਰਤ ਦੇ ਦੂਜੇ ਸੂਬਿਆਂ ਵਿਚ ਜਾ ਕੇ ਮੌਤ ਦੇ ਘਾਟ ਉਤਾਰਿਆ। ਅਖੀਰ 9 ਅਕਤੂਬਰ 1992 ਨੂੰ ਹੱਸ ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਸਿੱਖ ਕੌਮ ਦੇ ਸ਼ਹੀਦਾਂ ਦੀ ਕਤਾਰ ਵਿਚ ਆਪਣਾ ਨਾਮ ਸੁਨਹਿਰੀ ਅਖਰਾਂ ਵਿਚ ਦਰਜ ਕਰਵਾ ਗਏ।

ਭਾਈ ਪਰਮਿੰਦਰਜੀਤ ਸਿੰਘ ਵੱਲੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ ਦਿੱਤੀ ਤੇ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਉਨ੍ਹਾਂ ਵਲੋਂ ਸਿੱਖ ਧਰਮ ਵਿਚ ਪਾਏ ਵਡਮੁੱਲੇ ਯੋਗਦਾਨ ਬਾਰੇ ਚਾਨਣਾ ਪਾਇਆ।

ਇਸ ਤੋਂ ਇਲਾਵਾ ਭਾਈ ਜੋਗਾ ਸਿੰਘ ਖਾਲਿਸਤਾਨੀ, ਜੋ ਪਿਛਲੇ ਦਿਨੀਂ ਸ਼ਹੀਦ ਹੋ ਗਏ ਹਨ, ਉਨ੍ਹਾਂ ਨੂੰ ਸ਼ਿਕਾਗੋ ਦੀਆਂ ਸਮੂਹ ਸੰਗਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਇੰਡੋ-ਅਮੈਰੀਕਨ ਸੀਨੀਅਰ ਸਿਟੀਜਨ ਐਸੋਸੀਏਸ਼ਨ ਵਲੋਂ ਐਡਵੋਕੇਟ ਅਜੀਤ ਸਿੰਘ ਦਾ ਸਨਮਾਨ

## ਬਲਜਿੰਦਰ ਸਿੰਘ ਅਟਵਾਲ ਵਲੋਂ ਇਕ ਹਜ਼ਾਰ ਡਾਲਰ ਦਾਨ

**ਸੈਨਹੋਜ਼ੇ/ਬਿਊਰੋ ਨਿਊਜ਼ :**
ਇੰਡੋ-ਅਮੈਰੀਕਨ ਸੀਨੀਅਰ ਸਿਟੀਜਨ ਐਸੋਸੀਏਸ਼ਨ ਸੈਨਹੋਜ਼ੇ ਦੀ ਮਾਸਿਕ ਮੀਟਿੰਗ ਮਿਲਪੀਟਸ ਦੇ ਸਵਾਗਤ ਰੈਸਟੋਰੈਂਟ ਵਿਚ ਹੋਈ। ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਤੇ ਸਲਾਹਕਾਰ ਐਡਵੋਕੇਟ ਅਜੀਤ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਬਿਕਰਮ ਸਿੰਘ, ਚਰਨਜੀਤ ਸਿੰਘ ਪੰਨੂ, ਹਰਦੇਵ ਸਿੰਘ ਅਟਵਾਲ ਨੇ ਉਨ੍ਹਾਂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਤੇ ਸ਼ਲਾਘਾ ਕੀਤੀ।



ਸਾਰੇ ਹਾਜ਼ਰ ਮੈਂਬਰਾਂ ਨੇ ਹਾਰ, ਗੁਲਦਸਤੇ, ਸਨਮਾਨ ਪੱਤਰ ਤੇ ਮੋਮੈਂਟੋ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਪਿਛਲੇ ਸਾਲਾਂ ਵਿਚ ਉਨ੍ਹਾਂ ਨੇ ਬਹੁਤ ਸਾਰੇ ਮੈਂਬਰਾਂ ਤੇ ਨਾਨ-ਮੈਂਬਰਾਂ ਨੂੰ ਆਰਥਿਕ, ਸਮਾਜਿਕ ਤੇ ਕਾਨੂੰਨੀ ਸੇਵਾਵਾਂ, ਮੁਫ਼ਤ ਸਲਾਹ ਮਸ਼ਵਰੇ ਦੇ ਕੇ ਉਨ੍ਹਾਂ ਦੀਆ ਮੁਸ਼ਕਲਾਂ ਦਾ ਹੱਲ ਕੀਤਾ। ਹਰ ਐਤਵਾਰ ਗੁਰਦੁਆਰਾ ਸੈਨਹੋਜ਼ੇ ਵਿਚ ਇਸ ਸਭਾ ਵੱਲੋਂ ਮੈਡੀਕਲ, ਸਿਟੀਜ਼ਨਸ਼ਿਪ ਤੇ ਹੋਰ ਸਰਕਾਰੀ ਤੇ ਗੈਰ-ਸਰਕਾਰੀ ਮਜ਼ਮੂਨਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਜਿਸ ਤੋਂ ਬਹੁਤ ਸਾਰੇ ਲੋੜਵੰਦ ਫ਼ਾਇਦਾ ਉਠਾਉਂਦੇ ਹਨ। ਹਰਦੇਵ ਸਿੰਘ ਅਟਵਾਲ, ਅਜੀਤ ਸਿੰਘ ਬਨਵੈਤ, ਸੂਰਤ ਸਿੰਘ, ਮੋਹਣ ਸਿੰਘ ਹੰਸ, ਪੂਰਨ ਸਿੰਘ ਗਰੇਵਾਲ, ਮੱਘਰ ਸਿੰਘ ਹੰਸ, ਹਰਜੀਤ ਸਿੰਘ, ਬਿਕਰਮ ਸਿੰਘ, ਸਰਬਜੀਤ ਸਿੰਘ ਰੰਧਾਵਾ, ਗੁਰਦਰਸ਼ਨ ਸਿੰਘ ਗਰੇਵਾਲ, ਕੁਲਦੀਪ ਸਿੰਘ ਧਨੋਆ, ਮਨਜੀਤ ਸਿੰਘ, ਮੱਖਣ ਗੁਪਤਾ, ਦਲਜੀਤ ਸਿੰਘ ਚੌਹਾਨ, ਬਲਬੀਰ ਸਿੰਘ ਲੱਧੜ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ ਸਿੰਘ ਸਾਰੇ ਮੈਂਬਰਾਂ ਨੇ ਉਨ੍ਹਾਂ ਨੂੰ ਮੁਬਾਰਕ ਕਹੀ ਤੇ ਲੰਬੀ ਉਮਰ ਦੀ ਦੁਆ ਕੀਤੀ। ਬਲਜਿੰਦਰ ਸਿੰਘ ਅਟਵਾਲ ਨੇ ਐਸੋਸੀਏਸ਼ਨ ਨੂੰ ਇਕ ਹਜ਼ਾਰ ਡਾਲਰ ਦਾ ਫੰਡ ਦਿੱਤਾ ਜਿਸ ਕਰਕੇ ਸਭਾ ਵੱਲੋਂ ਉਨ੍ਹਾਂ ਦੇ ਧੰਨਵਾਦ ਵਜੋਂ ਸਨਮਾਨ ਕੀਤਾ ਗਿਆ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear
Family Law • Divorce
Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਹਮਲੇ 'ਚ ਜ਼ਖ਼ਮੀ ਹੋਏ ਸਿੱਖ ਆਗੂ ਜੋਗਾ ਸਿੰਘ ਖਾਲਿਸਤਾਨੀ ਦੀ ਮੌਤ



**ਲੁਧਿਆਣਾ/ਬਿਊਰੋ ਨਿਊਜ਼:** ਥਾਣਾ ਹੈਬੋਵਾਲ ਦੇ ਘੇਰੇ ਅੰਦਰ ਪੈਂਦੇ ਇਲਾਕੇ ਚੂਹੜਪੁਰ ਰੋਡ 'ਤੇ ਪਿੰਡ ਬੱਲੋਕੇ ਨੇੜੇ ਬੀਤੀ 30 ਜੂਨ ਨੂੰ ਹਮਲਾਵਰਾਂ ਵੱਲੋਂ ਕੀਤੇ ਹਮਲੇ ਵਿਚ ਜ਼ਖਮੀ ਹੋਏ ਸਿੱਖ ਆਗੂ ਜੋਗਾ ਸਿੰਘ ਖਾਲਿਸਤਾਨੀ ਦੀ ਵੀਰਵਾਰ ਨੂੰ ਦਿਆਨੰਦ ਹਸਪਤਾਲ ਵਿਚ ਮੌਤ ਹੋ ਗਈ। ਪੁਲੀਸ ਨੇ ਇਸ ਮਾਮਲੇ ਵਿਚ ਜ਼ਖਮੀ ਹੋਏ ਸੁਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਕਥਾ ਵਾਚਕ ਭਾਈ ਸੰਦੀਪ ਸਿੰਘ ਸਮੇਤ 9 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ। ਇਸ ਹਮਲੇ ਤੋਂ ਕੁਝ ਦਿਨ ਪਹਿਲਾਂ 12 ਜੂਨ ਨੂੰ ਵਿਸ਼ਵਕਰਮਾ ਕਾਲੋਨੀ ਸਥਿਤ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਲੈ ਕੇ ਚੱਲ ਰਹੇ ਵਿਵਾਦ ਵਿਚ ਭਾਈ ਸੰਦੀਪ ਦੀ ਕੁਝ ਲੋਕਾਂ ਵੱਲੋਂ ਖਿੱਚਧੂਹ ਕੀਤੀ ਗਈ ਸੀ। ਇਸ ਮਾਮਲੇ ਵਿਚ ਪੁਲੀਸ ਵੱਲੋਂ ਜੋਗਾ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ, ਜਿਸ ਕਾਰਨ ਸੰਦੀਪ ਸਿੰਘ ਅਤੇ ਜੋਗਾ ਸਿੰਘ ਵਿਚਾਲੇ ਰੰਜਿਸ਼ ਚੱਲ ਰਹੀ ਸੀ । ਇਸ ਘਟਨਾ ਤੋਂ 18 ਦਿਨ ਬਾਅਦ ਜੋਗਾ ਸਿੰਘ 'ਤੇ ਹਮਲਾਵਰਾਂ ਵੱਲੋਂ ਹਮਲਾ ਕਰ ਦਿੱਤਾ ਗਿਆ। ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿਚ ਜੋਗਾ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਸੀ ਜਿਸ ਕਾਰਨ ਉਹ ਘਟਨਾ ਵਾਲੇ ਦਿਨ ਤੋਂ ਹੀ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ। ਵੀਰਵਾਰ ਦੁਪਹਿਰ ਬਾਅਦ ਉਨ੍ਹਾਂ ਦੀ ਹਾਲਤ ਅਚਾਨਕ ਵਿਗੜ ਗਈ ਤੇ ਉਨ੍ਹਾਂ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਜ਼ਿਲ੍ਹੇ ਦੇ ਉਚ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ। ਜਾਂਚ ਕਰ ਰਹੇ ਅਧਿਕਾਰੀ ਬਲਦੇਵ ਰਾਜ ਨੇ ਦੱਸਿਆ ਕਿ ਇਸ ਮਾਮਲੇ ਵਿਚ ਨਾਮਜ਼ਦ ਸੰਦੀਪ ਸਿੰਘ ਦੀ ਗ੍ਰਿਫਤਾਰੀ ਲਈ ਕਈ ਥਾਵਾਂ 'ਤੇ ਛਾਪੇ ਮਾਰੇ ਗਏ, ਪਰ ਉਹ ਪੁਲੀਸ ਦੇ ਹੱਥ ਨਹੀਂ ਆਇਆ। ਸਥਾਨਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਸੰਦੀਪ ਸਿੰਘ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ ਪਰ ਬਾਅਦ ਵਿਚ ਹਾਈਕੋਰਟ ਨੇ ਉਨ੍ਹਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਈ ਸੀ। ਪੁਲੀਸ ਵੱਲੋਂ ਜੋਗਾ ਸਿੰਘ ਦੀ ਮੌਤ ਤੋਂ ਬਾਅਦ ਇਸ ਮਾਮਲੇ ਵਿਚ ਧਾਰਾ 302 ਦਾ ਵਾਧਾ ਕੀਤਾ ਜਾ ਰਿਹਾ ਹੈ। ਪੁਲੀਸ ਨੇ ਇਸ ਮਾਮਲੇ ਵਿਚ ਨਾਮਜ਼ਦ ਕਥਿਤ ਦੋਸ਼ੀਆਂ ਵਿਚੋਂ 5 ਨੂੰ ਗ੍ਰਿਫਤਾਰ ਕਰ ਲਿਆ ਸੀ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਦੋਸ਼ੀਆਂ ਦੀ ਗ੍ਰਿਫਤਾਰੀ ਤੱਕ ਸਸਕਾਰ ਨਹੀਂ ਕਰਾਂਗੇ।

## ਜ਼ਮਾਨਤ 'ਤੇ ਰਿਹਾਅ ਮੁਲਜ਼ਮਾਂ 'ਚੋਂ ਦੋ ਗ੍ਰਿ਼ਫਤਾਰ

ਲੁਧਿਆਣਾ : ਸਿੱਖ ਆਗੂ ਜੋਗਾ ਸਿੰਘ ਦੀ ਮੌਤ 'ਤੇ ਮਾਮਲੇ ਵਿੱਚ ਜ਼ਮਾਨਤ 'ਤੇ ਰਿਹਾਅ ਹੋਏ ਮੁਲਜ਼ਮਾਂ ਵਿੱਚੋਂ ਮਨਪ੍ਰੀਤ ਸਿੰਘ ਮਾਣੂਕੇ ਅਤੇ ਸੁਰਜੀਤ ਸਿੰਘ ਨੂੰ ਪੁਲੀਸ ਨੇ ਦੁਬਾਰਾ ਗ੍ਰਿ਼ਫਤਾਰ ਕਰ ਲਿਆ ਹੈ। ਵਧੀਕ ਡਿਪਟੀ ਕਮਿਸ਼ਨਰ ਜ਼ੋਨ-3 ਰਤਨ ਸਿੰਘ ਬਰਾੜ ਨੇ ਦੱਸਿਆ ਕਿ ਥਾਣਾ ਹੈਬੋਵਾਲ ਵਿੱਚ ਸੁਖਵਿੰਦਰ ਸਿੰਘ ਵਾਸੀ ਗੋਬਿੰਦ ਨਗਰ ਵੱਲੋਂ ਦਰਜ ਸ਼ਿਕਾਇਤ 'ਤੇ ਆਧਾਰ 'ਤੇ ਕੀਤੀ ਜਾਂਚ ਦੌਰਾਨ ਦੋਸ਼ੀ ਪਾਏ ਗਏ ਰਣਦੀਪ ਸਿੰਘ ਉਰਫ਼ ਬਾਬਾ, ਮਨਪ੍ਰੀਤ ਸਿੰਘ ਉਰਫ਼ ਪੀਤਾ, ਸੁਰਜੀਤ ਸਿੰਘ, ਦਵਿੰਦਰ ਸਿੰਘ ਅਤੇ ਸੰਦੀਪ ਸਿੰਘ, ਜੋ ਹੁਣ ਜ਼ਮਾਨਤ 'ਤੇ ਰਿਹਾਅ ਕੀਤੇ ਹੋਏ ਸਨ, ਵਿਚੋਂ ਮਨਪ੍ਰੀਤ ਸਿੰਘ ਮਾਣੂਕੇ ਅਤੇ ਸੁਰਜੀਤ ਸਿੰਘ ਨੂੰ ਮੁੜ ਗ੍ਰਿ਼ਫਤਾਰ ਕਰ ਲਿਆ ਗਿਆ ਹੈ। ਘਰਾਂ ਤੋਂ ਫਰਾਰ ਬਾਕੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਸੰਭਾਵੀ ਟਿਕਾਣਿਆਂ 'ਤੇ ਛਾਪੇ ਮਾਰੇ ਜਾ ਰਹੇ ਹਨ। ਇਸ ਸਬੰਧੀ ਦੋ ਟੀਮਾਂ ਦਾ ਗਠਨ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੋਗਾ ਸਿੰਘ ਦੀ ਹਸਪਤਾਲ ਵਿੱਚ ਮੌਤ ਹੋਣ ਤੋਂ ਬਾਅਦ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਲੱਗੀਆਂ ਧਾਰਾਵਾਂ ਵਿੱਚ ਹੁਣ ਧਾਰਾ 302 ਵੀ ਜੋੜ ਦਿੱਤੀ ਗਈ ਹੈ।

# ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਵੱਲੋਂ ਭਾਈ ਜੋਗਾ ਸਿੰਘ ਦੇ ਸਦੀਵੀਂ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸਮੂਹ ਮੈਂਬਰਾਂ ਵੱਲੋਂ ਸਾਂਝੇ ਰੂਪ ਵਿਚ ਭਾਈ ਜੋਗਾ ਸਿੰਘ ਖਾਲਿਸਤਾਨੀ ਦੇ ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਜਾਣ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਪਾਰਟੀ ਦਾ ਕਹਿਣਾ ਹੈ ਕਿ ਭਾਈ ਜੋਗਾ ਸਿੰਘ ਦੀ ਮੌਤ ਦੇ ਨਾਲ ਜਿੱਥੇ ਪਰਿਵਾਰ ਨੂੰ ਤੇ ਮਾਸੂਮ ਬੱਚਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਥੇ ਹੀ ਸਿੱਖ ਪੰਥ ਦੇ ਹੱਥਾਂ ਵਿਚੋਂ ਇਕ ਸੁਨਹਿਰੀ ਹੀਰਾ ਖੋਹ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸੀਨੀਅਰ ਆਗੂਆਂ ਬੂਟਾ ਸਿੰਘ ਖੜੋਦ, ਸੁਰਜੀਤ ਸਿੰਘ ਕੁਲਾਰ, ਰੇਸ਼ਮ ਸਿੰਘ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਗੁਰਦੇਵ ਸਿੰਘ ਮਾਨ, ਅਮਨਦੀਪ ਸਿੰਘ, ਪਰਮਜੀਤ ਸਿੰਘ, ਸੁਖਵਿੰਦਰਾ ਸਿੰਘ ਗਿੱਲ, ਜੋਗਾ ਸਿੰਘ, ਸਰਬਜੀਤ ਸਿੰਘ, ਲਖਵੀਰ ਸਿੰਘ ਕੰਗ ਅਤੇ ਦਲਬੀਰ ਸਿੰਘ ਚੀਮਾ ਨੇ ਜਾਰੀ ਸਾਂਝੇ ਲਿਖਤੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਕਿ ਸਮੂਹ ਪੰਥ ਭਾਈ ਜੋਗਾ ਸਿੰਘ ਵੱਲੋਂ ਮੌਜੂਦਾ ਸੰਘਰਸ਼ ਵਿਚ ਪਾਏ ਯੋਗਦਾਨ ਤੋਂ ਜਾਣੂ ਹੈ। ਪੰਜਾਬ ਵਿਚਲਾ ਉਹ ਕਿਹੜਾ ਥਾਂ ਹੋਵੇਗਾ ਜਿਥੇ ਭਾਈ ਜੋਗਾ ਸਿੰਘ ਤੁਹਾਨੂੰ ਸੰਘਰਸ਼ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਨਜ਼ਰ ਨਹੀਂ ਆਇਆ ਹੋਵੇਗਾ। ਜਿਸ ਦਿਨ ਭਾਈ ਜੋਗਾ ਸਿੰਘ ਨੂੰ ਕੁਝ ਈਰਖਾਲੂ ਅਤੇ ਭਰਾਮਾਰੂ ਜੰਗ ਨੂੰ ਬੜਾਵਾ ਦੇਣ ਵਾਲੇ ਲੋਕਾਂ ਨੇ ਐਕਸੀਡੈਂਟ ਰਾਹੀਂ ਮਾਰਨਾ ਚਾਹਿਆ। ਉਸ ਦਿਨ ਵੀ ਉਹ ਵੀਰ ਨਵਾਂ ਸ਼ਹਿਰ ਜ਼ਿਲ੍ਹੇ ਦੇ ਕਸਬੇ ਬੰਗਾ ਵਿਚ ਹੋਏ ਰੋਸ ਮੁਜਾਹਰੇ ਵਿਚ ਸ਼ਾਮਲ ਹੋ ਕੇ ਆਪਣੇ ਪਿੰਡ ਵੱਲ ਜਾ ਰਹੇ ਸਨ। ਭਾਈ ਜੋਗਾ ਸਿੰਘ ਜਿੱਥੇ ਹਿੰਦੂਤਵੀ ਕੱਟੜਵਾਦੀ ਲੋਕਾਂ ਦੀਆਂ ਅੱਖਾਂ ਵਿਚ ਰੜਕਦਾ ਸੀ, ਉਥੇ ਹੀ ਪੰਜਾਬ ਸਰਕਾਰ ਤੇ ਅਖੌਤੀ ਪੰਥਕ ਲੋਕਾਂ ਦੀਆਂ ਨਜ਼ਰਾਂ ਵਿਚ ਰੜਕਦਾ ਸੀ। ਇਸ ਲਈ ਭਾਈ ਜੋਗਾ ਸਿੰਘ ਨੂੰ ਇਨ੍ਹਾਂ ਨੇ ਸ਼ਾਜਿਸ਼ ਅਧੀਨ ਕਤਲ ਕਰ ਦਿੱਤਾ।

ਬਿਆਨ ਵਿੱਚ ਉਚੇਚਾ ਜੋਰ ਦਿੱਤਾ ਗਿਆ ਕਿ ਤਕਰੀਬਨ

ਬਾਕੀ ਸਫ਼ਾ 32 'ਤੇ

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

SFO/LAX to DELHI
FARE as LOW as
Starting from
695 to 895
With Senior Citizens & Students Discount
(including taxes)



Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# 'ਆਪ' ਨੇ 29 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ ਕਰਕੇ ਵਿਰੋਧੀਆਂ ਨੂੰ ਪਛਾੜਿਆ

## ਸੁਖਪਾਲ ਖਹਿਰਾ, ਕੰਵਰ ਸੰਧੂ ਤੇ ਸੰਘੇੜਾ ਟਿਕਟਾਂ ਲੈਣ ਵਿੱਚ ਕਾਮਯਾਬ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਨੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ 29 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਪਾਰਟੀ ਇਸ ਤੋਂ ਪਹਿਲਾਂ 32 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਬਾਕੀ ਬਚਦੇ 56 ਉਮੀਦਵਾਰਾਂ ਵਿੱਚੋਂ 39 ਦਾ ਐਲਾਨ ਵੀ ਇਸ ਮਹੀਨੇ ਦੌਰਾਨ ਕਰਨ ਦੇ ਸੰਕੇਤ ਦਿੱਤੇ ਗਏ ਹਨ। ਟਿਕਟਾਂ ਦੇ ਐਲਾਨ ਵਿੱਚ 'ਆਪ' ਨੇ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਪਛਾੜ ਦਿੱਤਾ ਹੈ।

'ਆਪ' ਪੰਜਾਬ ਦੇ ਇੰਚਾਰਜ ਸੰਜੇ ਸਿੰਘ, ਸਹਿ ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ, ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਅਤੇ ਪ੍ਰਚਾਰ ਕਮੇਟੀ ਦੇ ਮੁਖੀ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਸਾਂਝੇ ਤੌਰ 'ਤੇ ਉਮੀਦਵਾਰਾਂ ਦਾ ਐਲਾਨ ਕੀਤਾ। ਇਸ ਸੂਚੀ ਵਿੱਚ ਕੇਵਲ ਪੰਜ ਉਮੀਦਵਾਰ ਹਿੰਦੂ ਭਾਈਚਾਰੇ ਨਾਲ ਸਬੰਧਤ ਹਨ, ਜਦੋਂ ਕਿ ਔਰਤਾਂ ਕੇਵਲ ਦੋ ਹਨ। ਤੀਜੀ ਸੂਚੀ ਵਿੱਚ ਕਾਂਗਰਸ ਛੱਡ ਕੇ ਆਏ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਉਨ੍ਹਾਂ ਦੇ ਪੁਰਾਣੇ ਹਲਕੇ ਭੁਲੱਥ ਤੋਂ ਟਿਕਟ ਦਿੱਤੀ ਗਈ ਹੈ। ਪੱਤਰਕਾਰ ਤੋਂ ਸਿਆਸਤਦਾਨ ਬਣੇ ਕੰਵਰ ਸੰਧੂ ਨੂੰ ਖਰੜ ਅਤੇ ਐਨਆਰਆਈ ਵਿੰਗ ਦੇ ਜਗਤਾਰ ਸਿੰਘ ਸੰਘੇੜਾ ਨੂੰ ਨਕੋਦਰ ਤੋਂ ਟਿਕਟ ਮਿਲੀ ਹੈ। ਤਰਨ ਤਾਰਨ ਵਿਧਾਨ ਸਭਾ ਹਲਕੇ ਤੋਂ ਪਦਮਸ੍ਰੀ ਭਲਵਾਨ ਕਰਤਾਰ ਸਿੰਘ ਅਤੇ ਨਵਾਂ ਸ਼ਹਿਰ ਤੋਂ ਪਿਛਲੇ ਦਿਨੀਂ ਕਾਂਗਰਸ ਛੱਡ ਕੇ ਝਾੜੂ ਫੜਨ ਵਾਲੇ ਸਾਬਕਾ ਸੰਸਦ ਮੈਂਬਰ ਤੇ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦਿੱਤੀ ਗਈ ਹੈ। ਸ਼ਾਹਕੋਟ ਤੋਂ ਡਾ. ਅਮਰਜੀਤ ਸਿੰਘ ਥਿੰਦ ਨੂੰ ਟਿਕਟ ਦਿੱਤੀ ਗਈ ਹੈ, ਜਦੋਂ ਕਿ ਇੱਥੋਂ ਪਾਰਟੀ ਦੇ ਮੀਤ ਪ੍ਰਧਾਨ ਕਰਨਲ ਸੀ.ਡੀ. ਸਿੰਘ ਕੰਬੋਜ ਮੁੱਖ ਦਾਅਵੇਦਾਰ ਸਨ। ਫਿਲੌਰ ਤੋਂ ਸਰੂਪ ਸਿੰਘ ਕੰਡਿਆਣਾ, ਜਲੰਧਰ (ਉੱਤਰੀ) ਤੋਂ ਗੁਲਸ਼ਨ ਸ਼ਰਮਾ ਅਤੇ ਜਲੰਧਰ (ਪੱਛਮੀ) ਤੋਂ ਦਰਸ਼ਨ ਲਾਲ ਭਗਤ ਨੂੰ ਟਿਕਟ ਮਿਲੀ ਹੈ।

ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਜਗਦੀਪ ਸਿੰਘ ਸੰਧੂ, ਭੋਆ ਤੋਂ ਵਿਨੋਦ ਕੁਮਾਰ, ਦੀਨਾਨਗਰ ਤੋਂ ਜੋਗਿੰਦਰ ਸਿੰਘ ਛੀਨਾ, ਡੇਰਾ ਬਾਬਾ ਨਾਨਕ ਤੋਂ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਆਦਮਪੁਰ ਤੋਂ ਹੰਸ ਰਾਜ ਰਾਣਾ, ਹਰਗੋਬਿੰਦਪੁਰ ਤੋਂ ਵਕੀਲ ਅਮਰਪਾਲ ਸਿੰਘ, ਮੁਕੇਰੀਆਂ ਤੋਂ ਸੁਲੱਖਣ ਸਿੰਘ ਜੱਗੀ, ਬਰਨਾਲਾ ਤੋਂ ਮੀਤ ਹੇਅਰ, ਸੁਜਾਨਪੁਰ ਤੋਂ ਵਕੀਲ ਕੁਲਭੂਸ਼ਣ ਸਿੰਘ ਮਿਨਹਾਸ, ਹੁਸ਼ਿਆਰਪੁਰ ਤੋਂ ਪਰਮਜੀਤ ਸਚਦੇਵਾ, ਬੰਗਾ ਤੋਂ ਹਰਜੋਤ ਕੌਰ, ਚਮਕੌਰ ਸਾਹਿਬ ਤੋਂ ਡਾ. ਚਰਨਜੀਤ ਸਿੰਘ, ਅਧਿਆਪਕ ਦੀ ਨੌਕਰੀ ਛੱਡ ਕੇ ਆਪ ਵਿੱਚ ਸ਼ਾਮਲ ਹੋਈ ਸਰਬਜੀਤ ਕੌਰ ਮਾਣੂੰਕੇ ਨੂੰ ਜਗਰਾਉਂ ਤੋਂ, ਨਿਹਾਲ ਸਿੰਘ ਵਾਲਾ ਤੋਂ ਮਨਜੀਤ ਸਿੰਘ ਬਿਲਾਸਪੁਰੀ, ਧਰਮਕੋਟ ਤੋਂ ਡਾ. ਰਣਜੀਤ ਸਿੰਘ ਸਰਾਂ, ਮਾਨਸਾ ਤੋਂ ਨਾਜਰ ਸਿੰਘ ਮਾਨਸ਼ਾਹੀਆ, ਬੇਰੁਜ਼ਗਾਰ ਲਾਈਨਮੈਨ ਯੂਨੀਅਨ ਪੰਜਾਬ ਦੇ ਪ੍ਰਧਾਨ ਪਿਰਮਲ ਸਿੰਘ ਨੂੰ ਭਦੌੜ ਤੋਂ, ਮਹਿਲ ਕਲਾਂ ਤੋਂ ਕੁਲਵੰਤ ਸਿੰਘ ਪੰਡੋਰੀ, ਸਮਾਣਾ ਤੋਂ ਜਗਤਾਰ ਸਿੰਘ ਰਾਜਲਾ ਅਤੇ ਫਤਹਿਗੜ੍ਹ ਸਾਹਿਬ ਤੋਂ ਲਖਬੀਰ ਸਿੰਘ ਰਾਏ ਨੂੰ ਟਿਕਟ ਦਿੱਤੀ ਗਈ ਹੈ ਸੂਤਰਾਂ ਅਨੁਸਾਰ ਪੰਜਾਬ ਦੀਆਂ ਪ੍ਰਚਾਰ ਅਤੇ ਸਕਰੀਨਿੰਗ ਕਮੇਟੀਆਂ ਨੇ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਅੱਗੇ 36 ਹਲਕਿਆਂ ਲਈ ਉਮੀਦਵਾਰਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਪਰ ਪੀਏਸੀ ਨੇ ਇਨ੍ਹਾਂ ਵਿੱਚੋਂ ਸੱਤ ਸੀਟਾਂ ਪੈਂਡਿੰਗ ਰੱਖ ਲਈਆਂ ਹਨ। ਇਸ ਮੌਕੇ ਸ੍ਰੀ ਵੜੈਚ ਨੇ ਕਿਹਾ ਕਿ ਉਨ੍ਹਾਂ ਇਸ ਮਹੀਨੇ ਦੌਰਾਨ ਐਲਾਨੇ ਉਮੀਦਵਾਰਾਂ ਦੀ ਕੁੱਲ ਸੂਚੀ ਘੱਟੋ-ਘੱਟ 100 ਤੱਕ ਲੈ ਜਾਣ ਦਾ ਟੀਚਾ ਮਿੱਥਿਆ ਹੈ।

ਇਸ ਮੌਕੇ ਸੰਜੈ ਸਿੰਘ ਨੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਝੂਠ ਫੈਲਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਭ ਤੋਂ ਪਹਿਲਾਂ ਸਰਜੀਕਲ ਅਪਰੇਸ਼ਨ ਕਰਨ ਦੇ ਮਾਮਲੇ ਵਿੱਚ ਭਾਰਤੀ ਸੈਨਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕੀਤੀ ਸੀ ਪਰ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਗੁਮਰਾਹਕੁਨ ਪ੍ਰਚਾਰ ਕਰ ਰਹੇ ਹਨ। 'ਆਪ' ਵੱਲੋਂ ਟਿਕਟਾਂ ਦਾ ਐਲਾਨ ਕਰਦਿਆਂ ਹੀ ਕੁੱਝ ਹਲਕਿਆਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ ਅਤੇ ਟਿਕਟਾਂ ਨੂੰ ਲੈ ਕੇ ਮੁੜ ਬਗਾਵਤ ਦੀਆਂ ਸੁਰਾਂ ਉਠ ਸਕਦੀਆਂ ਹਨ ਕਿਉਂਕਿ ਕਈ ਹਲਕਿਆਂ ਵਿੱਚ ਦਰਜਨ-ਦਰਜਨ ਆਗੂ ਟਿਕਟਾਂ ਦੇ ਦਾਅਵੇਦਾਰ ਸਨ।

# ਕੈਪਟਨ ਨੇ ਦਿੱਲੀ 'ਚ ਪਰਗਟ ਸਿੰਘ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਬਕਾ ਕ੍ਰਿਕਟਰ ਨਵਜੋਤ ਸਿੱਧੂ ਦੇ ਕਾਂਗਰਸ ਵਿੱਚ ਦਾਖਲੇ ਵਿਰੁੱਧ ਲਏ ਸਟੈਂਡ ਕਾਰਨ ਅਵਾਜ਼-ਏ-ਪੰਜਾਬ ਫਰੰਟ ਦੇ ਕਾਂਗਰਸ ਨਾਲ ਗੱਠਜੋੜ ਹੋਣ ਦੀ ਥਾਂ ਇਸ ਦੇ ਬਿਖਰਨ ਦੀ ਸੰਭਾਵਨਾ ਬਣਦੀ ਜਾਪਦੀ ਹੈ। ਦੂਜੇ ਪਾਸੇ ਕੈਪਟਨ ਨੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸ੍ਰੀ ਸਿੱਧੂ ਦੀ ਕਿਸੇ ਸੀਨੀਅਰ ਕਾਂਗਰਸ ਆਗੂ ਨਾਲ ਅਜੇ ਤਕ ਮੁਲਾਕਾਤ ਨਹੀਂ ਹੋ ਸਕੀ ਤੇ ਇਸ ਕਾਰਨ ਉਸ ਦਾ ਕਾਂਗਰਸ ਵਿੱਚ ਦਾਖ਼ਲ ਹੋਣ ਜਾਂ ਉਸ ਦੇ ਫਰੰਟ ਨਾਲ ਕਾਂਗਰਸ ਦੇ ਸਮਝੌਤੇ ਦੇ ਆਸਾਰ ਮੱਧਮ ਪੈਂਦੇ ਜਾ ਰਹੇ ਹਨ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰ ਚੁੱਕੇ ਪਰਗਟ ਸਿੰਘ ਦੀ ਦਿੱਲੀ ਵਿੱਚ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਦੇ ਘਰ ਮੀਟਿੰਗ ਹੋਈ, ਜਿਸ ਵਿੱਚ ਉਨ੍ਹਾਂ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਸਾਬਕਾ ਹਾਕੀ ਕਪਤਾਨ ਪਿਛਲੇ ਕੁਝ ਦਿਨਾਂ ਤੋਂ ਸਿੱਧੂ ਵੱਲੋਂ ਵਾਰ ਵਾਰ ਸਟੈਂਡ ਬਦਲਣ ਕਾਰਨ ਨਾਖੁਸ਼ ਜਾਪਦੇ ਹਨ ਤੇ ਬਦਲ ਰਹੀ ਰਾਜਨੀਤਕ ਸਥਿਤੀ ਦੇ ਮੱਦੇਨਜ਼ਰ ਉਨ੍ਹਾਂ ਨੂੰ ਕੋਈ ਆਜ਼ਾਦਾਨਾ ਫੈਸਲਾ ਕਰਨਾ ਪੈਣਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਾਲ ਉਨ੍ਹਾਂ ਦੀ ਮੀਟਿੰਗ ਇਸੇ ਦਿਸ਼ਾ ਵੱਲ ਸੰਕੇਤ ਕਰਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਨਾਲ ਪਾਰਟੀ ਨੂੰ ਕੋਈ ਲਾਹਾ ਮਿਲਣ ਵਾਲਾ ਨਹੀਂ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਰਗਟ ਸਿੰਘ ਵੱਲੋਂ ਅਕਾਲੀ ਦਲ ਨਾਲੋਂ ਤੋੜ ਵਿਛੋੜਾ ਕਰਨ ਤੋਂ ਬਾਅਦ ਆਪਣੇ ਕਰੀਬੀਆਂ ਨੂੰ ਉਸ ਕੋਲ ਭੇਜਿਆ ਸੀ ਪਰ ਉਸ ਸਮੇਂ ਉਹ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਸਹਿਮਤ ਨਹੀਂ ਹੋਏ ਅਤੇ ਉਨ੍ਹਾਂ ਬੈਂਸ ਭਰਾਵਾਂ ਤੇ ਨਵਜੋਤ ਸਿੱਧੂ ਨਾਲ ਮਿਲ ਕੇ ਅਵਾਜ਼-ਏ-ਪੰਜਾਬ ਫਰੰਟ ਬਣਾਉਣ ਦਾ ਫੈਸਲਾ ਕਰ ਲਿਆ।

ਇਸ ਤੋਂ ਬਾਅਦ ਸ੍ਰੀ ਸਿੱਧੂ ਨੇ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਵੀ ਕੀਤੀ ਪਰ ਮਾਮਲਾ ਉਸ ਤੋਂ ਅੱਗੇ ਨਹੀਂ ਵਧ ਸਕਿਆ। ਪਰਗਟ ਸਿੰਘ ਅਤੇ ਬੈਂਸ ਭਰਾ ਇਸ ਫਰੰਟ ਦੀਆਂ ਸਰਗਰਮੀਆਂ ਸ਼ੁਰੂ ਕਰਨਾ ਚਾਹੁੰਦੇ ਸਨ ਤੇ ਇਸ ਸਿਲਸਿਲੇ ਵਿੱਚ ਉਨ੍ਹਾਂ ਦਿੱਲੀ ਵਿੱਚ ਕੁਝ ਮੀਟਿੰਗਾਂ ਕੀਤੀਆਂ। ਆਵਾਜ਼-ਏ-ਪੰਜਾਬ, ਕਾਂਗਰਸ ਤੇ ਆਮ ਆਦਮੀ ਪਾਰਟੀ ਵੱਲੋਂ ਗੱਠਜੋੜ ਲਈ ਸੱਦਾ ਮਿਲਣ ਦੀ ਉਡੀਕ ਕਰ ਰਿਹਾ ਹੈ ਪਰ ਦੋਵਾਂ ਵੱਲੋਂ ਸੱਦਾ ਦੇਣ ਦੇ ਆਸਾਰ ਮੱਧਮ ਹਨ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਅਕਾਲੀ ਦਲ ਦਾ ਆਪਣਾ ਸਰਵੇਖਣ

# ਮਾਝੇ 'ਚ ਹਾਲਤ ਚੰਗੀ, ਦੁਆਬੇ 'ਚ ਕਾਂਗਰਸ ਦੀ ਝੰਡੀ ਤੇ ਮਾਲਵੇ 'ਚ 'ਆਪ' ਤੋਂ ਖ਼ਤਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਚੋਣਾਂ ਸਬੰਧੀ ਖ਼ੁਦ ਕਰਵਾਏ ਸਰਵੇਖਣ ਨਾਲ ਹੌਸਲੇ ਵਿੱਚ ਲੱਗਦਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਅਕਾਲੀ ਨੇਤਾਵਾਂ ਨਾਲ ਸਰਵੇਖਣ ਦੇ ਨੁਕਤੇ ਸਾਂਝੇ ਕਰਦਿਆਂ ਦਾਅਵਾ ਕੀਤਾ ਹੈ ਕਿ ਮਾਝੇ ਵਿੱਚ ਦਲ ਲਈ ਰਾਹਤ ਦੀ ਰਿਪੋਰਟ ਹੈ ਪਰ ਦੁਆਬਾ ਕਾਂਗਰਸ ਦੀ ਪਕੜ ਵਿੱਚ ਹੈ। ਅਕਾਲੀ ਦਲ ਨੂੰ ਮਾਲਵਾ ਹੱਥੋਂ ਖਿਸਦਾ ਨਜ਼ਰ ਆ ਹੈ। ਉਥੇ ਆਮ ਆਦਮੀ ਪਾਰਟੀ (ਆਪ) ਵੱਲੋਂ ਅਕਾਲੀ ਦਲ ਅਤੇ ਕਾਂਗਰਸ ਦੇ ਵੋਟ ਬੈਂਕ ਨੂੰ ਖੋਰਾ ਲਾਉਣ ਦੀ ਗੱਲ ਕਹੀ ਜਾ ਰਹੀ ਹੈ। ਅਕਾਲੀ ਦਲ ਮੁਤਾਬਕ ਮਾਲਵੇ ਦੇ 6 ਜ਼ਿਲ੍ਹਿਆਂ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਮੋਗਾ ਅਤੇ ਫ਼ਰੀਦਕੋਟ ਵਿੱਚ 'ਆਪ' ਦਾ ਹੋਰ ਪਾਰਟੀਆਂ ਦੇ ਮੁਕਾਬਲੇ ਜ਼ਿਆਦਾ ਅਧਾਰ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੇ ਸੱਤਾ 'ਤੇ ਕਬਜ਼ਾ ਕਾਇਮ ਰੱਖਣ ਲਈ ਰਾਖਵੀਆਂ ਸੀਟਾਂ 'ਤੇ ਧਿਆਨ ਕੇਂਦਰਤ ਕਰ ਦਿੱਤਾ ਹੈ। ਇਸ ਤਹਿਤ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਹੈ। ਹਾਕਮ ਪਾਰਟੀ ਨੂੰ ਲੱਗਦਾ ਹੈ ਕਿ ਰਾਖਵੇਂ ਹਲਕੇ ਚੋਣਾਂ ਵਿਚ ਉਸ ਨੂੰ ਕੁੱਝ ਸਹਾਰਾ ਦੇ ਸਕਦੇ ਹਨ।

ਅਕਾਲੀ ਸੂਤਰਾਂ ਮੁਤਾਬਕ ਸੁਖਬੀਰ ਸਿੰਘ ਬਾਦਲ ਵੱਲੋਂ ਕਰਵਾਏ ਤਾਜ਼ਾ ਸਰਵੇਖਣ ਰਾਹੀਂ ਅਕਾਲੀ ਦਲ ਆਪਣੇ ਆਪ ਨੂੰ 'ਮੁਕਾਬਲੇ' ਵਿੱਚ ਮੰਨਣ ਲੱਗਾ ਹੈ। ਰਾਜ ਦਾ ਸਭ ਤੋਂ ਵੱਡਾ ਖੇਤਰ ਮਾਲਵਾ ਹੈ, ਜਿੱਥੇ 67 ਸੀਟਾਂ ਹਨ। ਅਕਾਲੀ ਦਲ ਖ਼ੁਦ ਮੰਨਦਾ ਹੈ ਕਿ ਇਸ ਖਿੱਤੇ ਦੇ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਮੋਗਾ ਅਤੇ ਫ਼ਰੀਦਕੋਟ ਵਿੱਚ ਹੀ 'ਆਪ' ਪੱਕੇ ਪੈਰੀਂ ਹੈ। ਸੂਤਰਾਂ ਮੁਤਾਬਕ ਇਹ ਤੱਥ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਏਜੰਸੀ ਰਾਹੀਂ ਕਰਵਾਏ ਸਰਵੇਖਣ ਦੌਰਾਨ ਸਾਹਮਣੇ ਆਏ ਹਨ ਜੋ ਸੀਨੀਅਰ ਆਗੂਆਂ ਦੇ ਸਾਹਮਣੇ ਰੱਖੇ ਗਏ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਕੀਤੀ ਹੈ।

ਹਾਕਮ ਧਿਰ ਨੂੰ ਰਾਖਵੀਂਆਂ ਸੀਟਾਂ ਦੇ ਸਹਾਰੇ ਸੱਤਾ 'ਤੇ ਕਬਜ਼ਾ ਬਣਾਈ ਰੱਖਣ ਦੀ ਉਮੀਦ ਹੈ। ਪੰਜਾਬ ਵਿੱਚ ਇਸ ਸਮੇਂ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਗਿਣਤੀ 34 ਹੈ। ਸ਼੍ਰੋਮਣੀ ਅਕਾਲੀ ਦਲ ਨੇ ਰਣਨੀਤੀ ਬਣਾਈ ਹੈ ਕਿ ਇਨ੍ਹਾਂ ਹਲਕਿਆਂ ਵਿੱਚੋਂ ਜ਼ਿਆਦਾ ਤੋਂ ਜ਼ਿਆਦਾ ਸੀਟਾਂ ਹਥਿਆਈਆਂ ਜਾਣ। ਅਕਾਲੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਹਾਕਮ ਧਿਰ ਦੇ ਉਮੀਦਵਾਰ ਹੋਰ ਪਾਰਟੀਆਂ ਦੇ ਮੁਕਾਬਲੇ ਚੋਣਾਂ ਵਿੱਚ ਪੈਸਾ ਵੀ ਜ਼ਿਆਦਾ ਖ਼ਰਚ ਕਰ ਸਕਦੇ ਹਨ।

# ਭਾਰਤੀਆਂ ਲਈ ਤੋਹਫ਼ਾ-ਡਾਕ ਟਿਕਟ 'ਦੀਵਾਲੀ ਫਾਰਐਵਰ' ਜਾਰੀ

**ਨਿਊਯਾਰਕ/ਬਿਊਰੋ ਨਿਊਜ਼ :**
ਅਮਰੀਕੀ ਡਾਕ ਸੇਵਾਵਾਂ ਨੇ ਇਥੇ ਦੀਵਾਲੀ ਸਬੰਧੀ ਡਾਕ ਟਿਕਟ ਜਾਰੀ ਕੀਤੀ ਹੈ। ਭਾਰਤੀ ਮੂਲ ਦੇ ਅਮਰੀਕੀਆਂ ਅਤੇ ਪ੍ਰਭਾਵਸ਼ਾਲੀ ਅਮਰੀਕੀ ਸੰਸਦ ਮੈਂਬਰਾਂ ਦੀਆਂ ਸੱਤ ਸਾਲਾਂ ਦੀਆਂ ਕੋਸ਼ਿਸ਼ਾਂ ਮਗਰੋਂ ਰੌਸ਼ਨੀਆਂ ਦੇ ਇਸ ਤਿਉਹਾਰ ਮੌਕੇ ਇਸ ਕੋਸ਼ਿਸ਼ ਨੂੰ ਬੂਰ ਪਿਆ ਹੈ। ਭਾਰਤੀ ਵਣਜ ਦੂਤਘਰ ਵਿਚ ਸਮਾਗਮ ਦੌਰਾਨ ਇਸ ਡਾਕ ਟਿਕਟ ਦੀ ਘੁੰਡ ਚੁਕਾਈ ਕੀਤੀ ਗਈ। ਅਮਰੀਕੀ ਡਾਕ ਸੇਵਾ (ਯੂ. ਐਸ.ਪੀ.ਐਸ.) ਨੇ 'ਦੀਵਾਲੀ ਫਾਰਐਵਰ' ਡਾਕ ਟਿਕਟ ਜਾਰੀ ਕਰ ਕੇ ਭਾਰਤੀਆਂ ਨੂੰ ਇਸ ਪਵਿੱਤਰ ਤਿਉਹਾਰ 'ਤੇ ਖ਼ੂਬਸੂਰਤ ਤੋਹਫ਼ਾ ਦਿੱਤਾ ਹੈ। ਸੁਨਿਹਰੀ ਬੈਂਕਰਾਊਂਡ ਵਿਚ ਪੁਰਾਣੇ ਰੀਤੀ ਰਿਵਾਜ਼ਾਂ ਅਨੁਸਾਰ ਜਗਦੇ ਹੋਏ ਦੀਵਿਆਂ ਨੂੰ ਸਥਾਨ ਦਿੱਤਾ ਗਿਆ ਹੈ ਅਤੇ ਨਾਲ ਹੀ ਇਸ ਦੇ ਹੇਠਾਂ ਲਿਖਿਆ ਹੈ 'ਫਾਰਐਵਰ ਯੂ.ਐਸ.ਏ. 2016'। ਸਮਾਗਮ ਵਿਚ ਵਣਜ ਕੌਂਸਲਰ ਰੀਵਾ ਗਾਂਗੁਲੀ ਦਾਸ, ਸੰਸਦ ਮੈਂਬਰ ਕੈਰੋਲਿਨ ਮਾਲੋਨੀ, ਦੀਵਾਲੀ ਟਿਕਟ ਪਰਿਯੋਜਨਾ ਪ੍ਰਧਾਨ ਰੰਜੂ ਬੱਤਰਾ, ਯੂ.ਐਸ.ਪੀ.ਐਸ. ਉਪ ਪ੍ਰਧਾਨ ਪ੍ਰਥਾ ਮਹਿਰਾ, ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਾਬਕਾ ਸਥਾਈ ਪ੍ਰਤੀਨਿਧ ਹਰਦੀਪ ਸਿੰਘ ਪੁਰੀ ਅਤੇ ਪ੍ਰਸਿੱਧ ਭਾਰਤੀ ਮੂਲ ਦੇ ਅਮਰੀਕੀ ਵਕੀਲ ਰਵੀ ਬੱਤਰਾ ਸ਼ਾਮਲ ਹੋਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਇਕ ਹੋਰ ਸਿੱਖ ਨਸਲੀ ਹਿੰਸਾ ਦਾ ਸ਼ਿਕਾਰ

## *ਹਮਲਾਵਰਾਂ ਨੇ ਮਾਨ ਸਿੰਘ ਖ਼ਾਲਸਾ ਦੇ ਚਾਕੂ ਨਾਲ ਵਾਲ ਕੱਟੇ*

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕਾ ਵਿੱਚ 41 ਸਾਲਾ ਸਿੱਖ ਮਾਨ ਸਿੰਘ ਖ਼ਾਲਸਾ 'ਤੇ ਕੁਝ ਵਿਅਕਤੀਆਂ ਨੇ ਹਮਲਾ ਕੀਤਾ ਅਤੇ ਉਸ ਦੀ ਪੱਗ ਲਾਹ ਕੇ ਵਾਲ ਚਾਕੂ ਨਾਲ ਕੱਟ ਦਿੱਤੇ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਆਈਟੀ ਮਾਹਰ ਮਾਨ ਸਿੰਘ 25 ਸਤੰਬਰ ਦੀ ਰਾਤ ਆਪਣੀ ਗੱਡੀ ਵਿਚ ਘਰ ਆ ਰਿਹਾ ਸੀ ਕਿ ਰਾਹ ਵਿੱਚ ਕੁਝ ਵਿਅਕਤੀਆਂ ਨੇ ਉਸ 'ਤੇ ਹਮਲਾ ਕਰਕੇ ਉਸ ਦੀ ਪੱਗ ਲਾਹ ਦਿੱਤੀ ਤੇ ਮੁੱਠੀ ਭਰ ਕੇ ਵਾਲ ਵੀ ਕੱਟ ਦਿੱਤੇ। ਸ੍ਰੀ ਖਾਲਸਾ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਗਿਣਤੀ ਵਿੱਚ ਛੇ ਸਨ ਜਿਨ੍ਹਾਂ ਵਿੱਚੋਂ ਪੰਜ ਗੋਰੇ ਸਨ। ਹਮਲਾਵਰਾਂ ਨੇ ਸ੍ਰੀ ਖਾਲਸਾ ਨੂੰ ਹੋਰ ਸੱਟਾਂ ਵੀ ਮਾਰੀਆਂ। ਉਨ੍ਹਾਂ ਨੇ ਮਾਨ ਸਿੰਘ ਨੂੰ ਦੇਖਦਿਆਂ ਹੀ ਰੌਲਾ ਪਾਇਆ ਕਿ ਇਸ ਦੇ ਵਾਲ ਕੱਟ ਦਿਓ ਤੇ ਕਾਰ ਦੀ ਖਿੜਕੀ ਵਿਚੋਂ ਹੀ ਉਸ ਦਾ ਸਿਰ ਧੂਹ ਲਿਆ ਤੇ ਪੱਗ ਲਾਹ ਕੇ ਚਾਕੂ ਨਾਲ ਵਾਲ ਕੱਟ ਦਿੱਤੇ। ਖ਼ਾਲਸਾ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਹ ਵਿਅਕਤੀ ਉਸ ਦਾ ਲਗਾਤਾਰ ਪਿਛਾ ਕਰਦੇ ਰਹੇ ਤੇ ਖਿੜਕੀ ਰਾਹੀਂ ਵਾਰ ਵਾਰ ਉਸ 'ਤੇ ਹਮਲਾ ਕਰਦੇ ਰਹੇ। ਸ੍ਰੀ ਖ਼ਾਲਸਾ ਨੇ



ਕਿਹਾ ਕਿ ਇਹ ਵਿਅਕਤੀ 20 ਤੋਂ 30 ਦੀ ਉਮਰ ਦੇ ਵਿਚਾਲੇ ਸਨ। ਇਨ੍ਹਾਂ ਵਿਚੋਂ ਸਾਰੇ ਉਸ 'ਤੇ ਨਸਲੀ ਟਿੱਪਣੀਆਂ ਕਰ ਰਹੇ ਸਨ ਤੇ ਤਿੰਨ ਜਣੇ ਲਗਾਤਾਰ ਉਸ 'ਤੇ ਵਾਰ ਕਰ ਰਹੇ ਸਨ। ਇਸ ਹਮਲੇ ਵਿਚ ਖਾਲਸਾ ਦੀਆਂ ਉਂਗਲਾਂ, ਹੱਥ, ਅੱਖਾਂ ਤੇ ਦੰਦਾਂ 'ਤੇ ਸੱਟ ਲੱਗੀ ਹੈ। ਨਾਗਰਿਕ ਅਧਿਕਾਰ ਜਥੇਬੰਦੀ 'ਦਿ ਸਿੱਖ ਕੁਲੀਸ਼ਨ' ਨੇ ਇਸ ਘਟਨਾ ਦੀ ਜਾਂਚ ਨਫਰਤ ਤੋਂ ਪ੍ਰੇਰਿਤ ਅਪਰਾਧ ਵਜੋਂ ਕਰਨ ਦੀ ਮੰਗ ਕੀਤੀ ਹੈ। ਸਿੱਖ ਕਲੀਜ਼ਨ ਨੇ ਖ਼ਾਲਸਾ ਦੀ ਤਰਫ਼ੋਂ ਰਿਚਮੰਡ ਪੁਲੀਸ ਵਿਭਾਗ ਅਤੇ ਕੋਂਟਰਾ ਕੋਸਟਾ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਦਰਖ਼ਾਸਤ ਦਿੱਤੀ ਹੈ ਕਿ ਇਸ ਮਾਮਲੇ ਦੀ ਨਸਲੀ ਹਮਲੇ ਤਹਿਤ ਜਾਂਚ ਕੀਤੀ ਜਾਵੇ। ਖ਼ਾਲਸਾ ਨੇ ਕਿਹਾ ਹੈ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਅਮਰੀਕਾ ਵਿਚ ਅਜਿਹੇ ਹਮਲਿਆਂ 'ਤੇ ਕਾਬੂ ਪਾਇਆ ਜਾ ਸਕੇ। ਸਿੱਖ ਕਲੀਜ਼ਨ ਦੀ ਲੀਗਲ ਡਾਇਰੈਕਟਰ ਹਰਸਿਮਰਨ ਕੌਰ ਨੇ ਅਥਾਰਟੀ ਨੂੰ ਜ਼ੋਰ ਪਾ ਕੇ ਕਿਹਾ ਹੈ ਕਿ ਸ੍ਰੀ ਖ਼ਾਲਸਾ ਅਤੇ ਉਸ ਦੀ ਸਿੱਖੀ ਦੀ ਪਛਾਣ 'ਤੇ ਹੋਏ ਇਸ ਨਸਲੀ ਹਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇ।

### ਦੋ ਗੋਰੇ ਗ੍ਰਿਫ਼ਤਾਰ

ਸਾਨ ਫਰਾਂਸਿਸਕੋ : ਆਈਟੀ ਮਾਹਰ ਮਾਨ ਸਿੰਘ ਖ਼ਾਲਸਾ ਉਤੇ ਹਮਲੇ ਸਬੰਧੀ ਪੁਲੀਸ ਨੇ ਦੋ ਗੋਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਰਿਚਮੰਡ ਪੁਲੀਸ ਨੇ ਦੱਸਿਆ ਕਿ ਇਸ ਹਮਲੇ ਵਿੱਚ ਡਸਟਿਨ ਅਲਬਰਾਡੋ (25) ਅਤੇ ਚੇਜ਼ ਲਿਟਲ (31) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਤੀਜੇ ਹਮਲਾਵਰ ਅਤੇ ਦੋ ਸਾਥੀ ਹਾਲੇ ਗ੍ਰਿਫ਼ਤ ਵਿਚੋਂ ਬਾਹਰ ਹਨ।

# ਖਾਲਿਸਤਾਨ ਬਾਰੇ ਪਟੀਸ਼ਨ ਦੀ ਹਮਾਇਤ ਕਰਨ ਤੋਂ ਵਾਈਟ ਹਾਊਸ ਨੇ ਕੀਤਾ ਇਨਕਾਰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਵਾਈਟ ਹਾਊਸ ਨੇ ਖਾਲਿਸਤਾਨ ਦੀ ਹਮਾਇਤ ਦੀ ਮੰਗ ਕਰਨ ਵਾਲੀ ਇਕ ਪਟੀਸ਼ਨ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਨੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਪਿਛਲੇ ਸਾਲ ਭਾਰਤ ਦੌਰੇ ਦੌਰਾਨ ਕੀਤੀਆਂ ਇਨ੍ਹਾਂ ਟਿੱਪਣੀਆਂ ਨੂੰ ਸ਼ਾਮਲ ਕੀਤਾ ਹੈ ਕਿ ਭਾਰਤ ਇੰਨਾ ਲੰਬਾ ਸਮਾਂ ਤਾਂ ਹੀ ਸਫਲ ਰਿਹਾ ਹੈ ਕਿਉਂਕਿ ਇਹ ਧਾਰਮਿਕ ਲੀਹਾਂ 'ਤੇ ਨਹੀਂ ਵੰਡਿਆ ਗਿਆ। ਵੱਖਵਾਦੀ ਸਿੱਖ ਪਟੀਸ਼ਨ ਜਿਸ 'ਤੇ ਇਕ ਲੱਖ ਤੋਂ ਵੀ ਵੱਧ ਦਸਤਖਤ ਕੀਤੇ ਗਏ ਸਨ ਦੇ ਜਵਾਬ ਵਿਚ ਵਾਈਟ ਹਾਊਸ ਨੇ ਕਿਹਾ ਕਿ ਅਸੀਂ ਇਸ ਪਲੇਟਫਾਰਮ 'ਤੇ ਸ਼ਾਮਲ ਹੋਣ ਲਈ ਤੁਹਾਡੀ ਸ਼ਲਾਘਾ ਕਰਦੇ ਹਾਂ ਪਰ ਤੁਹਾਡੀ ਪਟੀਸ਼ਨ 'ਤੇ ਉਠਾਏ ਗਏ ਵਿਸ਼ੇਸ਼ ਨੀਤੀ ਮੁੱਦੇ 'ਤੇ ਟਿੱਪਣੀ ਨਹੀਂ ਕਰ ਸਕਦੇ। ਨਿਸਚਿਤ ਕੀਤੇ 60 ਦਿਨਾਂ ਦੇ ਅੰਦਰ ਅੰਦਰ 10 ਜੁਲਾਈ ਨੂੰ ਤਿਆਰ ਕੀਤੀ ਪਟੀਸ਼ਨ ਦੇ ਜਵਾਬ ਵਿਚ ਵਾਈਟ ਹਾਊਸ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਾਰੇ ਲੋਕਾਂ ਲਈ ਉਨ੍ਹਾਂ ਦੇ ਵਤਨ ਤੇ ਵਿਦੇਸ਼ ਵਿਚ ਧਾਰਮਿਕ ਆਜ਼ਾਦੀ ਦੀ ਰਾਖੀ ਨੂੰ ਉਤਸ਼ਾਹਿਤ ਕਰਨ ਨੂੰ ਤਰਜੀਹ ਦਿੱਤੀ ਹੈ। ਇਸੇ ਦੌਰਾਨ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਭਾਰਤ ਵਿਚ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਨਾ ਦੇਣ ਵਿਰੁੱਧ ਰਾਸ਼ਟਰਪਤੀ ਓਬਾਮਾ ਤੋਂ ਹਾਂਪੱਖੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਓਬਾਮਾ ਪ੍ਰਸ਼ਾਸਨ ਨੇ ਕਿਹਾ ਕਿ ਅਮਰੀਕਾ ਨੇ ਭਾਰਤ ਵਿਚ 1984 ਦੀ ਹਿੰਸਾ ਦੌਰਾਨ ਸਿੱਖ ਭਾਈਚਾਰੇ ਦੇ ਮੈਂਬਰਾਂ ਖਿਲਾਫ ਕੀਤੇ ਅੱਤਿਆਚਾਰਾਂ ਸਮੇਤ ਮਾਨਵੀ ਹੱਕਾਂ ਦੀ ਉਲੰਘਣਾ ਦੇ ਮੁੱਦਿਆਂ 'ਤੇ ਨਜ਼ਰ ਰੱਖੀ ਹੈ ਅਤੇ ਜਨਤਕ ਰੂਪ ਵਿਚ ਆਵਾਜ਼ ਉਠਾਈ ਹੈ।

# ਸਿੱਖ ਕਲਚਰਲ ਸੋਸਾਇਟੀ ਚੋਣਾਂ 23 ਅਕਤੂਬਰ ਨੂੰ

**ਰਿਚਮੰਡਹਿਲ/ਬਿਊਰੋ ਨਿਊਜ਼ :** ਗੁਰੂ ਘਰ ਸਿੱਖ ਕਲਚਰਲ ਸੋਸਾਇਟੀ 118 ਸਟਰੀਟ 95 ਐਵਨਿਊ ਦੀਆਂ ਚੋਣਾਂ 23 ਅਕਤੂਬਰ ਨੂੰ ਰੋਆਇਲ ਪੈਲੇਸ 118 ਸਟਰੀਟ ਐਟਲਾਂਟਿਕ ਐਵਨਿਊ 'ਤੇ 6:00 ਵਜੇ ਤੋਂ ਲੈ ਕੇ ਸ਼ਾਮ ਦੇ 7:00 ਵਜੇ ਤੱਕ ਹੋ ਰਹੀਆਂ ਹਨ। ਇਸ ਸਬੰਧ ਵਿਚ ਕਈ ਮਹੀਨਿਆਂ ਤੋਂ ਅਦਾਲਤ ਵਿਚ ਕੇਸ ਚੱਲ ਰਿਹਾ ਸੀ। ਜੱਜ ਨੇ ਪਿਛਲੇ ਹਫ਼ਤੇ ਫੈਸਲਾ ਸਣਾਉਂਦਿਆਂ ਸਾਰੇ ਕੇਸ ਰੱਦ ਕਰ ਦਿੱਤੇ ਸਨ। ਇਸ ਸਬੰਧੀ ਮੌਜੂਦਾ ਕਮੇਟੀ ਦੇ ਕੁਝ ਮੈਂਬਰ ਨੇ ਆਪਣੇ ਸਹਿਯੋਗੀਆਂ ਨਾਲ ਫੇਰ ਅਪੀਲ ਕੀਤੀ ਸੀ ਕਿ ਚੋਣਾਂ ਅੱਗੇ ਪਾਈਆਂ ਜਾਣ ਪਰ ਜੱਜ ਨੇ ਇਕ ਵਾਰ ਫਿਰ ਉਨ੍ਹਾਂ ਦੀਆਂ ਸਾਰੀਆਂ ਅਪੀਲਾਂ ਰੱਦ ਕਰ ਦਿੱਤੀਆਂ ਹਨ। ਚੋਣ ਕਮੇਟੀ ਮੈਂਬਰ ਮਨਜਿੰਦਰ ਕੌਰ ਢਿੱਲੋਂ, ਹਰਿਦਰ ਸਿੰਘ, ਮੋਹਣ ਸਿੰਘ ਖਟੜ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਪਹਿਲਾਂ ਵਾਂਗ ਹੀ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ। ਚੋਣ ਕਰਾਉਣ ਵਾਲੀ ਕੰਪਨੀ ਵਲੋਂ ਸੁੱਰਖਿਆ ਦੇ ਪੁਖ਼ਤਾ ਇੰਤਜ਼ਾਮ ਕਰਕੇ ਪੁਲੀਸ ਨੂੰ ਵੀ ਸੂਚਿਤ ਕੀਤਾ ਗਿਆ ਹੈ। ਚੋਣਾਂ ਵਿਚ ਹਿੱਸਾ ਲੈਣ ਲਈ ਨਾਮਜ਼ਦਗੀਆਂ ਦੀ ਆਖਰੀ ਤਰੀਕ 14 ਅਕਤੂਬਰ ਹੈ ਅਤੇ 16 ਅਕਤੂਬਰ ਨੂੰ 12:00 ਵਜੇ ਤੋਂ 8:00 ਵਜੇ ਤੱਕ ਕਾਗਜ਼ ਵਾਪਸ ਲਏ ਜਾ ਸਕਦੇ ਹਨ। ਆਮ ਸੰਗਤਾਂ ਵਿਚ ਇਸ ਚੋਣ ਨੂੰ ਲੈ ਕੇ ਕਾਫ਼ੀ ਉਤਸ਼ਾਹ ਹੈ ਕਿਉਂਕਿ ਜੁਲਾਈ 2012 ਵਿਚ ਚੋਣ ਹੋਈ ਸੀ ਅਤੇ ਹੁਣ ਕਿਸੇ ਵੀ ਨਵੀਂ ਕਮੇਟੀ ਦੇ ਚੁਣੇ ਜਾਣ ਦਾ ਉਤਸ਼ਾਹ ਅਤੇ ਇੰਤਜ਼ਾਰ ਹੈ।

# ਅਮਰੀਕੀਆਂ ਨਾਲ ਧੋਖਾਧੜੀ ਕਰਨ ਵਾਲੇ ਮੁੰਬਈ ਦੇ ਕਾਲ ਸੈਂਟਰਾਂ 'ਤੇ ਛਾਪਾ

## *ਪੁਲੀਸ ਨੇ 700 ਦੇ ਕਰੀਬ ਮੁਲਾਜ਼ਮਾਂ ਨੂੰ ਹਿਰਾਸਤ 'ਚ ਲੈ ਕੇ ਕੀਤੀ ਪੁਛਗਿਛ*

**ਥਾਨਾ/ਬਿਊਰੋ ਨਿਊਜ਼ :** ਅਮਰੀਕੀਆਂ ਨਾਲ ਧੋਖਾਧੜੀ ਕਰਨ ਅਤੇ ਉਨ੍ਹਾਂ ਦੀ ਵਿੱਤੀ ਲੁੱਟ ਕਰਨ ਦੇ ਕਥਿਤ ਦੋਸ਼ ਹੇਠ ਪੁਲੀਸ ਨੇ ਮੁੰਬਈ ਨੇੜਲੇ ਕਾਲ ਸੈਂਟਰਾਂ ਦੇ 700-800 ਦੇ ਕਰੀਬ ਮੁਲਾਜ਼ਮਾਂ ਨੂੰ ਹਿਰਾਸਤ ਵਿਚ ਲੈ ਕੇ ਪੁਛਗਿਛ ਕੀਤੀ। ਇਨ੍ਹਾਂ ਮੁਲਾਜ਼ਮਾਂ ਵਿਚ ਸੀਨੀਅਰ ਅਧਿਕਾਰੀ ਵੀ ਸ਼ਾਮਲ ਹਨ। ਪੁਲੀਸ ਅਫ਼ਸਰ ਪਰਮਵੀਰ ਸਿੰਘ ਨੇ ਦੱਸਿਆ ਕਿ 200 ਦੇ ਕਰੀਬ ਪੁਲੀਸ ਮੁਲਾਜ਼ਮਾਂ ਨੇ ਮੀਰਾ ਰੋਡ ਸਥਿਤ ਤਿੰਨ ਕੰਪਨੀਆਂ ਵਿਚ ਛਾਪਾ ਮਾਰਿਆ। ਉਨ੍ਹਾਂ ਦੱਸਿਆ ਕਿ ਕਾਲ ਸੈਂਟਰ ਦੇ ਮੁਲਾਜ਼ਮ ਖ਼ੁਦ ਨੂੰ ਟੈਕਸ ਅਧਿਕਾਰੀ ਦੱਸ ਕੇ ਅਮਰੀਕੀਆਂ ਨੂੰ ਟੈਕਸ ਬੇਨਿਯਮੀਆਂ ਦਾ ਡਰਾਵਾ ਦੇ ਕੇ ਬਲੈਕਮੇਲ ਕਰ ਰਹੇ ਸਨ। ਇਨ੍ਹਾਂ ਕੰਪਨੀਆਂ ਵਿਚੋਂ ਇਕ ਕੰਪਨੀ ਦਾ ਮਾਲਕ ਅਮਰੀਕਾ ਵਿਚ ਰਹਿੰਦਾ ਹੈ ਜੋ ਅਮਰੀਕੀਆਂ ਦੀ ਜਾਣਕਾਰੀ ਚੋਰੀ ਕਰਦਾ ਸੀ ਤੇ ਕਾਲ ਸੈਂਟਰਾਂ ਵਿਚ ਭੇਜ ਦਿੰਦਾ ਸੀ। ਤੇ ਮੁਲਾਜ਼ਮ ਅੱਗੋਂ ਟੈਕਸ ਜਾਂਚ ਅਧਿਕਾਰੀ ਬਣ ਕੇ ਅਮਰੀਕੀਆਂ ਨੂੰ ਪ੍ਰੇਸ਼ਾਨ ਕਰਦੇ ਸਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਮੁਲਾਜ਼ਮਾਂ ਨੇ ਉਨ੍ਹਾਂ ਦੇ ਕੇਸ ਰਫ਼ਾ-ਦਫ਼ਾ ਕਰਨ ਦੇ ਹਜ਼ਾਰਾਂ ਡੋਲਰ ਠੱਗੇ ਹਨ। ਕਈ ਮੁਲਾਜ਼ਮ ਗਾਹਕਾਂ ਤੋਂ ਉਨ੍ਹਾਂ ਦੇ ਵਿਤੀ ਤੇ ਬੈਂਕ ਖਾਤਿਆਂ ਦਾ ਬਿਉਰਾ ਮੰਗਦੇ ਸਨ ਤੇ ਉਨ੍ਹਾਂ ਦੇ ਖਾਤਿਆਂ ਵਿਚੋਂ ਪੈਸੇ ਕਢਵਾ ਲੈਂਦੇ ਸਨ। ਪੁਲੀਸ ਅਨੁਸਾਰ ਰੋਜ਼ਾਨਾ ਲਗਭਗ ਇਕ ਕਰੋੜ ਰੁਪਏ ਦੀ ਠੱਗੀ ਵੱਜ ਰਹੀ ਸੀ। ਕਾਲਰ ਹਮੇਸ਼ਾ 911 ਦੀ ਵਰਤੋਂ ਕਰਦੇ ਸਨ ਤੇ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰੀ ਦਾ ਡਰ ਦਿੰਦੇ ਸਨ।









# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਪਤਲੂਨ ਕੀ ਕਰੂ ?!!

ਲਓ ਜੀ! ਖ਼ੁਸ਼ਖ਼ਬਰੀ!! ਖ਼ੁਸ਼ਖ਼ਬਰੀ!!! ਆਰ.ਐਸ.ਐਸ. ਦੇ ਸੇਵਕਾਂ ਲਈ ਖ਼ੁਸ਼ਖ਼ਬਰੀ... ਹੁਣ ਠੰਢ ਵਿਚ ਠੁਰ ਠੁਰ ਕਰਨ ਦੀ ਲੋੜ ਨਹੀਂ...ਆਖ਼ਰ 90 ਸਾਲਾਂ ਬਾਅਦ ਸੇਵਕਾਂ ਦੀ ਵੀ ਸੁਣੀ ਗਈ। ਖਾਕੀ ਨਿੱਕਰਾਂ ਦੀ ਥਾਂ ਭੂਰੀਆਂ ਪਤਲੂਨਾਂ ਨੇ ਲੈ ਲਈ ਹੈ। ਸੰਘ ਦਾ ਕਹਿਣਾ ਹੈ ਕਿ ਸਮਾਂ ਬਦਲ ਗਿਐ...ਸੋ ਅਸੀਂ ਵੀ ਬਦਲਾਂਗੇ। ਬਾਣਾ ਤਾਂ ਬਦਲ ਲਿਐ ਪਰ ਦਿਮਾ.ਗ ਕਿਵੇਂ ਬਦਲੂ ? ਸੰਘ ਮੁਖੀ ਮੋਹਨ ਭਾਗਵਤ ਸੰਘ ਪਾੜ ਪਾੜ ਕਹਿ ਰਹੇ ਨੇ-ਮੀਰਪੁਰ, ਮੁਜ਼ੱਫਰਾਬਾਦ, ਗਿਲਗਿਤ-ਬਲੋਚਿਸਤਾਨ ਸਮੇਤ ਸਾਰਾ ਕਸ਼ਮੀਰ ਸਾਡਾ। ਲਓ ਜੀ! ਤੁਸੀਂ ਭਾਵੇਂ ਪਾਕਿਸਤਾਨ ਵੀ ਨਾਲ ਹੀ ਲੈ ਲਓ...ਪਰ ਜਿਹੜੇ ਪਹਿਲਾਂ ਨੇ...ਉਨ੍ਹਾਂ ਨੂੰ ਤਾਂ ਚੰਗਾ ਜੀਵਨ ਦਿਓ...ਆਹ ਨਾਲ ਹੋਰ ਜੋੜ ਕੇ ਕੀ ਕਰੋਗੇ...ਪਹਿਲਾਂ ਹੀ ਰੁਜ਼ਗਾਰ-ਰੋਟੀ-ਪਾਣੀ ਲਈ ਮਾਰੋ-ਮਾਰ ਹੋਈ ਜਾਂਦੀ ਐ...।ਆਪਣੀ 'ਫ਼ੌਜ' ਨੂੰ ਕਹੋ-ਵਰਦੀ ਬਦਲ ਗਈ, ਸੋਚ ਵੀ ਬਦਲੋ...ਨਵੀਂਆਂ ਖੋਜਾਂ ਕਰੋ...ਰੁਜ਼ਗਾਰ ਦੇ ਮੌਕੇ ਪੈਦਾ ਕਰੋ...ਗ਼ਰੀਬੀ ਦੂਰ ਕਰੋ...ਆਹ 'ਕੱਲੀ ਪਤਲੂਨ ਕੀ ਕੀ ਕਰੂ ?!!



## ਭਾਈ ਵੋਟਾਂ ਦੇ ਦਿਓ... ਹੋਰ ਕੱਢਜੂੰ ਦਸ ਸਾਲ !!

ਸੱਜੇ-ਖੱਬੇ ਸੁਰੱਖਿਆ ਗਾਰਦਾਂ ਦਾ ਸਹਾਰਾ ਲਈ ਖੜ੍ਹੇ 'ਬਾਪੂ' (ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ) ਨੂੰ ਬੱਸ ਹੁਣ ਤੁਹਾਡੇ ਸਹਾਰੇ ਦੀ ਲੋੜ ਹੈ। ਤੁਸੀਂ ਬੱਸ ਆਪਣੀ ਵੋਟ ਉਨ੍ਹਾਂ ਦੇ ਨਾਂ ਕਰ ਦਿਓ...ਉਨ੍ਹਾਂ ਦੀ ਉਮਰ ਦਸ ਸਾਲ ਹੋਰ ਵਧਜੂ। ਨਾ... ਨਾ...ਅਸੀਂ ਨਹੀਂ, ਖ਼ੁਦ 'ਬਾਪੂ' ਜੀ ਕਹਿ ਰਹੇ ਨੇ....ਬੱਸ ਪੰਜ ਸਾਲ ਹੋਰ...ਦੇ ਦਿਓ...। ਪੰਜ ਸਾਲ ਪਹਿਲਾਂ ਵੀ ਉਨ੍ਹਾਂ ਇਹੋ ਕਿਹਾ ਸੀ। ਪਤਾ ਨੀਂ ਉਨ੍ਹਾਂ ਦਾ ਕਿਹੜਾ ਕੰਮ ਹੋਣੋ ਰਹਿ ਗਿਆ ਜਿਹੜੇ ਪੰਜ ਸਾਲ ਹੋਰ ਚਾਹੀਦੇ ਨੇ। ਬਾਪੂ ਜੀ ਨੂੰ ਤਾਂ ਆਪਣੇ ਕਾਕੇ ਸੁਖਬੀਰ ਦਾ ਮਾਸਾ ਵੀ ਖ਼ਿਆਲ ਨੀਂ...ਵਿਚਾਰਾ ਕਦੋਂ ਦਾ ਆਸ ਲਾਈ ਬੈਠੈ...ਪਰ ਬਾਪੂ ਜੀ ਕੁਰਸੀ ਛੱਡਣ ਤਾਂ ਹੀ ਨਾ! ਆਪਣੀਆਂ ਫਰਿਆਦ ਲੈ ਕੇ ਆਉਂਦੀਆਂ ਬੀਬੀਆਂ ਨੂੰ ਤਾਂ ਬਾਦਲ ਸਾਹਿਬ ਕਹਿੰਦੇ ਨੇ-ਮਾਈਓ ਘਰੇ ਬੈਠੋ...ਇਹ ਥੋਡੇ ਪੂਜਾ-ਪਾਠ ਦਾ ਵੇਲੈ...ਐਵੇਂ ਕਿਉਂ ਸੰਗਤ ਦੇ ਦਰਸ਼ਨਾਂ ਲਈ ਟੱਕਰਾਂ ਖਾਂਦੀਆਂ ਫਿਰਦੀਓਂ!! ਆਹ ਬਾਦਲ ਸਾਹਿਬ ਦੇ ਪਾਠ-ਪੂਜਾ ਦਾ ਪਤਾ ਨਹੀਂ ਕਦੋਂ ਵੇਲਾ ਆਊ। ਜੋ ਵੀ ਐ... ਇਹ ਤਾਂ ਪਤਾ ਲੱਗ ਗਿਆ ਕਿ ਬਾਦਲ ਸਾਹਿਬ ਦੀ ਉਮਰ ਦਾ ਰਾਜ 'ਸੰਜੀਵਨੀ ਵੋਟਾਂ' ਨੇ...ਇਸ ਵਾਰ ਵੋਟਾਂ ਮਿਲ ਗਈਆਂ, ਖੌਰੇ 'ਬਾਪੂ' ਜੀ ਜਵਾਨ ਹੀ ਹੋ ਜਾਣ। ਬੱਸ ਜ਼ਰਾ ਕਾਕਾ ਸੁਖਬੀਰ ਨੂੰ ਸਬਰ ਕਰਨਾ ਪਊ...। ਕੁਰਸੀ ਐਂ ਨੀਂ ਮਿਲਣੀ।



## ਨੋ ਪਰਿਵਾਰ-ਸ਼ਵਾਰ !!



ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਜ਼ੋਰ ਇਸ ਗੱਲ 'ਤੇ ਲੱਗੈ ਕਿ ਇਸ ਵਾਰ ਇਕ ਪਰਿਵਾਰ 'ਚੋਂ ਇਕ ਨੂੰ ਹੀ ਟਿਕਟ ਦੇਣੀ ਐ। 'ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ' ਵਾਲਾ ਹਿਸਾਬ ਤਾਂ ਕੈਪਟਨ ਸਾਹਿਬ ਕਰ ਰਹੇ ਨੇ। ਪਹਿਲਾਂ ਆਪ ਸਿਆਸਤ ਵਿਚ ਆਏ, ਫੇਰ ਆਪਣੀ ਪਤਨੀ ਪ੍ਰਨੀਤ ਕੌਰ ਨੂੰ ਵੀ ਲੈ ਆਏ। ਫੇਰ ਦੋਵੇਂ ਚੋਣਾਂ ਲੜਦੇ ਵੀ ਰਹੇ। ਆਹ ਲੋਕ ਸਭਾ ਚੋਣਾਂ ਵਿਚ ਦੋਵੇਂ ਪਤੀ-ਪਤਨੀ ਨੂੰ ਟਿਕਟ ਮਿਲੀ ਸੀ, ਭਾਵੇਂ ਉਨ੍ਹਾਂ ਦੀ ਪਤਨੀ ਹਾਰ ਗਈ ਪਰ ਕਿਸਮਤ ਤਾਂ ਅਜ਼ਮਾਈ। ਲਗਦੈ ਇਸ ਵਾਰ ਉਨ੍ਹਾਂ ਦੇ ਪਰਿਵਾਰ 'ਚੋਂ ਕੋਈ ਚੋਣ ਲੜਨਾ ਨਹੀਂ ਚਾਹੁੰਦਾ ਤਾਂਹੀਓਂ ਫਰਮਾਨ ਜਾਰੀ ਕਰ ਰਹੇ ਹਨ-'ਨੋ ਪਰਿਵਾਰ-ਸ਼ਵਾਰ, ਓਨਲੀ ਇਕ ਟਿਕਟ'

## ਮੂੰਹ 'ਤੇ ਟੇਪ !!

ਬੀਬੀ ਨਵਜੋਤ ਕੌਰ ਸਿੱਧੂ ਨੇ ਭਾਜਪਾ ਨੂੰ ਅਲਵਿਦ੍ਹਾ ਕਹਿੰਦਿਆਂ ਹੀ ਦੋਸ਼ ਲਾਇਆ ਹੈ ਕਿ 'ਭਾਜਪਾ ਵਿਚ ਰਹਿਣ ਦਾ ਮਤਲਬ ਹੈ ਮੂੰਹ 'ਤੇ ਟੇਪ ਲਾਉਣਾ।' ਇਹ ਗੱਲ ਜ਼ਰਾ ਹਜ਼ਮ ਨਹੀਂ ਹੋਈ। ਭਾਜਪਾ ਤਾਂ ਅਕਸਰ ਹੀ ਆਪਣੇ ਮੂੰਹ-ਫੱਟ ਲੀਡਰਾਂ ਕਰਕੇ ਚਰਚਾ ਵਿਚ ਰਹਿੰਦੀ ਹੈ ਤੇ ਓਏ-ਤੋਏ ਵੀ ਹੁੰਦੀ ਹੈ। ਕੋਈ ਇਕ-ਅੱਧ ਲੀਡਰ ਹੋਵੇ ਤਾਂ ਵੀ ਹੋਊ ਪਰ੍ਹੇ ਕਹਿ ਦੇਈਏ ਪਰ ਇਹਦੇ ਨੇਤਾ ਤਾਂ ਨਿਤ ਹੀ 'ਮੁਰਦਾ ਬੋਲੂ ਕੱਫਨ ਪਾੜੂ' ਵਰਗੇ ਬਿਆਨ ਦਿੰਦੇ ਨੇ। ਲਗਦੈ 'ਟੇਪ' ਉਨ੍ਹਾਂ ਦੇ ਮੂੰਹ 'ਤੇ ਲਗਦੀ ਹੈ, ਜਿਨ੍ਹਾਂ ਨੂੰ ਖ਼ਾਸ ਲਾਹਾ ਨਹੀਂ ਮਿਲ ਰਿਹਾ ਹੁੰਦਾ। ਲਾਹੇ ਤੋਂ ਯਾਦ ਆਇਆ ਕਿ ਜੇ ਨਵਜੋਤ ਸਿੰਘ ਸਿੱਧੂ ਦੀ ਭਾਜਪਾ ਵਿਚ ਚਲਦੀ ਸੀ ਤਾਂ ਹੀ ਉਨ੍ਹਾਂ ਦੀ ਡਾਕਟਰ ਪਤਨੀ ਵੀ ਲੀਡਰ ਦੇ ਯੋਗ ਬਣੀ ਤੇ ਵਿਧਾਇਕ ਵੀ ਬਣੀ। ਨਹੀਂ ਤਾਂ ਮਰੀਜ਼ਾਂ ਨੂੰ ਚੈੱਕ ਕਰਦੇ ਕਰਦੇ ਅਜਿਹਾ ਕਿਹੜਾ ਪਾਰਸ ਹੱਥ ਲੱਗ ਗਿਆ ਕਿ ਰਾਤੋ-ਰਾਤ ਲੀਡਰ ਬਣ ਗਈ। ਜੇ ਨਵਜੋਤ ਕੌਰ ਸਿੱਧੂ ਦੀ ਮੰਨ ਵੀ ਲਈਏ ਤਾਂ ਕੋਈ ਦਿਨ ਅਜਿਹਾ ਨਹੀਂ ਲਭਦਾ ਜਦੋਂ ਦੋਹਾਂ ਪਤੀ-ਪਤਨੀ ਦਾ ਮੂੰਹ ਬੰਦ ਵੀ ਹੋਇਆ ਹੋਵੇ। ਹਾਂ, ਜਿੱਦਣ ਦੀ ਸਿਆਸੀ ਜ਼ਮੀਨ ਖਿਸਕੀ ਹੈ, ਸਿੱਧੂ ਸਾਹਿਬ ਜ਼ਰੂਰ 'ਚੁੱਪ' ਹੋ ਗਏ ਹਨ। ਉਨ੍ਹਾਂ ਆਪੇ ਟੇਪ ਲਾਉਣ ਵਿਚ ਭਲੀ ਸਮਝੀ।

## ਫ਼ਰੰਟ ਬਣਿਆ ਬੈਕ !!

ਆਮ ਆਦਮੀ ਪਾਰਟੀ ਵਿਚੋਂ ਬਾਹਰ ਆਏ ਸੁੱਚਾ ਸਿੰਘ ਛੋਟੇਪੁਰ ਨੂੰ ਬੜੀਆਂ ਉਮੀਦਾਂ ਸਨ ਕਿ 'ਆਪ' ਦੀ ਤੀਜੀ ਸੂਚੀ ਆਉਂਦਿਆਂ ਹੀ ਹੋਰ ਕਈ ਬਾ.ਗੀ ਉਨ੍ਹਾਂ ਨਾਲ ਆ ਕੇ ਰਲਣਗੇ। ਉਂਜ ਉਨ੍ਹਾਂ ਨੂੰ ਧਰਮਵੀਰ ਗਾਂਧੀ ਤੇ ਨਾਲੋ-ਨਾਲ ਸਭ ਤੋਂ ਵੱਧ ਉਮੀਦਾਂ ਚੌਥੇ ਫ਼ਰੰਟ ਤੋਂ ਸਨ। ਉਨ੍ਹਾਂ ਨੂੰ ਲੱਗਿਆ ਕਿ ਹੁਣ ਆਊ ਉਠ ਪਹਾੜ ਥੱਲੇ। 'ਆਪ' ਨੂੰ ਤਾਂ ਮੈਂ ਮਜ਼ਾ ਚਕਾਊਂ...। ਪਰ ਉਨ੍ਹਾਂ ਦੀਆਂ ਆਸਾਂ 'ਤੇ ਤਾਂ ਪਾਣੀ ਫਿਰ ਗਿਆ। ਚੌਥਾ ਫ਼ਰੰਟ ਤਾਂ ਮੂਹਰੇ ਆਉਂਦਾ ਆਉਂਦਾ ਕਿਧਰੇ ਪਿਛੇ ਹੀ ਰਹਿ ਗਿਆ। ਚੌਥੇ ਫ਼ਰੰਟ ਦੇ ਚਾਰੂ ਆਗੂ, ਚਾਰੋ ਲਾਪਤਾ। ਨਵਜੋਤ ਸਿੰਘ ਸਿੱਧੂ ਆਪ ਤਾਂ ਲੁੜਕੇ ਹੀ ਬੈਂਸ ਭਰਾਵਾਂ ਤੇ ਪਰਗਟ ਦੀ ਬੇੜੀ ਵੀ ਲਗਦੈ ਡੋਬ ਕੇ ਹਟਣਗੇ। ਆਪਾਂ ਕੀ ਲੈਣਾ...ਆਪਾਂ ਤਾਂ ਫ਼ਰੰਟ 'ਤੇ ਖੜ੍ਹ ਕੇ ਤਮਾਸ਼ਾ ਦੇਖਦੇ ਹਾਂ।

## ਮੋਟਾ ਭਾਈ ਕਾ ਗ਼ੁਬਾਰਾ !!

ਕੇਂਦਰੀ ਮੰਤਰੀ ਉਮਾ ਭਾਰਤੀ ਦਾ ਕਹਿਣਾ ਹੈ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੀ ਕਮਾਲ ਹੈ ਕਿ ਵਿਧਾਨ ਸਭਾ ਚੋਣਾਂ ਹਾਰਨ ਵਾਲੇ ਵੀ, ਉਨ੍ਹਾਂ ਦੇ ਪ੍ਰਭਾਵ ਕਾਰਨ ਲੋਕ ਸਭਾ ਚੋਣਾਂ ਜਿੱਤ ਗਏ। ਜੀ ਹਾਂ, ਇਹ ਉਹੀ ਉਮਾ ਭਾਰਤੀ ਹੈ, ਜਿਹੜੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇਹ ਕਹਿੰਦੀ ਨਹੀਂ ਥੱਕਦੀ ਸੀ-'ਯੇ ਜੋ ਮੋਟਾ ਭਾਈ ਹੈ, ਹਵਾ ਸੇ ਭਰਾ ਗ਼ੁਬਾਰਾ ਹੈ, ਜਿਸ ਦਿਨ ਫਟੇਗਾ, ਸਭ ਠੁਸ ਹੋ ਜਾਏਗਾ।' ਗ਼ੁਬਾਰਾ ਕਿੰਨੀ ਉੱਚੀ ਉੜਦਾ ਹੈ ਤੇ ਉਮਾ ਦੀਆਂ ਉਮੰਗਾਂ ਕਿੰਨੀਆਂ ਉਡਾਰੀ ਮਾਰਦੀਆਂ ਹਨ, ਇਹ ਤਾਂ ਕੁਰਸੀ ਨੇ ਤੈਅ ਕਰਨਾ ਹੈ ਪਰ ਜਦੋਂ ਸੱਚ-ਮੁੱਚ ਹੀ ਗ਼ੁਬਾਰੇ ਵਿਚੋਂ ਹਵਾ ਨਿਕਲ ਗਈ ਤਾਂ ਉਮਾ ਨੇ ਜ਼ਰੂਰ ਕਹਿਣੈ-'ਮੈਨੇ ਕਹਾ ਥਾ ਨਾ ਮੋਟਾ ਭਾਈ ਕਾ ਗ਼ੁਬਾਰਾ ਏਕ ਦਿਨ ਫਟ ਜਾਏਗਾ, ਲਓ ਫਟ ਗਿਆ। ਇਹ ਵੀ ਭਾਜਪਾ ਦੀ ਤੇਜ਼-ਤਰਾਰ ਨੇਤਾ ਹੈ ਜਿਹਦੇ ਮੂੰਹ 'ਤੇ ਕਦੇ ਟੇਪ ਨਹੀਂ ਲੱਗੀ...।

## ਬਾਦਲਾਂ ਦੀ ਚੂਰੀ !!

ਤੋਤਾ ਮਾਲਕ ਦੀ ਚੂਰੀ ਖਾ ਕੇ, ਭਲਾ ਉਹਦੀ ਬੋਲੀ ਨਹੀਂ ਬੋਲੇਗਾ ਤਾਂ ਹੋਰ ਕਿਹਦੀ ਬੋਲੇਗਾ!! ਆਹ ਪੰਜਾਬ ਦੇ ਖੇਤੀ ਮੰਤਰੀ ਸ. ਜਥੇਦਾਰ ਤੋਤਾ ਸਿੰਘ ਜੀ ਨੂੰ ਹੀ ਲੈ ਲਓ, ਸਭ ਨੂੰ ਪਤਾ ਹੈ ਕਿ ਬਾਦਲਾਂ ਦੀ ਚੂਰੀ ਖਾਂਦੇ ਹਨ ਤੇ ਉਨ੍ਹਾਂ ਦੀ ਬੋਲੀ ਬੋਲਦੇ ਹਨ ਪਰ ਆਹ ਵਿਜੀਲੈਂਸ ਬਿਊਰੋ ਨੂੰ ਕੀ ਹੋ ਗਿਐ ? ਲਗਦੈ ਇਹ ਵੀ ਅੱਜ ਕੱਲ੍ਹ ਬਾਦਲਾਂ ਦੀ ਚੂਰੀ ਖਾ ਰਿਹੈ, ਉਹੀ ਵੀ ਚੰਗੀ ਤਰ੍ਹਾਂ ਘਿਓ 'ਚ ਨੁਚੜਦੀ ਨੁਚੜਦੀ। ਤਾਂਹੀਓਂ ਤਾਂ ਚੋਣਾਂ ਤੋਂ ਪਹਿਲਾਂ 'ਸਾਰੇ ਆਪਣੇ-ਪਰਾਇਆਂ' ਦੇ ਕੇਸ ਬੰਦ ਹੋ ਰਹੇ ਨੇ। ਕੈਪਟਨ ਅਮਰਿੰਦਰ ਸਿੰਘ ਭਾਵੇਂ ਵਿਰੋਧੀ ਹੋਣ ਪਰ ਹੈ ਤਾਂ ਸਿਆਸੀ ਭਾਈਚਾਰਾ। ਢਿਚਕੂੰ ਢਿਚਕੂੰ ਚੱਲਿਆ ਆ ਰਿਹਾ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਜ਼ਮੀਨ ਘੁਟਾਲੇ ਦਾ ਫ਼ੈਸਲਾ ਯਕਦਮ ਉਨ੍ਹਾਂ ਦੇ ਹੱਕ ਵਿਚ ਆ ਗਿਆ। ਆਹ ਹੁਣ ਵਿਜੀਲੈਂਸ ਵਾਲੇ ਤੋਤਾ ਸਿੰਘ ਜੀ ਨੂੰ ਬਚਾਉਣ ਵਿਚ ਲੱਗੇ ਹਨ, ਅਖੇ-ਪੰਜਾਬ ਸਕੂਲ ਸਿੱਖਿਆ ਬੋਰਡ ਖ਼ੁਦਮੁਖਤਿਆਰ ਸੰਸਥੈ ਭਾਈ। ਭਰਤੀ ਕਰਨ ਵਾਲੇ ਤੋਤਾ ਸਿੰਘ ਕੌਣ ਹੁੰਦੇ ਆ...ਐਵੇਂ ਉਨ੍ਹਾਂ ਨੂੰ ਬਦਨਾਮ ਕਰੀ ਜਾਂਦੇ ਹੋ...ਕੋਈ ਘੁਟਾਲਾ ਨਹੀਂ ਕੀਤਾ ਉਨ੍ਹਾਂ...ਵਿਚਾਰਿਆਂ ਨੂੰ ਐਵੇਂ ਲਪੇਟੀ ਜਾਂਦੇ ਓ...ਜਿਹੜੇ ਦੋਸ਼ੀ ਨੇ, ਉਨ੍ਹਾਂ ਨੂੰ ਨਹੀਂ ਛੱਡਣਾ ਅਸੀਂ।

## ਜ਼ੋਰ ਲੱਗ ਗਿਆ ਜਵਾਨਾਂ ਦਾ ਤੇ...

ਲਖਨਊ ਦੇ ਭਾਜਪਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਦੁਸਹਿਰੇ ਮੌਕੇ ਸਵਾਗਤ ਕਰਨ ਲਈ ਤਿਆਰ




ਖੜ੍ਹੇ ਹਨ। ਥਾਂ-ਥਾਂ ਪੋਸਟਰ ਲੱਗੇ ਹਨ-ਜਿਨ੍ਹਾਂ 'ਤੇ ਲਿਖਿਆ ਹੈ-ਅਵੈਂਜਰਜ਼ ਆਫ਼ ਉੜੀ ਭਾਵ ਉੜੀ ਹਮਲੇ ਦਾ ਬਦਲਾ ਲੈਣ ਵਾਲੇ ਨਾਇਕ। ਮੋਦੀ ਦੀ ਹੈਟ ਵਾਲੀ ਫ਼ੋਟੋ ਇੰਜ ਲਾਈ ਹੈ ਜਿਵੇਂ ਫ਼ਿਲਮੀ ਡੌਨ ਹੋਵੇ। ਇਕ ਗੱਲ ਸਮਝ ਨਹੀਂ ਆਈ, ਜ਼ੋਰ ਤਾਂ ਲੱਗਿਆ ਭਾਰਤ ਦੇ ਜਵਾਨਾਂ ਦਾ, ਸ਼ਾਬਾਸ਼ ਮੋਦੀ ਤੇ ਰਾਜਨਾਥ ਹਿੱਸੇ। ਅਸਲੀ ਨਾਇਕਾਂ ਦੀ ਕਿਸੇ ਨੇ ਫ਼ੋਟੋ ਹੀ ਨਹੀਂ ਦੇਖੀ...!!! ਕ੍ਰਿਕਟਰਾਂ 'ਤੇ ਲੱਖਾਂ ਰੁਪਏ ਉਡਾਉਣ ਵਾਲਿਆਂ ਨੇ ਇਨ੍ਹਾਂ ਜਵਾਨਾਂ ਨੂੰ ਤਾਂ ਕੋਈ ਇਨਾਮ ਦੇ ਗੱਫ਼ੇ ਨਹੀਂ ਦਿੱਤੇ। ਵੈਸੇ ਤਾਂ ਇਹ ਖ਼ਬਰਾਂ ਚਾਰ ਮਹੀਨੇ ਪਹਿਲਾਂ ਹੀ ਆ ਗਈਆਂ ਸਨ ਕਿ ਕੋਈ ਅਜਿਹਾ ਕਾਰਾ ਹੋਣ ਵਾਲਾ ਹੈ ਕਿ ਮੋਦੀ ਤੇ ਰਾਜਨਾਥ ਦੀ ਬੱਲੇ ਬੱਲੇ ਹੋਵੇਗੀ...ਰਾਜਨਾਥ ਤਾਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਉਮੀਦਵਾਰ ਵੀ ਐਲਾਨੇ ਜਾ ਸਕਦੇ ਨੇ...। ਚਲੋ ਜਵਾਨਾਂ ਨੂੰ ਨਾ ਸਹੀ, ਗ੍ਰਹਿ ਮੰਤਰੀ ਨੂੰ ਤਾਂ ਇਨਾਮ ਮਿਲੇਗਾ ਹੀ...'ਡੌਨ' ਬਹੁਤ ਖ਼ੁਸ਼ ਹੂਆ...!!

# ਕੇਂਦਰ ਵੱਲੋਂ ਸਿਹਤ ਬਜਟ 'ਚ ਕਟੌਤੀ ਦਾ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਵਿਰੋਧ

**ਲੰਬੀ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਦੋ ਸਾਲਾਂ ਵਿਚ ਦੇਸ਼ ਵਿੱਚ ਸਿਹਤ ਬਜਟ ਘਟਾਉਣ ਨਾਲ ਪੰਜਾਬ ਦੇ ਕੇਂਦਰੀ ਸਿਹਤ ਫੰਡਾਂ ਵਿੱਚ 15 ਫ਼ੀਸਦ ਕਟੌਤੀ ਨੂੰ ਗੈਰਵਾਜਬ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਬਿਨਾਂ ਕੋਈ ਸੂਬਾ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਅਜਿਹੇ ਵਿੱਚ ਸਿਹਤ ਅਤੇ ਸਿੱਖਿਆ ਨੂੰ ਪੂਰਾ ਬਜਟ ਦੇਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਬਜਟ ਕਟੌਤੀ ਨਾਲ ਪੰਜਾਬ ਨੂੰ 95 ਕਰੋੜ ਰੁਪਏ ਦੇ ਘੱਟ ਫੰਡ ਹਾਸਲ ਹੋਏ ਹਨ। ਮੁੱਖ ਮੰਤਰੀ ਇੱਥੇ ਲੰਬੀ ਵਿਧਾਨ ਸਭਾ ਹਲਕੇ ਦੇ ਸੰਗਤ ਦਰਸ਼ਨ ਮੌਕੇ ਗੱਲਬਾਤ ਕਰ ਰਹੇ ਸਨ। ਪੰਜਾਬ ਦੇ ਕਿਸਾਨਾਂ ਵੱਲੋਂ ਪਰਾਲੀ ਸਾੜਨ ਕਰਕੇ ਦਿੱਲੀ ਵਿੱਚ ਹੋਏ ਪ੍ਰਦੂਸ਼ਣ ਸਬੰਧੀ ਦਿੱਲੀ ਸਰਕਾਰ ਦੇ ਦੋਸ਼ਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਅਨਾਜ ਵੀ ਦਿੱਲੀ ਨੂੰ ਦੇ ਰਹੇ ਹਨ। ਝੋਨੇ ਦੀ ਖਰੀਦ ਸਬੰਧੀ ਊਣਤਾਈਆਂ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਕਿਸਾਨਾਂ ਨੂੰ ਗਿੱਲਾ ਝੋਨਾ ਮੰਡੀਆਂ ਵਿੱਚ ਨਹੀਂ ਲਿਆਉਣਾ ਅਤੇ ਝੋਨੇ ਦੀ ਖਰੀਦ ਨੂੰ ਸੁਚੱਜਾ ਬਣਾਉਣ ਲਈ ਸੂਬਾ ਸਰਕਾਰ ਦੇ ਅਧਿਕਾਰੀ ਜ਼ਿਲ੍ਹੇ ਵਿਚ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਝੂਠੇ ਵਾਅਦੇ ਅਤੇ ਫੋਕੇ ਨਾਅਰਿਆਂ ਵਾਲੀ ਪਾਰਟੀ ਹੈ। ਇਸ ਪਾਰਟੀ ਦਾ ਨਾ ਤਾਂ ਕੋਈ ਪਿਛੋਕੜ ਹੈ ਅਤੇ ਨਾ ਹੀ ਮੁਲਕ ਤੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਪਾਏ ਯੋਗਦਾਨ ਦੀ ਕੋਈ ਗਿਣਾਉਣਯੋਗ ਪ੍ਰਾਪਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਸੂਬੇ ਦੇ ਪੇਂਡੂ ਜੀਵਨ ਅਤੇ ਖੇਤੀਬਾੜੀ ਬਾਰੇ ਮੁੱਢਲੀਆਂ ਗੱਲਾਂ ਦਾ ਵੀ ਗਿਆਨ ਨਹੀਂ ਹੈ।

ਇਸ ਤੋਂ ਪਹਿਲਾਂ ਪਿੰਡ ਕੱਟਿਆਂਵਾਲੀ, ਕਰਮਪੱਟੀ, ਰੱਤਾ ਟਿੱਬਾ, ਮੋਹਲਾਂ, ਰਾਣੀ ਵਾਲਾ ਤੇ ਹੋਰ ਪਿੰਡਾਂ ਵਿੱਚ ਸੰਗਤ ਦਰਸ਼ਨ ਪ੍ਰੋਗਰਾਮਾਂ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਪਿਛਲਾ ਰਿਕਾਰਡ ਕਿਸਾਨ ਤੇ ਗਰੀਬ ਵਿਰੋਧੀ ਰਿਹਾ ਹੈ। ਇਸ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਮੁਲਕ ਵਿੱਚ ਪਹਿਲੀ ਵਾਰ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਜਲੀ ਬਿੱਲ ਮੁਆਫ ਕੀਤੇ ਸਨ ਜਦਕਿ ਕੈਪਟਨ ਨੇ ਇਹ ਸਹੂਲਤ ਬੰਦ ਕਰਕੇ ਕਿਸਾਨਾਂ 'ਤੇ ਵਿੱਤੀ ਬੋਝ ਪਾਇਆ ਸੀ। ਇਸੇ ਤਰ੍ਹਾਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਕੇ ਸੂਬੇ ਦੇ ਪਾਣੀ ਖੋਹਣ ਲਈ ਘੜੀ ਗਈ ਸਾਜ਼ਿਸ਼ ਵਿੱਚ ਸੂਬੇ ਦੇ ਕਾਂਗਰਸ ਮੁਖੀ ਵੀ ਸ਼ਾਮਲ ਸਨ।

# ਅਕਾਲੀ-ਕਾਂਗਰਸੀਆਂ ਵਿਚਾਲੇ ਝੜਪ ਸਬੰਧੀ 9 ਆਗੂਆਂ ਖ਼ਿਲਾਫ਼ ਕੇਸ ਦਰਜ

## *ਚਿੱਟੇ ਦਾ ਰਾਵਣ ਫੂਕਣ ਨੂੰ ਲੈ ਕੇ ਹੋਇਆ ਸੀ ਝਗੜਾ*

**ਲੁਧਿਆਣਾ/ਬਿਊਰੋ ਨਿਊਜ਼ :** ਚੰਡੀਗੜ੍ਹ ਸੜਕ 'ਤੇ ਸਥਿਤ ਗਲਾਡਾ ਗਰਾਊਂਡ ਵਿਚ ਅਕਾਲੀਆਂ ਅਤੇ ਕਾਂਗਰਸੀਆਂ ਵਿਚਾਲੇ ਹੋਈ ਜ਼ਬਰਦਸਤ ਲੜਾਈ ਵਿਚ ਪੁਲੀਸ ਨੇ ਦੋਵਾਂ ਧਿਰਾਂ ਦੇ ਆਗੂਆਂ ਅਤੇ ਵਰਕਰਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਮਾਮਲੇ ਵਿਚ ਵੱਖ-ਵੱਖ ਕੇਸ ਦਰਜ ਕੀਤੇ ਹਨ। ਪਹਿਲੇ ਮਾਮਲੇ ਵਿਚ ਪੁਲੀਸ ਨੇ ਯੂਥ ਅਕਾਲੀ ਦਲ ਮਾਲਵਾ ਜ਼ੋਨ-3 ਦੇ ਪ੍ਰਧਾਨ ਤਰਸੇਮ ਸਿੰਘ ਭਿੰਡਰ ਦੀ ਸ਼ਿਕਾਇਤ 'ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੋਗੀ, ਕੌਂਸਲਰ ਨਰਿੰਦਰ ਸ਼ਰਮਾ, ਯੂਥ ਕਾਂਗਰਸੀ ਦੇ ਸਕੱਤਰ ਪਰਵਿੰਦਰ ਲਾਪਰਾ, ਲੋਕ ਸਭਾ ਮੈਂਬਰ ਸ. ਰਵਨੀਤ ਸਿੰਘ ਬਿੱਟੂ ਦੇ ਭਰਾ ਗੁਰਇਕਬਾਲ ਸਿੰਘ ਹਨੀ ਅਤੇ ਹੋਰਨਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਸ. ਭਿੰਡਰ ਨੇ ਕਥਿਤ ਦੋਸ਼ੀਆਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰਨ ਦਾ ਦੋਸ਼ ਲਗਾਇਆ ਹੈ। ਇਸ ਲੜਾਈ ਵਿਚ ਯੂਥ ਅਕਾਲੀ ਦਲ ਦੇ ਜ਼ੋਨਲ ਪ੍ਰਧਾਨ ਸ. ਭਿੰਡਰ, ਜ਼ਿਲ੍ਹਾ ਯੂਥ ਅਕਾਲੀ ਦਲ ਸ਼ਹਿਰੀ-2 ਦੇ ਪ੍ਰਧਾਨ ਸ. ਗੁਰਪ੍ਰੀਤ ਸਿੰਘ ਬੱਬਲ, ਬਰਜਿੰਦਰ ਸਿੰਘ ਖਾਲਸਾ, ਮਲੂਕ ਸਿੰਘ, ਅਮਨਜੋਤ ਸਿੰਘ ਮਾਲਵਾ ਅਤੇ ਸਿਮਰਨਜੋਤ ਸਿੰਘ ਸ਼ਾਮਲ ਹਨ। ਇਨ੍ਹਾਂ ਨੂੰ ਇਲਾਜ ਲਈ ਸੀ.ਐਮ.ਸੀ ਹਸਪਤਾਲ ਵਿਚ ਲਿਆਂਦਾ ਗਿਆ ਜਿਥੇ ਡਾਕਟਰਾਂ ਵੱਲੋਂ ਇਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਸਾਰਿਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਸ ਲੜਾਈ ਵਿਚ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੋਗੀ ਸਮੇਤ ਅੱਧੀ ਦਰਜਨ ਦੇ ਕਰੀਬ ਕਾਂਗਰਸੀ ਵਰਕਰਾਂ ਦੇ ਵੀ ਗੰਭੀਰ ਸੱਟਾਂ ਲੱਗੀਆਂ ਹਨ। ਲੜਾਈ ਦੌਰਾਨ ਇਕ ਦਰਜਨ ਦੇ ਕਰੀਬ ਕਾਰਾਂ ਦੀ ਭੰਨਤੋੜ ਵੀ ਕੀਤੀ ਗਈ ਸੀ, ਜਿਨ੍ਹਾਂ ਵਿਚ ਜ਼ਿਆਦਾਤਰ ਕਾਰਾਂ ਕਾਂਗਰਸੀ ਆਗੂਆਂ ਦੀਆਂ ਸਨ। ਇਸ ਲੜਾਈ ਵਿਚ ਕਈ ਅਕਾਲੀ ਅਤੇ ਕਾਂਗਰਸੀ ਆਗੂਆਂ ਦੀਆਂ ਦਸਤਾਰਾਂ ਲੱਥ ਗਈਆਂ। ਪੁਲੀਸ ਵੱਲੋਂ ਇਸ ਮਾਮਲੇ ਵਿਚ ਯੂਥ ਪ੍ਰਧਾਨ ਤਰਸੇਮ ਸਿੰਘ ਭਿੰਡਰ, ਯੂਥ ਅਕਾਲੀ ਆਗੂ ਬਲਜਿੰਦਰ ਸਿੰਘ ਖਾਲਸਾ, ਸੁਖਦੇਵ ਸਿੰਘ ਅਤੇ ਹੋਰਨਾਂ ਖਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੇ ਇਨ੍ਹਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਹੈ। ਪੁਲੀਸ ਵੱਲੋਂ ਹਾਲ ਦੀ ਘੜੀ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ। ਹਾਲਾਂਕਿ ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਤਰਸੇਮ ਸਿੰਘ ਭਿੰਡਰ ਵੱਲੋਂ ਕਾਂਗਰਸੀ ਲੋਕ ਸਭਾ ਮੈਂਬਰ ਸ. ਰਵਨੀਤ ਸਿੰਘ ਬਿੱਟੂ ਉਪਰ ਉਨ੍ਹਾਂ ਦੀ ਕੁੱਟਮਾਰ ਕਰਨ ਅਤੇ ਅਗਵਾ ਕਰਨ ਦਾ ਦੋਸ਼ ਲਗਾਏ ਸਨ ਪਰ ਪੁਲੀਸ ਵੱਲੋਂ ਬਿੱਟੂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਬਾਕੀ ਸਫ਼ਾ 32 'ਤੇ

# 'ਆਵਾਜ਼-ਏ-ਪੰਜਾਬ' ਹੋਈ 'ਬੇਆਵਾਜ਼'

## ਬੈਂਸ ਭਰਾ, ਪਰਗਟ ਸਿੰਘ ਤੇ ਸਿੱਧੂ ਜੋੜੀ ਪੈਣਗੇ ਆਪਣੇ ਆਪਣੇ ਰਾਹ



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿੱਚ ਬਣੇ ਚੌਥੇ ਫਰੰਟ 'ਆਵਾਜ਼-ਏ-ਪੰਜਾਬ' ਵਿੱਚ ਵੰਡੀਆਂ ਪੈਣ ਦੇ ਆਸਾਰ ਬਣ ਗਏ ਹਨ। ਇਸ ਫਰੰਟ ਵਿਚਲੀਆਂ ਤਿੰਨੇ ਧਿਰਾਂ ਬੈਂਸ ਭਰਾ, ਸਿੱਧੂ ਜੋੜੀ ਤੇ ਪਰਗਟ ਸਿੰਘ ਅਗਲੇ ਦਿਨੀਂ ਵੱਖੋ-ਵੱਖਰੇ 'ਸਿਆਸੀ ਰਾਹ' ਅਪਣਾ ਸਕਦੇ ਹਨ।
ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਆਵਾਜ਼-ਏ-ਪੰਜਾਬ ਨਾਲ ਕਿਸੇ ਤਰ੍ਹਾਂ ਦਾ ਗਠਜੋੜ ਨਾ ਕਰਨ ਦੇ ਲਏ ਫ਼ੈਸਲੇ ਤੋਂ ਬਾਅਦ ਹੁਣ ਬੈਂਸ ਭਰਾ, ਪਰਗਟ ਸਿੰਘ ਤੇ ਸਿੱਧੂ ਜੋੜੀ ਆਪੋ-ਆਪਣੇ ਸਿਆਸੀ ਭਵਿੱਖ ਬਾਰੇ ਸੋਚਣ ਲਈ ਮਜਬੂਰ ਹਨ। ਸੂਤਰਾਂ ਅਨੁਸਾਰ ਇਨ੍ਹਾਂ ਵਿਚੋਂ ਕੁਝ ਆਗੂਆਂ ਦੀਆਂ ਕੁਝ ਸਿਆਸੀ ਪਾਰਟੀਆਂ ਨਾਲ ਮੀਟਿੰਗਾਂ ਹੋਈਆਂ ਹਨ ਅਤੇ ਕਿਸੇ ਵੇਲੇ ਵੀ 'ਆਵਾਜ਼-ਏ-ਪੰਜਾਬ' ਦੀ ਆਵਾਜ਼ ਫਟ ਸਕਦੀ ਹੈ। ਸੂਤਰਾਂ ਅਨੁਸਾਰ ਆਵਾਜ਼-ਏ-ਪੰਜਾਬ ਦੀ ਲੀਡਰਸ਼ਿਪ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ' ਪਾਰਟੀ ਅਤੇ 'ਆਪ' ਵਿਚੋਂ ਮੁਅੱਤਲ ਧਰਮਵੀਰ ਗਾਂਧੀ ਦੇ ਧੜੇ ਨਾਲ ਸਾਂਝ ਪਾਉਣ ਦੇ ਰੌਂਅ ਵਿੱਚ ਨਹੀਂ ਹੈ। ਸੂਤਰਾਂ ਅਨੁਸਾਰ ਕਾਂਗਰਸ ਅਤੇ 'ਆਪ' ਭਾਰਤੀ ਜਨਤਾ ਪਾਰਟੀ ਅਤੇ ਰਾਜ ਸਭਾ ਤੋਂ ਅਸਤੀਫ਼ਾ ਦੇ ਚੁੱਕੇ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਜੋੜਨ ਲਈ ਦਿਲਚਸਪ ਨਹੀਂ ਜਾਪਦੇ ਅਤੇ ਪਿਛਲੇ ਦਿਨੀਂ ਭਾਜਪਾ ਨੂੰ ਅਲਵਿਦਾ ਕਹਿ ਚੁੱਕੀ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਚੁੱਕਿਆ ਜਾ ਰਿਹਾ ਅਗਲਾ ਸਿਆਸੀ ਕਦਮ ਵੀ ਫਿਲਹਾਲ ਭੇਤ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਭਾਵੇਂ 'ਆਪ' ਨੇ ਆਵਾਜ਼-ਏ-ਪੰਜਾਬ ਨਾਲ ਕਿਸੇ ਤਰ੍ਹਾਂ ਦੀ ਸਾਂਝ ਪਾਉਣ ਤੋਂ ਕਿਨਾਰਾ ਕਰਨ ਦੀ ਰਣਨੀਤੀ ਬਣਾਈ ਹੈ ਪਰ ਇਸ ਦੀ ਲੀਡਰਸ਼ਿਪ ਅਜੇ ਵੀ ਇਸ ਧਿਰ ਦੇ ਕੁਝ ਆਗੂਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਜੋੜਨ ਦੇ ਪੱਖ ਵਿੱਚ ਹੈ ਅਤੇ ਇਸ ਸਬੰਧੀ ਦੋਵਾਂ ਧਿਰਾਂ ਦੇ ਆਗੂਆਂ ਵਿਚਕਾਰ ਗੱਲਬਾਤ ਚੱਲ ਰਹੀ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਾਫ਼ ਕਰ ਦਿੱਤਾ ਹੈ ਕਿ ਸ੍ਰੀ ਸਿੱਧੂ ਬਿਨਾਂ ਸ਼ਰਤ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਇਸ ਧਿਰ ਨਾਲ ਗਠਜੋੜ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਂਗਰਸ ਅੰਦਰਖਾਤੇ ਵਿਧਾਇਕ ਪਰਗਟ ਸਿੰਘ ਨੂੰ ਨਿੱਜੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਨ ਲਈ ਯਤਨਸ਼ੀਲ ਹੈ। ਇਸੇ ਤਰ੍ਹਾਂ ਵਿਧਾਇਕ ਭਰਾਵਾਂ ਦੀ ਜੋੜੀ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਵੀ ਆਪਣੇ ਪੱਧਰ 'ਤੇ 'ਆਪ' ਜਾਂ ਕਿਸੇ ਹੋਰ ਧਿਰ ਨਾਲ ਹੱਥ ਮਿਲਾ ਸਕਦੇ ਹਨ। ਦਰਅਸਲ ਬੈਂਸ ਭਰਾਵਾਂ ਅਤੇ ਪਰਗਟ ਸਿੰਘ ਨੇ ਪਿਛਲੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਿਸੇ ਹੋਰ ਧਿਰ ਨਾਲ ਆਵਾਜ਼-ਏ-ਪੰਜਾਬ ਦੀ ਸਾਂਝ ਪਾਉਣ ਦੇ ਅਧਿਕਾਰ ਸ੍ਰੀ ਸਿੱਧੂ ਨੂੰ ਦਿੱਤੇ ਸਨ ਪਰ ਕਾਂਗਰਸ ਤੇ 'ਆਪ' ਵੱਲੋਂ ਪੱਲਾ ਨਾ ਫੜਾਉਣ ਕਾਰਨ ਆਗੂਆਂ ਵੱਲੋਂ ਹੁਣ ਆਪੋ-ਆਪਣਾ ਸਿਆਸੀ ਭਵਿੱਖ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

# ਇੰਦਰਬੀਰ ਸਿੰਘ ਬੁਲਾਰੀਆ ਤੇ ਉਪਕਾਰ ਸਿੰਘ ਸੰਧੂ ਕਾਂਗਰਸ 'ਚ ਸ਼ਾਮਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਜੋੜੇ ਨੂੰ ਗੈਰ ਅਨੁਸ਼ਾਸਨੀ ਆਗੂ ਕਰਾਰ ਦਿੰਦਿਆਂ ਆਖਿਆ ਕਿ ਕਾਂਗਰਸ ਨੂੰ ਗੈਰ ਅਨੁਸ਼ਾਸਨੀ ਲੋਕਾਂ ਦੀ ਲੋੜ ਨਹੀਂ ਹੈ। ਉਨ੍ਹਾਂ ਇੱਥੇ ਸਾਬਕਾ ਅਕਾਲੀ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਅਤੇ ਸਾਬਕਾ ਜ਼ਿਲ੍ਹਾ ਜਥੇਦਾਰ ਉਪਕਾਰ ਸਿੰਘ ਸੰਧੂ ਦਾ ਕਾਂਗਰਸ ਵਿੱਚ ਰਸਮੀ ਤੌਰ 'ਤੇ ਸ਼ਾਮਲ ਹੋਣ 'ਤੇ ਸਵਾਗਤ ਕੀਤਾ।
ਅਕਾਲੀ ਵਿਧਾਇਕ ਵਜੋਂ ਸ੍ਰੀ ਬੁਲਾਰੀਆ ਨੂੰ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ ਸੀ। ਸ੍ਰੀ ਬੁਲਾਰੀਆ ਅਤੇ ਸ੍ਰੀ ਸੰਧੂ ਦਾ ਸਵਾਗਤ ਕਰਦਿਆਂ ਕੈਪਟਨ ਨੇ ਆਖਿਆ ਕਿ ਇਹ ਅਕਾਲੀਆਂ ਦੀ ਸੱਤਾ ਵਿਚਲੀ ਪਾਰੀ ਦੀ ਸਮਾਪਤੀ ਦਾ ਸੰਕੇਤ ਹੈ। ਜਲਦੀ ਹੀ ਹੋਰ ਅਕਾਲੀ ਆਗੂ ਵੀ ਕਾਂਗਰਸ ਵਿੱਚ ਸ਼ਾਮਲ ਹੋਣਗੇ। ਕਈ ਅਜਿਹੇ ਅਕਾਲੀ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ। ਸ੍ਰੀ ਬੁਲਾਰੀਆ ਦੀ ਪਾਰਟੀ ਵਿੱਚ ਆਮਦ ਨੂੰ ਉਨ੍ਹਾਂ ਸ਼ਮੂਲੀਅਤ ਦੀ ਥਾਂ ਘਰ ਵਾਪਸੀ ਕਰਾਰ ਦਿੱਤਾ।
ਇਸ ਮੌਕੇ ਸਿੱਧੂ ਜੋੜੇ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਕਾਂਗਰਸ ਵਿੱਚ ਹਰ ਕਿਸੇ ਦੀ ਸ਼ਮੂਲੀਅਤ ਦਾ ਸਵਾਗਤ ਕੀਤਾ ਜਾਵੇਗਾ ਪਰ ਸ਼ਾਮਲ ਹੋਣ ਵਾਲਿਆਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਜੋੜਾ ਗੈਰ-ਅਨੁਸ਼ਾਸਨੀ ਆਗੂ ਹੈ ਅਤੇ ਅਜਿਹੇ ਲੋਕਾਂ ਦੀ ਕਾਂਗਰਸ ਨੂੰ ਲੋੜ ਨਹੀਂ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਆਵਾਜ਼-ਏ-ਪੰਜਾਬ ਫਰੰਟ ਨਾਲ ਕੋਈ ਗਠਜੋੜ ਨਹੀਂ ਹੋ ਸਕਦਾ ਅਤੇ ਸਿਰਫ ਰਲੇਵਾਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਿੱਧੂ ਜੋੜੇ ਨੂੰ ਕਾਂਗਰਸ ਵਿੱਚ ਆਉਣ ਲਈ ਸੱਦਾ ਦਿੱਤਾ ਸੀ ਕਿਉਂਕਿ ਉਨ੍ਹਾਂ ਦਾ ਪਰਿਵਾਰ ਕਾਂਗਰਸੀ ਸੀ ਅਤੇ ਹਰੇਕ ਕਾਂਗਰਸੀ ਲਈ ਘਰ ਵਾਪਸੀ ਵਾਸਤੇ ਦਰਵਾਜ਼ੇ ਖੁੱਲ੍ਹੇ ਹਨ। ਪਰ ਉਨ੍ਹਾਂ ਨੇ ਕਾਂਗਰਸ ਵਿੱਚ ਵਾਪਸੀ ਤੋਂ ਪਹਿਲਾਂ ਹੀ ਗਲਤ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਸੀ। ਡਾ. ਨਵਜੋਤ ਕੌਰ ਸਿੱਧੂ ਵੱਲੋਂ ਕੀਤੇ ਗਏ ਦਾਅਵੇ ਕਿ ਸ੍ਰੀ ਨਵਜੋਤ ਸਿੰਘ ਸਿੱਧੂ ਦਾ ਰਾਹੁਲ ਗਾਂਧੀ ਨਾਲ ਸੰਪਰਕ ਬਣਿਆ ਹੋਇਆ ਹੈ ਅਤੇ ਮੁਲਾਕਾਤ ਵੀ ਹੋਈ ਹੈ, ਬਾਰੇ ਕੈਪਟਨ ਨੇ ਆਖਿਆ ਕਿ ਡਾ. ਸਿੱਧੂ ਦੱਸਣ ਕਿ ਰਾਹੁਲ ਗਾਂਧੀ ਨਾਲ ਕਿਸ ਥਾਂ 'ਤੇ ਮੀਟਿੰਗ ਹੋਈ ਹੈ। ਰਾਹੁਲ ਗਾਂਧੀ ਪਿਛਲੇ ਮਹੀਨੇ ਤੋਂ ਉਤਰ ਪ੍ਰਦੇਸ਼ ਚੋਣਾਂ ਕਾਰਨ ਯੂ.ਪੀ. ਵਿੱਚ ਹਨ ਅਤੇ ਸ੍ਰੀ ਨਵਜੋਤ ਸਿੰਘ ਸਿੱਧੂ ਨਾਲ ਕੋਈ ਮੀਟਿੰਗ ਨਹੀਂ ਹੋਈ। ਅਨਾਜ ਘਪਲੇ ਬਾਰੇ ਉਨ੍ਹਾਂ ਆਖਿਆ ਕਿ ਜੇਕਰ ਕਾਂਗਰਸ ਸੱਤਾ ਵਿੱਚ ਆਈ ਤਾਂ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇਗੀ। ਉਨ੍ਹਾਂ ਆਖਿਆ ਕਿ 32 ਹਜ਼ਾਰ ਕਰੋੜ ਰੁਪਏ ਦਾ ਅਨਾਜ ਘਪਲਾ ਕੇਂਦਰੀ ਫੰਡਾਂ ਨੂੰ ਖੁਰਦ-ਬੁਰਦ ਕਰਨ ਦਾ ਮਾਮਲਾ ਹੈ ਅਤੇ ਅਜਿਹੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਕੈਪਟਨ ਨੇ ਲੁਧਿਆਣਾ ਵਿੱਚ ਕਾਂਗਰਸ ਕਾਰਕੁਨਾਂ 'ਤੇ ਕੀਤੀ ਗਈ ਵਧੀਕੀ ਦੀ ਨਿਖੇਧੀ ਕਰਦਿਆਂ ਆਖਿਆ ਕਿ ਕਾਂਗਰਸ ਕਾਰਕੁਨਾਂ ਨੂੰ ਅਕਾਲੀ ਆਗੂਆਂ ਦੇ ਪੁਤਲੇ ਸਾੜਨ ਦਾ ਪੂਰਾ ਹੱਕ ਹੈ ਅਤੇ ਕੋਈ ਇਸ ਹੱਕ ਨੂੰ ਖੋਹ ਨਹੀਂ ਸਕਦਾ। ਇਸ ਮੌਕੇ ਸ੍ਰੀ ਬੁਲਾਰੀਆ ਨੇ ਪਾਰਟੀ ਛੱਡਣ ਦਾ ਕਾਰਨ ਬਿਆਨ ਕਰਦਿਆਂ ਆਖਿਆ ਕਿ ਅਕਾਲੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਹਲਕੇ ਦੇ ਲੋਕਾਂ ਵਿੱਚ ਭਾਰੀ ਰੋਸ ਹੈ। ਅਕਾਲੀਆਂ ਦੀਆਂ ਵਧੀਕੀਆਂ ਨੂੰ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਨੱਥ ਪਾ ਸਕਦੇ ਹਨ।



**ਅੰਮ੍ਰਿਤਸਰ ਵਿੱਚ ਇੰਦਰਬੀਰ ਸਿੰਘ ਬੁਲਾਰੀਆ (ਸੱਜਿਓਂ ਦੂਜੇ) ਅਤੇ ਉਪਕਾਰ ਸਿੰਘ ਸੰਧੂ (ਸੱਜੇ) ਨੂੰ ਰਸਮੀ ਤੌਰ 'ਤੇ ਕਾਂਗਰਸ ਵਿੱਚ ਸ਼ਾਮਲ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ।**

## ਬੁਲਾਰੀਆ ਨੇ ਵਿਧਾਇਕੀ ਤੋਂ ਅਸਤੀਫ਼ਾ ਦਿੱਤਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅੰਮ੍ਰਿਤਸਰ ਦੇ ਦੱਖਣੀ ਵਿਧਾਨ ਸਭਾ ਹਲਕਾ ਤੋਂ ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ ਨੇ ਆਪਣੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਬੁਲਾਰੀਆ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਆਪਣਾ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਭੇਜਿਆ ਹੈ। ਉਨ੍ਹਾਂ ਅਸਤੀਫ਼ੇ ਵਿਚ ਕਿਹਾ ਕਿ ਇਸ ਪਿੱਛੇ ਉਨ੍ਹਾਂ ਦਾ ਕੋਈ ਨਿੱਜੀ ਫ਼ਾਇਦਾ ਨਹੀਂ ਜੁੜਿਆ ਹੋਇਆ ਹੈ, ਜਿਸ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਅਕਾਲੀ-ਭਾਜਪਾ ਗਠਜੋੜ ਸਰਕਾਰ ਜਿਵੇਂ ਕੰਮ ਕਰ ਰਹੀ ਹੈ, ਉਹ ਉਸ ਮਾਹੌਲ ਵਿਚ ਘੁੱਟਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਮਾਹੌਲ ਪੂਰੀ ਤਰ੍ਹਾਂ ਡਗਮਗਾ ਗਿਆ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ ਦੀ ਦੂਰ ਦੀ ਗੱਲ ਇਹ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੇਵਾ-ਸੰਭਾਲ ਵਿਚ ਵੀ ਪੂਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਪੰਥਕ ਅਖਵਾਉਣ ਵਾਲੀ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰਨਾਂ ਧਰਮਾਂ ਦੇ ਗ੍ਰੰਥਾਂ ਦੀ ਬੇਅਦਬੀ ਹੋਈ ਹੈ, ਜੋ ਕਿ ਸਹਿਣਯੋਗ ਨਹੀਂ ਹੈ। ਸਰਕਾਰ ਅਮਨ-ਕਾਨੂੰਨੀ ਦੀ ਸਥਿਤੀ ਬਣਾਉਣ ਵਿਚ ਪੂਰੀ ਤਰ੍ਹਾਂ ਫੇਲ ਹੋਈ ਹੈ। ਉਨ੍ਹਾਂ ਆਪਣੇ ਅਸਤੀਫ਼ੇ ਵਿਚ ਭਗਤਾਂ ਵਾਲਾ ਡੰਪ ਨੇੜੇ ਸਥਾਪਤ ਹੋਣ ਵਾਲੇ ਸਾਲਿਡ ਵੇਸਟ ਪਲਾਂਟ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਕਿਧਰੇ ਹੋਰ ਤਬਦੀਲ ਹੋਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਬੁਲਾਰੀਆ ਪਰਿਵਾਰ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਤੋਂ ਬਾਅਦ ਅੰਮ੍ਰਿਤਸਰ ਦਾ ਦੱਖਣੀ ਵਿਧਾਨ ਸਭਾ ਹਲਕਾ ਅਕਾਲੀਆਂ ਦਾ ਬਾਕੀ ਸਫ਼ਾ 32 'ਤੇ

# ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਭਾਈ ਬਲਬੀਰ ਸਿੰਘ ਨੇ ਨਾ ਲਿਆ ਸਿਰੋਪਾਓ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਮੁੱਖ ਮੰਤਰੀ ਨੂੰ ਸਿਰੋਪਾਓ ਨਾ ਦੇਣ ਵਾਲੇ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਬਲਬੀਰ ਸਿੰਘ ਨੇ ਖ਼ੁਦ ਵੀ ਸਨਮਾਨ ਸਮਾਗਮ ਵਿੱਚ ਇਸੇ ਰੋਸ ਵਜੋਂ ਸਿਰੋਪਾਓ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਤਰਨ ਤਾਰਨ ਦੇ ਪਿੰਡ ਫੈਲੋਕੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਸੀ। ਇਹ ਸਮਾਗਮ ਸਿੱਖ ਯੂਥ ਦਲ ਦੇ ਭਾਈ ਸੁਖਚੈਨ ਸਿੰਘ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਸੁਰਜੀਤ ਸਿੰਘ ਤੇ ਭਾਈ ਸਵਿੰਦਰ ਸਿੰਘ ਦੀ ਅਗਵਾਈ ਵਿਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਭਾਈ ਬਲਬੀਰ ਸਿੰਘ ਅਰਦਾਸੀਏ ਨੂੰ ਵੀ ਸੱਦਿਆ ਗਿਆ ਸੀ। ਸਮਾਗਮ ਦੌਰਾਨ ਪ੍ਰਬੰਧਕਾਂ ਵਲੋਂ ਸਮੂਹ ਜਥਿਆਂ ਦਾ ਸਨਮਾਨ ਕੀਤਾ ਗਿਆ ਪਰ ਭਾਈ ਬਲਬੀਰ ਸਿੰਘ ਨੇ ਸਨਮਾਨ ਵਜੋਂ ਸਿਰੋਪਾਓ ਲੈਣ ਤੋਂ ਨਾਂਹ ਕਰ ਦਿੱਤੀ। ਜਦੋਂ ਪ੍ਰਬੰਧਕਾਂ ਨੇ ਇਸ ਸਬੰਧੀ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਪਿਛਲੇ ਇੱਕ ਸਾਲ ਵਿੱਚ ਵੱਡੀ ਗਿਣਤੀ ਘਟਨਾਵਾਂ ਵਾਪਰੀਆਂ ਹਨ। ਇਸ ਲਈ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਹੋਵੇ ਤਾਂ ਅਜਿਹੇ ਮੌਕੇ ਸਨਮਾਨ ਪ੍ਰਾਪਤ ਕਰਨਾ ਉਚਿਤ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸੇ ਰੋਸ ਵਜੋਂ ਹੀ ਉਨ੍ਹਾਂ ਨੇ ਸਿਰੋਪਾਓ ਲੈਣ ਤੋਂ ਇਨਕਾਰ ਕੀਤਾ।

# ਐਤਕੀਂ ਵੀ ਤੁਹਾਡਾ ਭਰਵਾਂ ਸਹਿਯੋਗ ਮੇਰੀ ਉਮਰ ਵਧਾ ਸਕਦੈ : ਬਾਦਲ

## 'ਨਵਜੋਤ ਕੌਰ ਸਿੱਧੂ ਨੇ ਲਾਲਚ ਕਰਕੇ ਪਾਰਟੀ ਛੱਡੀ'



**ਲੰਬੀ/ਬਿਊਰੋ ਨਿਊਜ਼ :** ਲੰਬੀ ਹਲਕੇ ਵਿੱਚ ਸੰਗਤ ਦਰਸ਼ਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਤੋਂ ਆਪਣੀ ਉਮਰ ਦੀ ਦੁਹਾਈ ਦੇ ਕੇ ਚੋਣਾਂ ਲਈ ਸਮਰਥਨ ਮੰਗਦਿਆਂ ਕਿਹਾ, 'ਜੇਕਰ ਤੁਸੀਂ ਐਤਕੀਂ ਵੀ ਭਰਵਾਂ ਸਹਿਯੋਗ ਦੇ ਦਿਓ ਤਾਂ ਮੇਰੀ ਉਮਰ 10 ਸਾਲ ਹੋਰ ਵਧ ਜਾਣੀ ਐ।' ਮੁੱਖ ਮੰਤਰੀ ਦੇ ਸੱਜਰੇ ਕਥਨਾਂ ਬਾਰੇ ਚਰਚਾ ਹੈ ਕਿ ਪੰਜ ਸਾਲ ਪਹਿਲਾਂ ਵੀ ਉਨ੍ਹਾਂ ਨੇ ਆਪਣੀ ਅਖ਼ੀਰਲੀ ਚੋਣ ਦੱਸ ਕੇ ਵੋਟਰਾਂ ਦਾ ਸਹਿਯੋਗ ਹਾਸਲ ਕੀਤਾ ਸੀ। ਇਸ ਵਾਰ ਉਹ ਆਪਣੀ ਉਮਰ 10 ਸਾਲ ਹੋਰ ਵਧਾਉਣ ਦਾ ਕਹਿ ਕੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰ ਰਹੇ ਹਨ। ਉਹ ਅੱਜਕੱਲ੍ਹ ਸੰਗਤ ਦਰਸ਼ਨ ਲੋਕਾਂ ਨੂੰ ਖਾਸ ਤੌਰ 'ਤੇ ਸਭ ਤੋਂ ਵੱਧ ਲੋੜੀਂਦੀ ਮੰਗ ਬਾਰੇ ਪੁੱਛਦੇ ਹਨ ਅਤੇ ਫਿਰ ਗੱਫ਼ਾ ਦਿੰਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਕਿਹਾ ਹੈ ਕਿ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਨਿੱਜੀ ਲਾਲਚ ਤਹਿਤ ਪਾਰਟੀ ਛੱਡੀ ਹੈ। ਉਨ੍ਹਾਂ ਨੇ ਕਦੇ ਵੀ ਬੀਬੀ ਸਿੱਧੂ ਦੇ ਕੰਮਾਂ ਵਿੱਚ ਅੜਿੱਕਾ ਨਹੀਂ ਡਾਹਿਆ ਸਗੋਂ ਉਨ੍ਹਾਂ ਦੇ ਹਲਕੇ ਦੇ ਵਿਕਾਸ ਲਈ ਹਮੇਸ਼ਾ ਵਧ-ਚੜ੍ਹ ਕੇ ਸਹਿਯੋਗ ਦਿੱਤਾ ਹੈ। ਮਾਂ ਪਾਰਟੀ ਨਾਲ ਵਿਸ਼ਵਾਸਘਾਤ ਕਰਨ ਵਾਲਾ ਆਗੂ ਕਿਧਰੇ ਵੀ ਕਾਮਯਾਬ ਨਹੀਂ ਹੁੰਦਾ।

ਮੁੱਖ ਮੰਤਰੀ ਨੇ ਪਿੰਡ ਕਰਮਗੜ੍ਹ, ਕਬਰਵਾਲਾ, ਪੱਕੀ ਟਿੱਬੀ, ਗੁਰੂਸਰ ਜੋਧਾਂ, ਸ਼ਾਮਖੇੜਾ ਅਤੇ ਡੱਬਵਾਲੀ ਢਾਬ ਵਿੱਚ ਸੰਗਤ ਦਰਸ਼ਨ ਕੀਤੇ। ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਘੁਟਾਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਖ਼ਾਰਜ ਕਰਨ ਦੀ ਰਿਪੋਰਟ ਬਾਅਦ ਕਾਂਗਰਸ ਨਾਲ ਅੰਦਰੂਨੀ ਸਮਝੌਤੇ ਦੇ ਲੱਗੇ ਦੋਸ਼ਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਤੇ ਸਿੱਖਾਂ ਨਾਲ ਵਧੀਕੀਆਂ ਕਰਨ ਵਾਲੀ ਕਾਂਗਰਸ ਨਾਲ ਅਕਾਲੀ ਦਲ ਦੀ ਸਾਂਝ ਬਾਰੇ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਨਾਲ ਹਮੇਸ਼ਾ ਧੱਕਾ ਕੀਤੀ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵਿਚਾਲੇ ਸਾਂਝ ਹੋਣ ਦੇ ਦਿੱਤੇ ਬਿਆਨ ਨੂੰ ਕੋਰਾ ਝੂਠ ਕਰਾਰ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਕੇਜਰੀਵਾਲ ਨੂੰ ਨਾ ਤਾਂ ਪੰਜਾਬ ਦੇ ਮਸਲਿਆਂ ਦੀ ਸਮਝ ਹੈ ਅਤੇ ਨਾ ਹੀ ਇੱਥੋਂ ਦੇ ਲੋਕਾਂ ਦੀਆਂ ਲੋੜਾਂ ਬਾਰੇ ਪਤਾ ਹੈ। 'ਆਪ' ਕੋਲ ਪੰਜਾਬ ਦੇ ਵਿਕਾਸ ਲਈ ਕੋਈ ਏਜੰਡਾ ਨਹੀਂ ਸਗੋਂ ਪੰਜਾਬੀਆਂ ਨੂੰ ਫੋਕੇ ਨਾਅਰਿਆਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਚਾਰਧਾਰਾ ਤੋਂ ਵਿਹੂਣੀ ਪਾਰਟੀ ਦਾ ਕੋਈ ਵਜੂਦ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ 'ਆਪ' ਦੇ ਵਰਕਰ ਹੀ ਆਪਣੇ ਆਗੂਆਂ 'ਤੇ ਟਿਕਟਾਂ ਵੇਚਣ ਦੇ ਦੋਸ਼ ਲਾ ਰਹੇ ਹਨ, ਜੋ ਪਾਰਟੀ ਦੇ ਸਿਆਸੀ ਨਿਘਾਰ ਦਾ ਸਬੂਤ ਹੈ। ਕੈਪਟਨ ਅਮਰਿੰਦਰ ਸਿੰਘ ਨੂੰ 'ਮਹਿਲਾਂ ਦਾ ਰਾਜਾ' ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਾਜੇ ਨੂੰ ਕਦੇ ਵੀ ਆਪਣੀ ਪਰਜਾ ਦੀਆਂ ਦੁੱਖ-ਤਕਲੀਫਾਂ ਦੀ ਪ੍ਰਵਾਹ ਨਹੀਂ ਹੁੰਦੀ ਸਗੋਂ ਕਈ ਵਾਰ ਲੋਕਾਂ ਦੀਆਂ ਸਹੂਲਤਾਂ ਵੀ ਖੋਹ ਲੈਂਦਾ ਹੈ। ਕੈਪਟਨ ਨੇ ਆਪਣੀ ਸਰਕਾਰ ਦੇ ਹੁੰਦਿਆਂ ਕਿਸਾਨਾਂ ਤੋਂ ਟਿਊਬਵੈੱਲਾਂ ਦੇ ਬਿੱਲ ਲੈਣੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਨੂੰ ਝੋਨੇ ਦੀ ਖਰੀਦ ਵਿਚ 17 ਫ਼ੀਸਦ ਨਮੀ ਦੀ ਛੋਟ ਅਤੇ ਹਰਿਆਣਾ ਵਿਚ 21 ਫ਼ੀਸਦ ਨਮੀ ਦੀ ਛੋਟ ਦਿੱਤੇ ਜਾਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੇਂਦਰੀ ਖਰੀਦ ਏਜੰਸੀਆਂ ਨਾਲ ਜੁੜਿਆ ਮਾਮਲਾ ਹੈ, ਜਿਸ ਵਿਚ ਸੂਬਾਈ ਸਰਕਾਰ ਦਾ ਕੋਈ ਦਖ਼ਲ ਨਹੀਂ।

# ਕੈਪਟਨ ਦਾ ਚੁਣਾਵੀ ਦਾਅ : ਕਿਸਾਨਾਂ ਦਾ ਕਰਜ਼ਾ ਤੇ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ

## 'ਆਵਾਜ਼-ਏ-ਪੰਜਾਬ' ਨਾਲ ਗਠਜੋੜ ਨਹੀਂ, ਸਿਰਫ਼ ਰਲੇਵਾਂ ਹੀ ਸੰਭਵ

**ਚੰਡੀਗੜ੍ਹ/ਬਿਊਰੋ ਨਿਊਜ਼ :** ਉਤਰ ਪ੍ਰਦੇਸ਼ ਵਿਚ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਸਫਲ ਕਿਸਾਨ ਯਾਤਰਾ ਮਗਰੋਂ ਹੁਣ ਕਾਂਗਰਸ ਪੰਜਾਬ ਵਿਚ ਕਿਸਾਨ ਸੰਪਰਕ ਪ੍ਰੋਗਰਾਮ ਸ਼ੁਰੂ ਕਰੇਗੀ। ਉਤਰ ਪ੍ਰਦੇਸ਼ ਵਿਚ ਕਰਜ਼ਾ ਮੁਆਫ਼ੀ ਦੇ ਨਾਅਰੇ ਮਗਰੋਂ ਪੰਜਾਬ ਵਿਚ 'ਕਰਜ਼ਾ-ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ' ਦਾ ਨਾਅਰਾ ਦਿੱਤਾ ਜਾਵੇਗਾ। ਇਸ ਸਬੰਧੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰੋਗਰਾਮ ਦੇ ਪਹਿਲੇ ਪੜਾਅ ਵਿਚ 12-25 ਅਕਤੂਬਰ ਤਕ ਵਰਕਰ 25 ਲੱਖ ਘਰਾਂ ਵਿਚ ਦਸਤਕ ਦੇਣਗੇ। ਇਸ ਦੌਰਾਨ ਪਾਰਟੀ ਸੂਬੇ ਦੇ 75 ਲੱਖ ਵੋਟਰਾਂ ਨਾਲ ਸਿੱਧਾ ਸੰਪਰਕ ਕਰੇਗੀ ਤੇ ਦੋ ਕਰੋੜ ਲੋਕਾਂ ਤਕ ਪਹੁੰਚ ਬਣਾਏਗੀ।



### ਕਰਜ਼ਾ ਮੁਆਫ਼ੀ ਦਾ ਸਮਝੌਤਾ :

ਮੁਹਿੰਮ ਤਹਿਤ ਕਾਂਗਰਸ ਵਰਕਰ ਪ੍ਰੋਫਾਰਮਾ ਭਰਨਗੇ, ਜਿਸ ਵਿਚ ਘਰ ਵਿਚ ਰਹਿਣ ਵਾਲਿਆਂ ਤੇ ਉਨ੍ਹਾਂ ਦੇ ਕਰਜ਼ੇ ਦੀ ਜਾਣਕਾਰੀ ਹੋਵੇਗੀ। ਕਿਸਾਨਾਂ ਨੂੰ ਕਾਂਗਰਸ ਸਰਕਾਰ ਬਣਨ ਮਗਰੋਂ ਕਰਜ਼ਾ ਮੁਆਫ਼ੀ ਦੇ ਸਮਝੌਤੇ ਦੀ ਰਸੀਦ ਦਿੱਤੀ ਜਾਵੇਗੀ। ਕੈਪਟਨ ਨੇ ਕਿਹਾ ਕਿ ਪਾਰਟੀ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਨ ਲਈ ਵਚਨਬੱਧ ਹੈ। ਕਿਸਾਨਾਂ ਦੀਆਂ ਜ਼ਮੀਨਾਂ ਦੀ ਨਿਲਾਮੀ ਤੇ ਬੇਦਖ਼ਲੀ 'ਤੇ ਰੋਕ ਲਗਾਈ ਜਾਵੇਗੀ। ਮੰਡੀਆਂ ਵਿਚ ਅਨਾਜ ਖ਼ਰੀਦ ਨਿਸ਼ਚਤ ਕੀਤਾ ਜਾਵੇਗਾ। ਸਵਾਮੀਨਾਥਨ ਕਮਿਸ਼ਨ ਦੀਆਂ ਜ਼ਿਆਦਾਤਰ ਸਿਫ਼ਾਰਸ਼ਾਂ ਲਾਗੂ ਕੀਤੀਆਂ ਜਾਣਗੀਆਂ।

### *1600 'ਚੋਂ 600 ਉਮੀਦਵਾਰਾਂ ਦੀ ਸ਼ਾਰਟ ਲਿਸਟ*

*ਉਨ੍ਹਾਂ ਇੱਕ ਹੋਰ ਖ਼ੁਲਾਸਾ ਕੀਤਾ ਕਿ ਪਾਰਟੀ ਦੀਆਂ ਟਿਕਟਾਂ ਵਾਸਤੇ ਪ੍ਰਾਪਤ ਹੋਈਆਂ ਕੁੱਲ 1600 ਦਾਅਵੇਦਾਰਾਂ ਦੀਆਂ ਅਰਜ਼ੀਆਂ ਵਿੱਚੋਂ ਪੰਜਾਬ ਕਾਂਗਰਸ ਨੇ 600 ਛਾਂਟੀਆਂ ਹਨ, ਜਦੋਂਕਿ 1000 ਅਰਜ਼ੀਆਂ ਤਕਨੀਕੀ ਆਧਾਰ 'ਤੇ ਰੱਦ ਕਰ ਦਿੱਤੀਆਂ ਹਨ। ਰੱਦ ਕੀਤੀਆਂ ਬਹੁਤੀਆਂ ਅਰਜ਼ੀਆਂ ਅਧੂਰੀਆਂ ਸਨ, ਜਦੋਂਕਿ ਕੁਝ ਬਿਨੈਕਾਰ ਲੋੜ ਮੁਤਾਬਕ ਸਬੰਧਤ ਹਲਕੇ ਦੇ ਬੂਥਾਂ ਵਿਚੋਂ ਦੋ-ਦੋ ਵਿਅਕਤੀਆਂ ਨਾਲ ਸੰਪਰਕ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਨਾਕਾਮ ਰਹੇ ਹਨ। ਪਾਰਟੀ ਨੇ ਪਹਿਲੀ ਵਾਰ ਉਮੀਦਵਾਰਾਂ ਵਾਸਤੇ ਸਖ਼ਤ ਸ਼ਰਤਾਂ ਰੱਖੀਆਂ ਹਨ ਅਤੇ ਉਮੀਦਵਾਰਾਂ ਦੀ ਚੋਣ ਲਈ ਸਿਰਫ਼ ਜਿੱਤਣ ਦੀ ਕਾਬਲੀਅਤ ਇੱਕੋ-ਮਾਤਰ ਆਧਾਰ ਹੋਵੇਗੀ। ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਦੀ ਅਗਵਾਈ ਹੇਠ 4 ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਹੜੀ ਉਮੀਦਵਾਰਾਂ ਦੀ ਪੜਤਾਲ ਕਰੇਗੀ।*

## 'ਆਵਾਜ਼-ਏ-ਪੰਜਾਬ' ਨਾਲ ਗਠਜੋੜ ਨਹੀਂ

ਕੈਪਟਨ ਅਮਰਿੰਦਰ ਸਿੰਘ ਨੇ 'ਆਵਾਜ਼-ਏ-ਪੰਜਾਬ' ਨਾਲ ਕਿਸੇ ਵੀ ਤਰ੍ਹਾਂ ਦੇ ਗਠਜੋੜ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਫਰੰਟ ਦਾ ਕਾਂਗਰਸ ਵਿਚ ਸਿਰਫ਼ ਰਲੇਵਾਂ ਹੀ ਸੰਭਵ ਹੈ। ਕੈਪਟਨ ਅਮਰਿੰਦਰ ਦੇ ਇਸ ਐਲਾਨ ਤੋਂ ਬਾਅਦ 'ਆਵਾਜ਼-ਏ-ਪੰਜਾਬ' ਲਈ ਕਸੂਤੀ ਸਥਿਤੀ ਬਣ ਗਈ ਹੈ ਕਿਉਂਕਿ ਆਮ ਆਦਮੀ ਪਾਰਟੀ (ਆਪ) ਪਹਿਲਾਂ ਹੀ ਨਵਜੋਤ ਸਿੱਧੂ, ਵਿਧਾਇਕ ਬੈਂਸ ਭਰਾਵਾਂ ਤੇ ਪਰਗਟ ਸਿੰਘ ਨਾਲ ਕਿਸੇ ਤਰ੍ਹਾਂ ਦਾ ਗਠਜੋੜ ਕਰਨ ਤੋਂ ਪਾਸਾ ਵੱਟ ਚੁੱਕੀ ਹੈ। ਕਾਂਗਰਸ ਅਤੇ 'ਆਪ' ਪਰਗਟ ਸਿੰਘ ਨੂੰ ਆਪੋ-ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਲਈ ਜ਼ਰੂਰ ਗੰਭੀਰ ਜਾਪਦੀਆਂ ਹਨ। ਕੈਪਟਨ ਅਮਰਿੰਦਰ ਨੇ ਸਪਸ਼ਟ ਕੀਤਾ ਕਿ ਕਿਸੇ ਵੀ ਕਾਂਗਰਸੀ ਆਗੂ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਕੋਈ ਗੱਲਬਾਤ ਨਹੀਂ ਚੱਲ ਰਹੀ ਹੈ ਤੇ ਇਹ ਸਭ ਅਫ਼ਵਾਹਾਂ ਹਨ। ਉਨ੍ਹਾਂ ਬੜੇ ਵਿਸ਼ਵਾਸ ਨਾਲ ਕਿਹਾ ਕਿ ਜੇ ਸਿੱਧੂ ਧੜੇ ਨਾਲ ਕੋਈ ਗੱਲਬਾਤ ਹੁੰਦੀ ਹੈ ਤਾਂ ਉਸ ਬਾਰੇ ਸੂਬਾਈ ਲੀਡਰਸ਼ਿਪ ਅਤੇ ਖ਼ਾਸ ਕਰਕੇ ਪਾਰਟੀ ਇੰਚਾਰਜ ਆਸ਼ਾ ਕੁਮਾਰੀ ਤੇ ਕੌਮੀ ਸਕੱਤਰ ਹਰੀਸ਼ ਚੌਧਰੀ ਨੂੰ ਜ਼ਰੂਰ ਜਾਣਕਾਰੀ ਹੋਣੀ ਸੀ।

ਉਨ੍ਹਾਂ ਉਲਟਾ ਸਿੱਧੂ ਜੋੜੇ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਕਿਹੜੇ ਕੇਂਦਰੀ ਆਗੂ ਨਾਲ ਗੱਲ ਹੋਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਹਰ ਕਿਸੇ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਹੈ ਪਰ ਇਸ ਦੌਰਾਨ ਸ਼ਰਤ ਤੇ ਸੀਟ ਸਬੰਧੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਧੜਾ ਵੀ ਪੀਪਲਜ਼ ਪਾਰਟੀ ਆਫ ਪੰਜਾਬ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਾਂਗ ਕਾਂਗਰਸ ਵਿੱਚ ਸਿਰਫ਼ ਰਲੇਵਾਂ ਹੀ ਕਰ ਸਕਦੇ ਹਨ। ਸਾਬਕਾ ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਅਕਾਲੀ ਦਲ ਤੇ 'ਆਪ' ਸਮੇਤ ਹੋਰ ਪਾਰਟੀਆਂ ਵਿੱਚੋਂ ਕਾਂਗਰਸ ਵਿਚ ਸ਼ਾਮਲ ਹੋਣ ਦੇ ਚਾਹਵਾਨ ਲੋਕਾਂ ਬਾਰੇ ਵੀ ਇੱਕ ਵਿਸ਼ੇਸ਼ ਕਮੇਟੀ ਉਨ੍ਹਾਂ ਦੇ ਇਤਿਹਾਸ ਅਤੇ ਪ੍ਰੋਫਾਈਲ ਦੀ ਪੜਤਾਲ ਕਰਨ ਮਗਰੋਂ ਹੀ ਅਜਿਹੇ ਬਾਹਰੀ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰੇਗੀ।

# ਚੋਣਾਂ ਤੋਂ ਪਹਿਲਾਂ ਅਕਾਲੀਆਂ ਦਾ ਡੇਰਾ ਸਿਰਸਾ ਨਾਲ ਜਾਗਿਆ ਪ੍ਰੇਮ

**ਬਠਿੰਡਾ/ਬਿਊਰੋ ਨਿਊਜ਼ :** ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਦਾ ਹੇਜ ਜਾਗਿਆ ਹੈ। ਕੁਝ ਸਮੇਂ ਤੋਂ ਸਿਆਸੀ ਰਿਉੜੀਆਂ ਦੀ ਵੰਡ ਵਿੱਚ ਡੇਰਾ ਸਿਰਸਾ ਨੂੰ ਗੁਪਤ ਤੌਰ 'ਤੇ ਵੱਖਰਾ ਕੋਟਾ ਦਿੱਤਾ ਜਾਣ ਲੱਗਾ ਹੈ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਸਿਰਸਾ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ ਪਰ ਅਕਾਲੀ ਦਲ ਕਿਵੇਂ ਨਾ ਕਿਵੇਂ ਡੇਰਾ ਪੈਰੋਕਾਰਾਂ ਉਤੇ 'ਸੰਕਟ' ਦੀ ਘੜੀ ਵਿਚ ਟੇਕ ਰੱਖ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਖਵੀਆਂ ਸੀਟਾਂ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਇਸ ਵਰਗ ਵਿਚ ਡੇਰਾ ਸਿਰਸਾ ਦਾ ਵੱਡਾ ਵੋਟ ਬੈਂਕ ਹੈ। ਸੂਤਰਾਂ ਅਨੁਸਾਰ ਅਕਾਲੀ ਸਰਕਾਰ ਨੇ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਮੈਂਬਰਾਂ ਨੂੰ ਚੇਅਰਮੈਨੀ



ਕੋਟੇ ਵਾਲੇ ਨਵੇਂ ਟਿਊਬਵੈੱਲ ਕੁਨੈਕਸ਼ਨਾਂ ਦੀ ਵੰਡ ਵਿਚ ਵੱਖਰਾ ਕੋਟਾ ਦਿੱਤਾ ਹੈ। ਬਠਿੰਡਾ ਤੇ ਮਾਨਸਾ ਵਿੱਚ ਡੇਰਾ ਪੈਰੋਕਾਰਾਂ ਨੂੰ ਤਕਰੀਬਨ 600 ਕੁਨੈਕਸ਼ਨ ਦਿੱਤੇ ਜਾਣ ਦੀ ਸੂਚਨਾ ਹੈ। ਪਾਵਰਕੌਮ ਦੇ ਅਫ਼ਸਰ 'ਆਫ ਰਿਕਾਰਡ' ਤਾਂ ਇਸ ਗੱਲ ਨੂੰ ਸਵੀਕਾਰ ਕਰ ਰਹੇ ਹਨ ਪਰ ਖੁੱਲ੍ਹੇਆਮ ਕਹਿਣ ਤੋਂ ਡਰ ਰਹੇ ਹਨ। ਬਠਿੰਡਾ, ਮਾਨਸਾ ਤੇ ਮੁਕਤਸਰ ਵਿਚ ਡੇਰਾ ਸਿਰਸਾ ਦੇ ਜ਼ਿਆਦਾ ਪ੍ਰਭਾਵ ਵਾਲੇ ਪਿੰਡਾਂ ਵਿੱਚ ਇਹ ਕੁਨੈਕਸ਼ਨ ਦਿੱਤੇ ਗਏ ਹਨ। ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਸੀਨੀਅਰ ਮੈਂਬਰ ਬਲਰਾਜ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਲੋੜਵੰਦ ਡੇਰਾ ਪੈਰੋਕਾਰਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਕੁੱਝ ਸਮਾਂ ਪਹਿਲਾਂ ਡੇਰਾ ਪੈਰੋਕਾਰਾਂ ਦੀ ਸੂਚੀ ਸੌਂਪੀ ਸੀ। ਇਨ੍ਹਾਂ ਦੇ ਲਾਏ ਇੱਕ-ਦੋ ਇਤਰਾਜ਼ਾਂ ਨੂੰ ਵੀ ਹੁਣ ਦੂਰ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਬਠਿੰਡਾ ਨੂੰ 300 ਡੇਰਾ ਪੈਰੋਕਾਰਾਂ ਦੀ ਸੂਚੀ ਦਿੱਤੀ ਹੈ। ਬਲਾਕ ਸੰਗਤ ਵਿਚ ਡੇਰਾ ਸਿਰਸਾ ਦੇ ਪੈਰੋਕਾਰਾਂ ਨੂੰ ਕਾਫ਼ੀ ਕੁਨੈਕਸ਼ਨ ਵੰਡੇ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ ਅਸਲਾ ਲਾਇਸੈਂਸ ਬਣਾਉਣ ਵਿਚ ਵੀ ਡੇਰਾ ਸਿਰਸਾ ਦੇ ਇੱਕ ਆਗੂ ਨੂੰ ਵੱਖਰਾ ਕੋਟਾ ਦਿੱਤਾ ਗਿਆ ਹੈ।

**ਡੇਰਾ ਮੁਖੀ ਦੀ ਫਿਲਮ ਲਈ ਦਰ ਖੋਲ੍ਹੇ :**

ਪੰਜਾਬ ਸਰਕਾਰ ਨੇ 17 ਜਨਵਰੀ, 2015 ਨੂੰ ਡੇਰਾ ਸਿਰਸਾ ਦੇ ਮੁਖੀ ਦੀ ਫਿਲਮ ਨੂੰ ਪੰਜਾਬ ਵਿੱਚ ਦਿਖਾਏ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਉਦੋਂ ਹੋਰ ਪੰਥਕ ਧਿਰਾਂ ਨੇ ਇਸ ਫਿਲਮ ਦਾ ਵਿਰੋਧ ਕੀਤਾ ਸੀ। ਹੁਣ ਡੇਰਾ ਮੁਖੀ ਦੀ ਨਵੀਂ ਫਿਲਮ 'ਲਾਇਨ ਹਾਰਟ' 7 ਅਕਤੂਬਰ ਨੂੰ ਰਿਲੀਜ਼ ਹੋਈ ਹੈ, ਜਿਸ ਵਾਸਤੇ ਸਰਕਾਰ ਨੇ ਸਭ ਰਾਹ ਖੋਲ੍ਹ ਦਿੱਤੇ ਹਨ। ਸਰਕਾਰ ਨੇ ਸਿਨੇਮਾ ਘਰਾਂ ਅੱਗੇ ਸਪੈਸ਼ਲ ਪੈਟਰੋਲਿੰਗ ਗੱਡੀਆਂ ਖੜ੍ਹੀਆਂ ਕੀਤੀਆਂ ਹਨ। ਅਫ਼ਸਰਾਂ ਨੂੰ ਗੁਪਤ ਹਦਾਇਤਾਂ ਹਨ ਕਿ ਡੇਰਾ ਆਗੂਆਂ ਦੇ ਕੰਮ ਤਰਜੀਹੀ ਆਧਾਰ 'ਤੇ ਕੀਤੇ ਜਾਣ। ਥਾਣਿਆਂ 'ਚ ਡੇਰਾ ਪ੍ਰੇਮੀਆਂ ਦੀਆਂ ਸ਼ਿਕਾਇਤਾਂ ਦੀ ਝੱਟ ਸੁਣਵਾਈ ਹੋ ਰਹੀ ਹੈ।

# ਨਵਜੋਤ ਕੌਰ ਸਿੱਧੂ ਵੱਲੋਂ ਭਾਜਪਾ ਤੋਂ ਅਸਤੀਫ਼ਾ

## ਕਿਹਾ-ਪੰਜਾਬ ਭਾਜਪਾ ਨੇ ਅਕਾਲੀ ਦਲ ਅੱਗੇ ਟੇਕੇ ਗੋਡੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਦੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਆਖ਼ਰਕਾਰ ਭਾਰਤੀ ਜਨਤਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਨੂੰ ਭਾਜਪਾ ਪੰਜਾਬ ਦੇ ਪ੍ਰਧਾਨ ਸ੍ਰੀ ਵਿਜੇ ਸਾਂਪਲਾ ਨੇ ਤੁਰੰਤ ਪ੍ਰਵਾਨ ਕਰ ਲਿਆ। ਇਹ ਅਸਤੀਫ਼ਾ ਉਨ੍ਹਾਂ ਇਕ ਵਿਸ਼ੇਸ਼ ਦੂਤ ਰਾਹੀਂ ਪਾਰਟੀ ਦੇ ਮੁੱਖ ਦਫ਼ਤਰ ਭੇਜਿਆ।



ਅੰਮ੍ਰਿਤਸਰ ਵਿਚ ਆਪਣੇ ਨਿਵਾਸ ਸਥਾਨ 'ਤੇ ਆਪਣੇ ਅਸਤੀਫ਼ਾ ਦੇਣ ਦੇ ਕਾਰਨਾਂ ਬਾਰੇ ਦੱਸਦਿਆਂ ਨਵਜੋਤ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿਚ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਨੇਪਰੇ ਚੜ੍ਹਨ ਤੋਂ ਰੋਕਿਆ ਗਿਆ। ਇਸ ਸਭ ਲਈ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਲੋਕ ਸੰਪਰਕ ਮੰਤਰੀ ਸ. ਬਿਕਰਮ ਸਿੰਘ ਮਜੀਠੀਆ, ਸ੍ਰੀ ਅਨਿਲ ਜੋਸ਼ੀ ਤੇ ਹੋਰ ਭਾਜਪਾ ਆਗੂ ਜ਼ਿੰਮੇਵਾਰ ਹਨ। ਡਾ. ਨਵਜੋਤ ਸਿੱਧੂ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਵਿਚ ਸ਼ਾਮਲ ਸਮੂਹ ਭਾਜਪਾ ਮੰਤਰੀਆਂ, ਅਹੁਦੇਦਾਰਾਂ ਨੇ ਅਕਾਲੀਆਂ ਅੱਗੇ ਗੋਡੇ ਟੇਕ ਦਿੱਤੇ ਹਨ। ਭਾਜਪਾ ਆਗੂਆਂ ਨੂੰ ਸਿਰਫ ਅਕਾਲੀਆਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਲੋਕਾਂ ਦੀ ਹੀ ਲੋੜ ਹੈ। ਉਨ੍ਹਾਂ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸ੍ਰੀ ਕਮਲ ਸ਼ਰਮਾ ਨੂੰ ਵੀ ਆਪਣੇ ਅਸਤੀਫ਼ੇ ਲਈ ਸਭ ਤੋਂ ਵੱਧ ਜ਼ਿੰਮੇਵਾਰ ਦੱਸਿਆ ਤੇ ਕਿਹਾ ਕਿ ਉਹ ਭਾਜਪਾ

ਬਾਕੀ ਸਫ਼ਾ 32 'ਤੇ

# ਡੋਨਾਲਡ ਟਰੰਪ ਫੇਰ ਚਿੱਤ, ਹਿਲੇਰੀ ਕਲਿੰਟਨ ਨੇ ਦੂਸਰੀ ਬਹਿਸ ਵੀ ਜਿੱਤੀ

## ਔਰਤਾਂ ਖ਼ਿਲਾਫ਼ ਕੀਤੀਆਂ ਅਸ਼ਲੀਲ ਟਿੱਪਣੀਆਂ ਲਈ ਮੈਂ ਮੁਆਫ਼ੀ ਮੰਗਦਾਂ : ਟਰੰਪ



**ਸੇਂਟ ਲੁਇਸ/ਬਿਊਰੋ ਨਿਊਜ਼ :** ਸੀ.ਐਨ.ਐਨ. ਦੇ ਇਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਸੋਮਵਾਰ ਨੂੰ ਰਾਸ਼ਟਰਪਤੀ ਅਹੁਦੇ ਦੀ ਦੂਸਰੀ ਬਹਿਸ ਵਿਚ 'ਸਪਸ਼ਟ ਜੇਤੂ' ਰਹੀ। ਹਾਲਾਂਕਿ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦਾ ਪ੍ਰਦਰਸ਼ਨ ਉਮੀਦ ਨਾਲੋਂ ਵੱਧ ਰਿਹਾ। ਬਹਿਸ ਦੇਖ ਰਹੇ ਲੋਕਾਂ ਵਿਚ ਕਰਵਾਏ ਗਏ ਸੀ.ਐਨ.ਐਨ.-ਓ.ਆਰ.ਸੀ. ਸਰਵੇਖਣ ਵਿਚ ਕਿਹਾ ਗਿਆ ਕਿ ਹਿਲੇਰੀ ਇਸ ਬਹਿਸ ਵਿਚ ਸਪਸ਼ਟ ਜੇਤੂ ਰਹੀ ਕਿਉਂਕਿ ਸਰਵੇਖਣ ਵਿਚ ਸ਼ਾਮਲ 57 ਫ਼ੀਸਦੀ ਲੋਕਾਂ ਨੇ ਹਿਲੇਰੀ ਦੇ ਜਿੱਤਣ ਦੀ ਗੱਲ ਕਹੀ ਜਦਕਿ 34 ਫ਼ੀਸਦੀ ਨੇ ਟਰੰਪ ਦਾ ਸਮਰਥਨ ਕੀਤਾ।

ਸੀ.ਐਨ.ਐਨ. ਨੇ ਕਿਹਾ ਕਿ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਇਸ ਬਹਿਸ ਨੇ ਮਜ਼ਬੂਤ ਸਥਿਤੀ ਵਿਚ ਦਰਸਾਇਆ ਹੈ, ਪਰ ਉਨ੍ਹਾਂ ਦਾ ਪ੍ਰਦਰਸ਼ਨ ਪਹਿਲੀ ਬਹਿਸ ਜਿੰਨਾ ਚੰਗਾ ਨਹੀਂ ਰਿਹਾ। ਬਹਿਸ ਦੇਖਣ ਵਾਲੇ 62 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਜਿੱਤੀ ਹੈ। ਰਾਸ਼ਟਰਪਤੀ ਚੋਣਾਂ ਦੀ ਤਿੰਨ ਵਿਚੋਂ ਪਹਿਲੀ ਬਹਿਸ ਹੋਣ ਮਗਰੋਂ 27 ਸਤੰਬਰ ਨੂੰ ਸੀ.ਐਨ.ਐਨ.-ਓ.ਆਰ.ਸੀ. ਨੇ ਸਰਵੇਖਣ ਕਰਵਾਇਆ ਸੀ। ਉਦੋਂ ਲਗਭਗ 62 ਫ਼ੀਸਦੀ ਵੋਟਰਾਂ ਨੇ ਹਿਲੇਰੀ ਨੂੰ ਸਪਸ਼ਟ ਜੇਤੂ ਦੱਸਿਆ ਸੀ। ਟਰੰਪ ਨੂੰ ਮਹਿਜ਼ 27 ਫ਼ੀਸਦੀ ਲੋਕਾਂ ਦਾ ਸਮਰਥਨ ਮਿਲਿਆ ਸੀ। ਨਤੀਜਿਆਂ ਵਿਚ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਦਰਸ਼ਕਾਂ ਦੀ ਪਸੰਦ 'ਤੇ ਵੀ ਗੌਰ ਕੀਤਾ ਜਾਂਦਾ ਹੈ। ਬਹਿਸ ਦੇਖਣ ਵਾਲੇ 58 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਬਹਿਸ ਤੋਂ ਪਹਿਲਾਂ ਹਿਲੇਰੀ ਦਾ ਸਮਰਥਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਟਰੰਪ ਤੇ ਹਿਲੇਰੀ ਵਿਚਾਲੇ ਦੂਸਰੀ ਬਹਿਸ ਕਾਫ਼ੀ ਤਿੱਖੀ ਰਹੀ। ਇਸ ਦੌਰ ਵਿਚ ਗੱਲ ਇਕ-ਦੂਸਰੇ 'ਤੇ ਨਿੱਜੀ ਦੋਸ਼ਾਂ ਤਕ ਪਹੁੰਚ ਗਈ। ਇਸ ਵਿਚ ਪੁਰਾਣੇ ਸਕੈਂਡਲ ਉਛਾਲ ਕੇ ਦੂਸਰੇ ਦਾ ਚਰਿਤਰ ਹਨਨ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਹਿਲੇਰੀ ਨੇ ਔਰਤਾਂ ਲਈ ਅਪਸ਼ਬਦ ਕਹਿਣ ਵਾਲੇ ਟਰੰਪ ਦੇ ਪੁਰਾਣੇ ਟੇਪ ਦਾ ਹਵਾਲਾ ਦਿੱਤਾ, ਤਾਂ ਟਰੰਪ ਨੇ ਹਿਲੇਰੀ ਦੇ ਪਤੀ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ 'ਤੇ ਬਲਾਤਕਾਰ ਤੇ ਯੌਨ ਸ਼ੋਸ਼ਣ ਦਾ ਦੋਸ਼ ਲਾਇਆ।

ਹਾਲਾਂਕਿ ਟਰੰਪ ਨੇ ਆਪਣੇ ਦੋਸ਼ਾਂ 'ਤੇ ਸਫਾਈ ਦਿੱਤੀ ਪਰ ਹਿਲੇਰੀ ਨੇ ਇਹ ਕਹਿ ਕੇ ਮਾਮਲੇ ਨੂੰ ਹੋਰ ਅੱਗੇ ਵਧਾਇਆ ਕਿ ਟਰੰਪ ਦੇ ਤੱਥਾਂ ਦੀ ਜਾਂਚ ਕਰ ਪਾਉਣਾ ਸੰਭਵ ਨਹੀਂ ਹੈ। ਹਿਲੇਰੀ ਨੇ ਕਿਹਾ ਕਿ ਟਰੰਪ ਨੇ ਅੱਜ ਤੱਕ ਆਪਣੇ ਦਿੱਤੇ ਗਏ ਕਿਸੇ ਬਿਆਨ ਲਈ ਮੁਆਫ਼ੀ ਨਹੀਂ ਮੰਗੀ ਹੈ। ਹਿਲੇਰੀ ਨੇ ਹਮਲੇ ਤੇਜ਼ ਕਰਦਿਆਂ ਕਿਹਾ ਕਿ ਵੀਡੀਓ ਵਿਚ ਜੋ ਦਿਖਾਈ ਦੇ ਰਿਹਾ ਹੈ, ਉਹੀ ਟਰੰਪ ਦੀ ਅਸਲੀਅਤ ਹੈ, ਟਰੰਪ ਕਿਸੇ ਵੀ ਲਿਹਾਜ਼ ਨਾਲ ਅਮਰੀਕਾ ਦੇ ਰਾਸ਼ਟਰਪਤੀ ਬਣਨ ਦੇ ਯੋਗ ਨਹੀਂ ਹੈ। ਉਧਰ ਟਰੰਪ ਨੇ ਇਹ ਦੋਸ਼ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਪਰਿਵਾਰ ਅਤੇ ਅਮਰੀਕੀਆਂ ਤੋਂ ਕਈ ਵਾਰ ਆਪਣੇ ਬਿਆਨਾਂ ਲਈ ਮੁਆਫ਼ੀ ਮੰਗੀ ਹੈ। ਮੈਂ ਔਰਤਾਂ ਦੀ ਬਹੁਤ ਇੱਜ਼ਤ ਕਰਦਾ ਹਾਂ। ਇਕ ਦੂਸਰੇ ਦਾ ਸਨਮਾਨ ਕਰਨਾ ਹੀ ਅਮਰੀਕਾ ਨੂੰ ਮਹਾਨ ਬਣਾਉਂਦਾ ਹੈ।

## ਦੂਸਰੀ ਬਹਿਸ ਦੇ ਅਹਿਮ ਮੁੱਦੇ

### ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਸੇਂਟ ਲੁਇਸ ਦੀ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਹੋਈ ਦੂਸਰੀ ਟੈਲੀਵਿਜ਼ਨ ਬਹਿਸ ਵਿਚ ਟਰੰਪ ਤੇ ਹਿਲੇਰੀ ਕਲਿੰਟਨ ਵਲੋਂ ਉਠਾਏ ਗਏ ਸਵਾਲ ਤੇ ਉਨ੍ਹਾਂ ਦੇ ਜਵਾਬ

**ਓਬਾਮਾ ਕੇਅਰ :**

ਹਿਲੇਰੀ ਨੇ ਅਫੋਰਡੇਬਲ ਕੇਅਰ ਐਕਟ ਦੀ ਗੱਲ ਕੀਤੀ ਅਤੇ ਕਿਹਾ ਕਿ ਅਗਲੇ ਰਾਸ਼ਟਰਪਤੀ ਦੀ ਇਹ ਤਰਜੀਹ ਹੋਵੇਗੀ। ਪਰ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਇਸ ਦਾ ਪ੍ਰੀਮੀਅਮ ਬਹੁਤ ਜ਼ਿਆਦਾ ਸੀ। ਉਨ੍ਹਾਂ ਕਿਹਾ ਕਿ ਉਹ ਓਬਾਮਾ ਕੇਅਰ ਨੂੰ ਬਚਾਏ ਰੱਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਗੈਰ-ਪ੍ਰਭਾਵੀ ਬਣਾਉਣ ਨਾਲ ਹੈਲਥ ਕੇਅਰ ਸਿਸਟਮ ਵਿਚ ਮਿਲਣ ਵਾਲੀਆਂ ਸਹੂਲਤਾਂ ਚਲੀਆਂ ਜਾਣਗੀਆਂ। ਉਧਰ ਟਰੰਪ ਨੇ ਕਿਹਾ ਕਿ ਓਬਾਮਾ ਕੇਅਰ ਇਕ ਤਬਾਹੀ ਹੈ ਤੇ ਉਹ ਜੇਕਰ ਰਾਸ਼ਟਰਪਤੀ ਬਣੇ ਤਾਂ ਇਸ ਨੂੰ ਬੰਦ ਕਰ ਦੇਣਗੇ।

**ਔਰਤਾਂ 'ਤੇ ਟਿੱਪਣੀ :**

ਹਿਲੇਰੀ ਨੇ ਜਦੋਂ ਟਰੰਪ ਵਲੋਂ ਔਰਤਾਂ ਖ਼ਿਲਾਫ਼ ਕੀਤੀਆਂ ਟਿੱਪਣੀਆਂ ਦਾ ਹਵਾਲਾ ਦਿੱਤਾ ਤਾਂ ਟਰੰਪ ਨੇ ਕਿਹਾ, "ਮੈਂ ਆਪਣੇ ਸ਼ਬਦਾਂ ਲਈ ਮੁਆਫ਼ੀ ਮੰਗਦਾ ਹਾਂ। ਮੈਨੂੰ ਆਪਣੇ ਬਿਆਨ ਨੂੰ ਲੈ ਕੇ ਕੋਈ ਮਾਣ ਨਹੀਂ ਹੈ ਤੇ ਇਸ ਨੂੰ ਲੈ ਕੇ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਹਾਂ। ਪਰ ਉਹ ਇਕ ਬੰਦ ਕਮਰੇ ਵਿਚ ਹੋਈ ਗੱਲਬਾਤ ਸੀ।"

**ਕਲਿੰਟਨ ਦੀ ਈਮੇਲ :**

ਟਰੰਪ ਨੇ ਹਿਲੇਰੀ ਕਲਿੰਟਨ ਦੇ ਵਿਦੇਸ਼ ਮੰਤਰੀ ਦੇ ਕਾਰਜਕਾਲ ਵਿਚ ਹੋਏ ਈਮੇਲ ਦਾ ਮੁੱਦਾ ਉਠਾਇਆ ਅਤੇ ਕਿਹਾ ਕਿ ਇਸ ਨੂੰ ਲੈ ਕੇ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਇਸ 'ਤੇ ਹਿਲੇਰੀ ਨੇ ਈਮੇਲ ਨੂੰ ਡਿਲੀਟ ਕਰਨ ਨੂੰ ਲੈ ਕੇ ਆਪਣੀ ਭੁੱਲ ਸਵੀਕਾਰ ਕੀਤੀ। ਉਨ੍ਹਾਂ ਕਿਹਾ ਕਿ ਉਹ ਇਸ ਦੀ ਜ਼ਿੰਮੇਦਾਰੀ ਲੈਂਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਕੋਈ ਵੀ ਕਲਾਸੀਫਾਈਡ ਫਾਈਲ ਜਨਤਕ ਨਹੀਂ ਹੋਈ ਤੇ ਕੋਈ ਵੀ ਜਾਣਕਾਰੀ ਗਲਤ ਹੱਥਾਂ ਵਿਚ ਨਹੀਂ ਗਈ।

**ਰੂਸ 'ਤੇ ਦੋਸ਼ :**

ਹਿਲੇਰੀ ਕਲਿੰਟਨ ਨੇ ਦੋਸ਼ ਲਾਇਆ ਕਿ ਰੂਸ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਰੂਸ ਇਸ ਗੱਲ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਟਰੰਪ ਚੋਣ ਜਿੱਤੇ ਜਾਵੇ। ਉਨ੍ਹਾਂ ਕਿਹਾ, "ਅਸੀਂ ਆਪਣੇ ਦੇਸ਼ ਦੇ ਇਤਿਹਾਸ ਵਿਚ ਅਜਿਹਾ ਹੁੰਦਾ ਨਹੀਂ ਦੇਖਿਆ।"

ਇਸ 'ਤੇ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਪੁਤਿਨ ਨੂੰ ਨਹੀਂ ਜਾਣਦੇ। ਉਨ੍ਹਾਂ ਕਿਹਾ ਕਿ ਉਹ ਆਪਣੀ ਚੋਣ ਮੁਹਿੰਮ ਲਈ ਪੁਤਿਨ ਸਰਕਾਰ ਨਾਲ ਮਿਲ ਕੇ ਕੰਮ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਇਹ ਚੰਗਾ ਹੋਵੇਗਾ ਕਿ ਅਮਰੀਕਾ ਤਥਾਕਥਿਤ ਇਸਲਾਮਿਕ ਸਟੇਟ ਨੂੰ ਹਰਾਉਣ ਲਈ ਰੂਸ ਨਾਲ ਮਿਲ ਕੇ ਕੰਮ ਕਰੇ।

**ਇਰਾਕ ਵਿਚ ਦਖ਼ਲ :**

ਡੋਨਾਲਡ ਟਰੰਪ ਨੇ ਲਿਬਿਆ, ਸੀਰੀਆ ਤੇ ਇਰਾਕ ਵਿਚ ਦਖ਼ਲ ਨੂੰ ਲੈ ਕੇ ਹਿਲੇਰੀ ਦੇ ਫੈਸਲੇ ਦੀ ਆਲੋਚਨਾ ਕੀਤੀ। ਡੋਨਾਲਡ ਟਰੰਪ ਨੇ 2012 ਵਿਚ ਬੇਨਗਾਜ਼ੀ ਵਿਚ ਅਮਰੀਕੀ ਵਣਜ ਦੂਤਾਵਾਸ 'ਤੇ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਮਰੀਕੀ ਰਾਜਦੂਤ ਨੇ ਵੱਧ ਸੁਰੱਖਿਆ ਦੀ ਮੰਗ ਕੀਤੀ ਸੀ, ਇਸ ਰਾਜਦੂਤ ਦੀ ਹਮਲੇ ਵਿਚ ਮੌਤ ਹੋ ਗਈ ਸੀ।

ਹਿਲੇਰੀ ਕਲਿੰਟਨ ਨੇ ਕਿਹਾ ਕਿ ਉਹ ਸੀਰੀਆ ਵਿਚ ਫ਼ੌਜ ਦੇ ਇਸਤੇਮਾਲ ਦਾ ਸਮਰਥਨ ਨਹੀਂ ਬਲਕਿ ਸਪੈਸ਼ਲ ਫ਼ੌਜ ਭੇਜਣ ਦੇ ਸਮਰਥਨ ਵਿਚ ਹੈ, ਜੋ ਕਿ ਉਥੇ ਹੈ। ਉਨ੍ਹਾਂ ਕਿਹਾ ਕਿ ਉਹ ਆਈ.ਐਸ. ਨੇਤਾ ਅਬੂ ਬਕਰ ਅਲ ਬਗਦਾਦੀ ਨੂੰ ਨਿਸ਼ਾਨਾ ਬਣਾਏਗੀ।

## ਬੇਲਗਾਮ ਟਰੰਪ ਤੋਂ ਸਾਥੀ ਵੀ ਕਿਨਾਰਾ ਕਰਨ ਲੱਗੇ

**ਵਾਸ਼ਿੰਗਟਨ :** ਡੋਨਲਡ ਟਰੰਪ ਵੱਲੋਂ ਜ਼ੁਬਾਨ ਨੂੰ ਲਗਾਮ ਨਾ ਲਾਉਣ ਕਾਰਨ ਉਨ੍ਹਾਂ ਦੀ ਹਾਲਤ ਦਿਨ-ਬ-ਦਿਨ ਪਤਲੀ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਆਪਣੀ ਪਾਰਟੀ ਦੇ ਨੇਤਾਵਾਂ ਨੇ ਵੀ ਉਨ੍ਹਾਂ ਤੋਂ ਕਿਨਾਰਾ ਕਰਨ ਲੱਗੇ ਹਨ। ਇਸ ਹਾਲਾਤ ਦੇ ਬਾਵਜੂਦ ਟਰੰਪ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਬਣਨ ਲਈ ਪੂਰਾ ਟਿੱਲ ਲਾਉਣਗੇ। ਔਰਤਾਂ ਬਾਰੇ ਕੀਤੀਆਂ ਭੱਦੀਆਂ ਟਿੱਪਣੀਆਂ ਕਾਰਨ ਟਰੰਪ ਦੇ ਉਪ ਰਾਸ਼ਟਰਪਤੀ ਉਮੀਦਵਾਰ ਮਾਈਕ ਪੈਨਸ ਟਰੰਪ ਦੀਆਂ ਟਿੱਪਣੀਆਂ ਬਾਰੇ ਕੁੱਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਆਪ ਨੂੰ ਈਸਾਈ, ਪ੍ਰੰਪਰਾਵਾਦੀ ਤੇ ਸੱਚੇ ਰਿਪਬਲਿਕਨ ਕਰਾਰ ਦਿੱਤਾ ਹੈ। ਟਰੰਪ ਤੋਂ ਉਸ ਦੀ ਪਾਰਟੀ ਦੇ ਸੈਨੇਟਰਾਂ ਤੇ ਗਵਰਨਰਾਂ ਨੇ ਪਾਸਾ ਵੱਟ ਲਿਆ ਹੈ। ਬੀਤੇ ਦਿਨ ਸੰਸਦ ਮੈਂਬਰਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਟਰੰਪ ਨੂੰ ਦਿੱਤਾ ਆਪਣਾ ਸਮਰਥਨ ਵਾਪਸ ਲੈ ਲਿਆ ਹੈ। ਇੰਨਾ ਵਿਰੋਧ ਹੋਣ ਦੇ ਬਾਵਜੂਦ ਟਰੰਪ ਨੇ ਕਿਹਾ ਹੈ ਕਿ ਭਾਵੇਂ ਜੋ ਵੀ ਹੋ ਜਾਵੇ ਉਹ ਮੈਦਾਨ ਨਹੀਂ ਛੱਡਣਗੇ। ਰਿਪਬਲਿਕਨ ਉਪ ਰਾਸ਼ਟਰਪਤੀ ਉਮੀਦਵਾਰ ਪੈਨਸ ਨੇ ਕਿਹਾ ਕਿ ਉਹ ਟਰੰਪ ਦੀਆਂ ਟਿੱਪਣੀਆਂ ਦਾ ਨਾ ਖੰਡਨ ਕਰਨਗੇ ਤੇ ਨਾ ਹੀ ਇਸ ਮਾਮਲੇ 'ਤੇ ਕਿਸੇ ਤਰ੍ਹਾਂ ਦਾ ਬਚਾਅ ਕਰਨਗੇ।

**ਅਮਰੀਕੀ ਭਾਰਤੀਆਂ ਨੇ ਹਿਲੇਰੀ ਦਾ ਕੀਤਾ ਸਮਰਥਨ :** ਅਮਰੀਕਾ ਵਿੱਚ ਵਸਦੇ ਭਾਰਤੀ ਅਮਰੀਕੀਆਂ ਨੇ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਹਿਲੇਰੀ ਕਲਿੰਟਨ ਦਾ ਸਮਰਥਨ ਕਰ ਦਿੱਤਾ ਹੈ। ਅਜਿਹਾ ਵਿਰੋਧ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਵੱਲੋਂ ਔਰਤਾਂ ਖ਼ਿਲਾਫ਼ ਕੀਤੀ ਗਈ ਭੱਦੀ ਟਿੱਪਣੀ ਕਾਰਨ ਹੋਇਆ ਹੈ। ਆਮ ਕਰਕੇ ਅਮਰੀਕਾ ਵਿੱਚ ਵਸਦੇ ਭਾਰਤੀ ਡੈਮੋਕਰੈਟਿਕ ਪਾਰਟੀ ਦੇ ਸਮਰਥਕ ਹਨ ਪਰ ਅਤਿਵਾਦ ਤੇ ਪਾਕਿਸਤਾਨ ਬਾਰੇ ਸਟੈਂਡ ਕਾਰਨ ਇਸ ਭਾਈਚਾਰੇ ਦਾ ਕੁੱਝ ਹਿੱਸਾ ਡੋਨਲਡ ਟਰੰਪ ਨਾਲ ਖੜ੍ਹਾ ਨਜ਼ਰ ਆ ਰਿਹਾ ਸੀ। ਅਮਰੀਕੀ ਸੈਨੇਟ ਲਈ ਕੈਲੀਫੋਰਨੀਆ ਤੋਂ ਜ਼ੋਰ ਲਗਾ ਰਹੀ ਕਮਲਾ ਹੈਰਿਸ ਨੇ ਕਿਹਾ ਕਿ ਟਰੰਪ ਦੇ ਬਿਆਨ ਕਾਰਨ ਉਹ ਬੇਚੈਨ ਹੋ ਗਈ ਹੈ ਜਿਸ ਲਈ ਟਰੰਪ ਦਾ ਰਾਹ ਰੋਕਣਾ ਲਾਜ਼ਮੀ ਬਣ ਗਿਆ ਹੈ। ਭਾਰਤੀ ਭਾਈਚਾਰੇ ਦੇ ਨੇਤਾ ਰਾਜਦੀਪ ਸਿੰਘ ਜੌਲੀ ਨੇ ਕਿਹਾ ਕਿ ਟਰੰਪ ਤੋਂ ਬਿਹਤਰ ਹਸਤੀ ਦੀ ਦੇਸ਼ ਨੂੰ ਲੋੜ ਹੈ।

**ਮੇਰੇ ਵਾਂਗ ਅਮਰੀਕੀ ਵੀ ਕਰ ਦੇਣਗੇ ਮੁਆਫ਼ : ਮਲੇਨੀਆ**

ਨਿਊਯਾਰਕ: ਔਰਤਾਂ ਖਿਲਾਫ਼ ਮੰਦਾ ਬੋਲਣ ਵਾਲੇ ਡੋਨਲਡ ਟਰੰਪ ਦੇ ਪਰਿਵਾਰ ਨੇ ਆਸ ਪ੍ਰਗਟਾਈ ਹੈ ਕਿ ਅਮਰੀਕੀ ਜਨਤਾ ਟਰੰਪ ਨੂੰ ਮੁਆਫ਼ ਕਰ ਦੇਵੇਗੀ। ਉਨ੍ਹਾਂ ਦੀ ਪਤਨੀ ਮਲੇਨੀਆ ਨੇ ਕਿਹਾ, 'ਜੋ ਸ਼ਬਦ ਮੇਰੇ ਪਤੀ ਨੇ ਵਰਤੇ ਹਨ, ਉਹ ਮੈਨੂੰ ਮਨਜ਼ੂਰ ਨਹੀਂ। ਇਹ ਉਸ ਵਿਅਕਤੀ ਨੂੰ ਨਹੀਂ ਦਰਸਾਉਂਦੇ ਜਿਸ ਨੂੰ ਮੈਂ ਜਾਣਦੀ ਹਾਂ। ਉਸ ਵਿੱਚ ਇਕ ਨੇਤਾ ਵਾਲਾ ਦਿਲ ਤੇ ਦਿਮਾਗ ਹੈ। ਮੈਂ ਆਸ ਕਰਦੀ ਹਾਂ ਕਿ ਜਨਤਾ ਉਨ੍ਹਾਂ ਨੂੰ ਉਵੇਂ ਹੀ ਮੁਆਫ਼ ਕਰੇਗੀ ਜਿਵੇਂ ਮੈਂ ਕੀਤਾ ਹੈ।'

# ਟਰੰਪ ਨੇ ਆਪਣੀ ਧੀ ਇਵਾਂਕਾ ਬਾਰੇ ਵੀ ਕੀਤੀਆਂ ਸਨ ਵਿਵਾਦਤ ਟਿੱਪਣੀਆਂ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਔਰਤਾਂ ਬਾਰੇ ਅਭੱਦਰ ਟਿੱਪਣੀਆਂ ਨੂੰ ਲੈ ਕੇ ਚਾਰੋਂ ਪਾਸੇ ਘਿਰੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਲੈ ਕੇ ਜੋ ਤਾਜ਼ਾ ਖ਼ਬਰਾਂ ਆਈਆਂ ਹਨ, ਉਨ੍ਹਾਂ ਵਿਚ ਖ਼ੁਲਾਸਾ ਹੋਇਆ ਹੈ ਕਿ ਭੱਦੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਉਨ੍ਹਾਂ ਨੇ ਆਪਣੀ ਧੀ ਨੂੰ ਵੀ ਨਹੀਂ ਬਖ਼ਸ਼ਿਆ ਤੇ ਉਸ ਨੂੰ 'ਕਾਮੁਕ' ਕਰਾਰ ਦਿੱਤਾ। ਟਰੰਪ ਤੇ ਮਸ਼ਹੂਰ ਰੇਡੀਓ ਪੇਸ਼ਕਾਰ ਹਾਵਰਡ ਸਟਰਨ ਵਿਚਾਲੇ ਕਰੀਬ ਦੋ ਦਹਾਕੇ ਪੁਰਾਣੇ ਆਡੀਓ ਇੰਟਰਵਿਊ ਨੂੰ ਖੰਘਾਲਣ ਮਗਰੋਂ ਸੀ.ਐਨ.ਐਨ. ਨੇ ਟਰੰਪ ਦੇ ਇੰਟਰਵਿਊ ਦੇ ਕੁਝ ਹਿੱਸੇ ਪ੍ਰਕਾਸ਼ਤ ਕੀਤੇ ਹਨ, ਜਿਨ੍ਹਾਂ ਵਿਚ ਉਹ ਵਾਰ ਵਾਰ ਆਪਣੀ ਧੀ ਇਵਾਂਕਾ ਟਰੰਪ ਦੇ ਸਰੀਰ 'ਤੇ ਟਿੱਪਣੀ ਕਰ ਰਹੇ ਹਨ। ਕਰੀਬ 17 ਸਾਲ ਪਹਿਲਾਂ ਸਟਰਨ ਨਾਲ ਗੱਲਬਾਤ ਦੌਰਾਨ ਟਰੰਪ ਨੇ ਔਰਤਾਂ ਬਾਰੇ ਅਭੱਦਰ ਟਿੱਪਣੀਆਂ ਕੀਤੀਆਂ ਸਨ। ਟਰੰਪ ਨੇ ਸਟਰਨ ਨਾਲ ਆਪਣੀ ਧੀ ਦੇ ਸਰੀਰ ਦੀ ਬਨਾਵਟ ਤੇ 35 ਸਾਲ ਦੀ ਉਮਰ ਮਗਰੋਂ ਔਰਤਾਂ

ਬਾਕੀ ਸਫ਼ਾ 32 'ਤੇ



## ਟਰੰਪ ਨੇ ਆਪਣੀ ਹੀ ਪਾਰਟੀ ਦੇ ਆਗੂਆਂ ਖ਼ਿਲਾਫ਼ ਕੱਢੀ ਭੜਾਸ

ਸਫ਼ਾ ਇਕ ਦੀ ਬਾਕੀ

ਹੈ। ਪਾਰਟੀ ਵਲੋਂ 2008 ਵਿਚ ਉਮੀਦਵਾਰ ਰਹੇ ਮੈਕੇਨ ਨੇ ਟਰੰਪ ਦੀਆਂ ਔਰਤਾਂ ਬਾਰੇ ਕੀਤੀਆਂ ਟਿੱਪਣੀਆਂ ਦੀਆਂ ਵੀਡੀਓ ਦੇਖਣ ਤੋਂ ਬਾਅਦ ਸਮਰਥਨ ਵਾਪਸ ਲੈ ਲਿਆ। ਜ਼ਾਹਰ ਹੈ ਕਿ ਜਦੋਂ ਵੋਟਾਂ ਨੂੰ ਮਹਿਜ਼ ਮਹੀਨੇ ਕੁ ਦਾ ਸਮਾਂ ਰਹਿ ਗਿਆ ਹੈ ਤਾਂ ਠੀਕ ਉਸ ਵਕਤ ਪਾਰਟੀ ਅੰਦਰੋਂ ਹੋ ਰਹੇ ਇਸ ਵਿਰੋਧ ਕਾਰਨ ਟਰੰਪ ਦੇ ਜੇਤੂ ਹੋਣ ਦੀ ਉਮੀਦ ਮਿੱਟੀ ਵਿਚ ਪੈਂਦੀ ਨਜ਼ਰ ਆ ਰਹੀ ਹੈ। ਟਰੰਪ ਨੇ ਟਵੀਟ ਕੀਤਾ ਹੈ, "ਵਿਸ਼ਵਾਸਘਾਤ ਕਰਨ ਵਾਲੇ ਰਿਪਬਲਿਕਨ ਨੇਤਾ ਉਨ੍ਹਾਂ ਦੀ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹਨ।" ਹੁਣ ਟਰੰਪ ਨੂੰ ਆਪਣੀ ਵਿਰੋਧੀ ਉਮੀਦਵਾਰ ਹਿਲੇਰੀ ਦੇ ਨਾਲ ਨਾਲ ਘਰੇਲੂ ਮੋਰਚੇ ਨਾਲ ਵੀ ਜੂਝਣਾ ਪੈ ਰਿਹਾ ਹੈ। ਹਾਲ ਹੀ ਵਿਚ ਹੋਈ ਬਹਿਸ ਵਿਚ ਟਰੰਪ ਨੇ ਨੀਤੀਆਂ ਦੀ ਬਜਾਏ ਕਲਿੰਟਨ ਪਰਿਵਾਰ 'ਤੇ ਨਿੱਜੀ ਹਮਲੇ ਕੀਤੇ ਸਨ। ਸਿਆਸਤ ਵਿਚ ਕਈ ਵਾਰ ਜਦੋਂ ਨੀਤੀਆਂ ਦੀ ਆਲੋਚਨਾ ਨਾਲ ਸਫਲਤਾ ਨਹੀਂ ਮਿਲਦੀ ਤਾਂ ਉਦੋਂ ਨਿੱਜੀ ਹਮਲੇ ਕੀਤੇ ਜਾਂਦੇ ਹਨ। ਇਹ ਟਰੰਪ ਦੀ ਖਿਝ ਹੈ ਜਾਂ ਸਿਆਸੀ ਦਾਅ, ਇਸ ਦਾ ਸਹੀ ਮਾਇਨਿਆਂ ਵਿਚ ਖ਼ੁਲਾਸਾ ਚੋਣਾਂ ਮਗਰੋਂ ਹੀ ਹੋਵੇਗਾ। ਇਸੇ ਦੌਰਾਨ ਟਰੰਪ ਦੀ ਤਰਜਮਾਨ ਕੈਟਰੀਨਾ ਪਾਇਰਸਨ ਨੇ ਟਵੀਟ ਕੀਤਾ ਹੈ ਕਿ ਉਸ ਨੂੰ ਮੋਬਾਈਲ 'ਤੇ ਏਨੇ ਸੁਨੇਹੇ ਆਏ ਕਿ ਉਸ ਦੇ ਫ਼ੋਨ ਦਾ ਚਾਰਜ ਵੀ ਖ਼ਤਮ ਹੋ ਗਿਆ। ਉਸ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਉਹ ਟਰੰਪ ਨੂੰ ਹੀ ਵੋਟ ਦੇਣਗੇ ਪਰ ਰਿਪਬਲਿਕਨ ਦੇ ਹੋਰਨਾਂ ਆਗੂਆਂ ਨੂੰ ਵੋਟ ਨਹੀਂ ਪਾਉਣਗੇ।

ਅੰਮ੍ਰਿਤਸਰ ਟਾਈਮਜ਼ AMRITSAR TIMES

11 ਅਕਤੂਬਰ 2016 ਤੋਂ 18 ਅਕਤੂਬਰ 2016

## ਚਾਰ ਚੁਫੇਰਾ ਹੋਇਐ ਵੀਰਾਨ.....

ਪਈ ਕੈਸਾ ਨਜ਼ਾਰਾ ਹੈ ਪੰਜਾਬ ਦਾ? ਅੱਜ ਕਿਉਂ ਨਾ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਦਰਦ ਵਿਚ ਭਿੱਜਿਆ ਵਿਅੰਗਮਈ ਸੰਪਾਦਕੀ ਹੀ ਲਿਖਿਆ ਜਾਏ। ਇਕ ਦਿਲ ਕਰਦੈ ਪਈ ਪੰਜ ਦਰਿਆਵਾਂ ਦੀ ਧਰਤੀ ਦੀ ਮੌਜੂਦਾ ਹਾਲਤ ਜਿਸ ਤਰ੍ਹਾਂ ਦੀ ਬਣ ਗਈ ਹੈ ਜਾਂ ਬਣਾ ਦਿੱਤੀ ਗਈ ਹੈ, ਉਸ ਉਤੇ ਹੱਸਿਆ ਜਾਵੇ। ਇਕ ਦਿਲ ਕਰਦੈ, ਰੋਇਆ ਜਾਵੇ। ਹੱਸਿਆ ਜਾਵੇ ਇਸ ਲਈ ਕਿਉਂਕਿ ਕਿਹੋ ਜਿਹੇ ਬਹਿਰੂਪੀਏ ਸਿਆਸਤ ਦੇ ਮੈਦਾਨ ਵਿਚ ਗੱਜ ਰਹੇ ਹਨ। ਰੋਇਆ ਇਸ ਲਈ ਜਾਵੇ ਕਿਉਂਕਿ ਇਕ ਵੀ ਸਿਆਸਤਦਾਨ ਨਜ਼ਰ ਨਹੀਂ ਆਉਂਦਾ, ਜਿਸ ਉਤੇ ਖ਼ਾਲਸਾ ਪੰਥ ਵਿਸ਼ਵਾਸ਼ ਕਰ ਸਕੇ, ਜਿਸ ਉਤੇ ਮਾਣ ਕੀਤਾ ਜਾ ਸਕੇ। ਕਿਸ ਤਰ੍ਹਾਂ ਦੇ ਦਿਨ ਸਾਨੂੰ ਵੇਖਣੇ ਪੈ ਰਹੇ ਹਨ? ਹਰ ਦੂਜੇ-ਤੀਜੇ ਦਿਨ ਕੋਈ ਕਿਸਾਨ ਖੁਦਕੁਸ਼ੀ ਕਰਦਾ ਹੈ ਅਤੇ ਹੁਣ ਸਾਡੇ ਲਈ ਇਹ ਖ਼ਬਰ ਆਮ ਜਹੀ ਹੀ ਬਣ ਗਈ ਹੈ। ਸ਼ਾਇਦ ਅਸੀਂ ਹੁਣ ਸਾਰੀ ਖ਼ਬਰ ਪੜ੍ਹਦੇ ਹੀ ਨਹੀਂ। ਇਸ ਬੇਰੁਖ਼ੀ ਨੂੰ ਕਿਸ ਨਾਂ ਨਾਲ ਯਾਦ ਕੀਤਾ ਜਾਏ? ਹਰ ਰੋਜ਼ ਕਿਤੇ ਨਾ ਕਿਤੇ ਦਲਿਤਾਂ ਤੇ ਉੱਚੀਆਂ ਜਾਤੀਆਂ ਦੀ ਆਪਸ ਵਿਚ ਟੱਕਰ ਹੁੰਦੀ ਹੈ ਅਤੇ ਸਾਨੂੰ ਟੱਕਰ ਦੇ ਡੂੰਘੇ ਤੇ ਅਸਲੀ ਕਾਰਨਾਂ ਦਾ ਪਤਾ ਹੀ ਨਹੀਂ ਲਗਦਾ। ਨਾ ਹੀ ਕੋਈ ਸੋਚਣ ਵਾਲਾ ਬੰਦਾ ਲੱਭਦੈ ਜੋ ਇਹ ਦੱਸੇ ਕਿ ਜਾਤਾਂ ਪਾਤਾਂ ਨੂੰ ਖ਼ਤਮ ਕਰਨ ਵਾਲੇ ਸਾਡੇ ਗੁਰੂ ਸਾਹਿਬਾਨ ਸਾਨੂੰ ਕਿਉਂ ਭੁੱਲ ਗਏ ਹਨ। ਸਭ ਦੇ ਸਭ ਸੁੱਕੇ ਪੱਤਿਆਂ ਵਾਂਗ ਜਿੱਧਰ ਹਵਾ ਲਈ ਜਾ ਰਹੀ ਹੈ, ਓਧਰ ਹੀ ਉੱਡੇ ਜਾ ਰਹੇ ਹਨ। ਵਗਦੇ ਪਾਣੀਆਂ ਦੇ ਉਲਟ ਜਾਣ ਵਾਲੇ ਹੌਂਸਲੇ ਕਿਥੇ ਗੁੰਮ ਹੋ ਗਏ? ਵੈਸੇ ਇਸਲਾਮ ਦਾ ਮਹਾਨ ਢਾਡੀ ਇਕਬਾਲ ਠੀਕ ਕਹਿੰਦਾ ਸੀ ਪਈ : 'ਹਰ ਸ਼ਾਖ਼ ਪੇ ਉੱਲੂ ਬੈਠਾ ਹੈ, ਅੰਜਾਮੇਂ ਗੁਲਿਸਤਾਂ ਕਿਆ ਹੋਗਾ'। ਕੌਣ ਸਾਡੇ ਵੇਹੜੇ ਵਿਚ ਤੱਕਲਾ ਗੱਡ ਗਿਆ ਹੈ?

ਮਹਿਮਾਨ ਸੰਪਾਦਕੀ
ਕਰਮਜੀਤ ਸਿੰਘ

ਇਹ ਵੀ ਪਤਾ ਨਹੀਂ ਲਗਦਾ ਕਿ ਮੀਰੀ ਪੀਰੀ ਦੇ ਸ਼ਹਿਨਸ਼ਾਹ ਦੇ ਤਖ਼ਤ ਉੱਤੇ ਬੈਠੇ ਸਰਕਾਰੀ ਜਥੇਦਾਰ ਗੁਰਬਚਨ ਸਿੰਘ ਨੂੰ ਲੱਖਾਂ ਦੀ ਗਿਣਤੀ ਵਿਚ ਸਰਬਤ ਖ਼ਾਲਸਾ ਦੀ ਇਕ ਮਹਾਨ ਇਕੱਤਰਤਾ ਨੇ ਜਥੇਦਾਰੀ ਦੇ ਅਹੁਦੇ ਤੋਂ ਉਸ ਨੂੰ ਬਰਤਰਫ਼ ਕੀਤਾ ਹੋਇਆ ਹੈ ਪਰ ਢੀਠਤਾ ਦਾ ਰਿਕਾਰਡ ਰੱਖਣ ਲਈ ਉਹ ਅਜੇ ਵੀ ਕਿਉਂ ਕਬਜ਼ਾ ਕਰੀ ਬੈਠਾ ਹੈ। ਕੀ ਉਸ ਦੀ ਜ਼ਮੀਰ ਦਾ ਡੀ.ਐਨ.ਏ. ਟੈਸਟ ਨਹੀਂ ਹੋਣਾ ਚਾਹੀਦਾ? ਕੀ ਇਸ ਤਰ੍ਹਾਂ ਨਹੀਂ ਲਗਦਾ ਕਿ 'ਹਰ ਤਰਫ਼ ਲਗੇ ਹੈਂ ਬਰਬਾਦੀਓਂ ਕੇ ਮੇਲੇ'।

ਬਾਦਲ ਸਾਹਿਬ ਚਾਹੁੰਦੇ ਹਨ ਕਿ ਪੰਜਾਬ ਵਿਚ ਬਚੇ-ਖੁਚੇ ਰੂਹਾਨੀ ਵਿਰਸੇ ਨੂੰ ਪੂਰੀ ਤਰ੍ਹਾਂ ਨੇਸਤੋ-ਨਾਬੂਦ ਕਰਨ ਲਈ ਉਨ੍ਹਾਂ ਨੂੰ 10 ਸਾਲ ਹੋਰ ਹਕੂਮਤ ਕਰਨ ਦੀ ਖੁੱਲ੍ਹ ਦਿੱਤੀ ਜਾਵੇ। ਕੀ ਇਹ ਮੌਜਾਂ ਦੇ ਦਿੱਤੀਆਂ ਜਾਣ? ਕੁਝ ਲੋਕ ਵੋਟਾਂ ਦਾ ਹਿਸਾਬ ਕਿਤਾਬ ਲਾ ਕੇ ਖ਼ਬਰਦਾਰ ਕਰ ਰਹੇ ਹਨ ਕਿ ਹਾਂ, ਬਾਦਲ ਸਾਹਿਬ ਦਾ ਤੁੱਕਾ ਇਕ ਵਾਰ ਫਿਰ ਲੱਗ ਸਕਦਾ ਹੈ। ਕੁਝ ਲੋਕ ਕੋਡ ਆਫ ਕੰਡਕਟ ਨੂੰ ਹੀ ਨਿਆਸਰਿਆਂ ਦਾ ਆਸਰਾ ਮੰਨੀ ਬੈਠੇ ਹਨ ਤੇ ਆਖਦੇ ਹਨ ਕਿ ਕੋਡ ਇਕ ਵਾਰ ਲਾਗੂ ਹੋ ਜਾਏ ਸਹੀ, ਫਿਰ ਦਿਖਾਵਾਂਗੇ ਅਕਾਲੀਆਂ ਨੂੰ ਦਿਨ ਨੂੰ ਤਾਰੇ। ਪਰ ਉਹ ਨਹੀਂ ਜਾਣਦੇ ਕਿ ਬਾਦਲਾਂ ਨੇ ਡੋਲਿਆਂ ਵਾਲਿਆਂ ਦੀ ਤਕੜੀ ਫੌਜ ਬਣਾ ਰੱਖੀ ਹੈ ਜੋ ਵੋਟਾਂ ਵਾਲੇ ਦਿਨ ਗੱਜ ਵੀ ਸਕਦੀ ਤੇ ਵਰ੍ਹ ਵੀ ਸਕਦੀ ਹੈ।

ਦੋਸਤੋ ਤੁਹਾਨੂੰ ਪਤਾ ਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਜ਼ਮੀਨ ਘੁਟਾਲੇ ਦਾ ਕੇਸ ਵਿਜੀਲੈਂਸ ਨੇ ਬੰਦ ਕਰ ਦਿਤਾ ਹੈ ਅਤੇ ਹੁਣ ਚੁੱਪ-ਚੁਪੀਤੇ ਖੇਤੀ ਮੰਤਰੀ ਤੋਤਾ ਸਿੰਘ ਵਿਰੁੱਧ ਚਰਚਿਤ ਕਲਰਕ ਭਰਤੀ ਘੋਟਾਲੇ ਵਾਲਾ ਕੇਸ ਵੀ ਵਿਜੀਲੈਂਸ ਵਾਲੇ ਵਾਪਸ ਲੈ ਰਹੇ ਹਨ। ਵਿਜੀਲੈਂਸ ਵਾਲਿਆਂ ਦੀ ਇਸ ਕਾਰਵਾਈ ਨੂੰ ਚੰਡੀਗੜ੍ਹ ਦੇ ਇਕ ਪ੍ਰਸਿੱਧ ਅਖ਼ਬਾਰ ਨੇ 'ਬਾਦਲਾਂ ਅਤੇ ਕੈਪਟਨ ਵਿਚ ਸਿਆਸੀ ਦੋਸਤਾਨਾ ਮੈਚ' ਦਾ ਨਾਂ ਦਿੱਤਾ ਹੈ। ਤੁਹਾਨੂੰ ਪਤਾ ਹੀ ਹੈ ਕਿ ਕੁਝ ਸਾਲ ਪਹਿਲਾਂ ਕੈਪਟਨ ਸਾਹਿਬ ਨੇ ਬਿਕਰਮ ਸਿੰਘ ਮਜੀਠੀਆ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਇਹ ਬਿਆਨ ਦਾਗਿਆ ਸੀ ਕਿ 'ਡਰੱਗ ਤਸਕਰੀ ਦੇ ਮਾਮਲੇ ਵਿੱਚ ਹੋਰ ਭਾਵੇਂ ਕੁਝ ਕਰ ਲਵੋ ਪਰ ਮਜੀਠੀਏ ਦਾ ਮਾਮਲਾ ਸੀ.ਬੀ.ਆਈ. ਦੇ ਹਵਾਲੇ ਨਾ ਕੀਤੇ ਜਾਏ'। ਯਾਨੀ ਪੰਜਾਬ ਵਿਚ ਹੀ ਰੋਲ ਘਚੋਲ ਚਲਦਾ ਰਹੇ ਤੇ ਘਰ ਦੀ ਗੱਲ ਬਾਹਰ ਨਾ ਜਾਏ। ਅਕਾਲੀ ਦਲ ਤੇ ਕਾਂਗਰਸ ਦੀ ਗੁਪਤ ਯਾਰੀ ਨੂੰ ਕਿਵੇਂ ਬਿਆਨ ਕੀਤਾ ਜਾਏ? ਅੱਛਾ! ਬੈਂਸ ਭਰਾਵਾਂ ਬਾਰੇ ਕੀ ਕਿਹਾ ਜਾਏ? ਦੇਖੋ, ਉਨ੍ਹਾਂ ਦਾ ਲੁਧਿਆਣੇ ਵਿਚ ਕਿੰਨਾ ਟੌਹਰ ਟੱਪਾ ਹੈ। ਉਹ ਲੋਕਾਂ ਦੇ ਕੰਮ ਵੀ ਕਰਦੇ ਹਨ ਤੇ ਲੋੜ ਪੈਣ ਉਤੇ ਹਿੱਕ ਦੇ ਜ਼ੋਰ ਨਾਲ ਕਰਵਾਉਂਦੇ ਵੀ ਹਨ। ਇਹ ਸਿਹਰਾ ਉਨ੍ਹਾਂ ਨੂੰ ਹੀ ਜਾਂਦਾ ਹੈ ਜਿਥੇ ਜਮਹੂਰੀਅਤ ਵਿਚ ਇਹੋ ਜਿਹੇ ਪਵਿੱਤਰ ਰੋਅਬ ਨੂੰ ਜਨਤਾ ਵਲੋਂ ਵੀ ਪ੍ਰਵਾਨਗੀ ਮਿਲ ਗਈ ਹੈ। ਪਰ ਨਵਜੋਤ ਸਿੰਘ ਸਿੱਧੂ ਨਾਲ ਰਲ ਕੇ ਆਖ਼ਰਕਾਰ ਉਨ੍ਹਾਂ ਨੂੰ ਕੀ ਲੱਭਿਆ ਹੈ? ਗਵਾਇਆ ਹੀ ਗਵਾਇਆ ਹੈ। ਗਵਾਇਆ ਜ਼ਿਆਦਾ ਹੈ ਤੇ ਲੱਭਿਆ ਕੁੱਝ ਵੀ ਨਹੀਂ। ਕੀ ਅਜੇ ਵੀ ਸੰਭਲ ਜਾਣਗੇ? ਭਲਾਂ ਦੱਸੋ ਸੁੱਚਾ ਸਿੰਘ ਛੋਟੇਪੁਰ ਹੁਣ ਕਿਤੇ ਨਜ਼ਰ ਆਉਂਦੇ ਹਨ? ਕੀ ਸਿਆਸਤ ਦੀ ਖੇਡ ਵਿਚ ਇਹ ਬੰਦਾ ਮਾਰ ਨਹੀਂ ਖਾ ਗਿਆ।

ਇਕ ਸਵਾਲ ਦਾ ਜਵਾਬ ਤੁਸੀਂ ਹੀ ਲੱਭੋ ਕਿ ਅੱਜ ਕੱਲ੍ਹ ਦੋ ਟੀਵੀ ਚੈਨਲ ਉਸ ਨੂੰ ਚਮਕਾਉਣ ਵਿਚ ਕਿਉਂ ਲੱਗੇ ਹੋਏ ਹਨ? ਹਾਕੀ ਦੇ ਮਸ਼ਹੂਰ ਖਿਡਾਰੀ ਪਰਗਟ ਸਿੰਘ ਵੀ ਕੀ ਰੁਲਦੇ ਨਹੀਂ ਜਾ ਰਹੇ? ਕੀ ਛੋਟੇਪੁਰ ਜੀ ਵੀ ਹੁਣ ਬੇਗਾਨੇ ਖੰਭਾਂ ਉਤੇ ਉੱਡ ਨਹੀਂ ਰਹੇ? ਦੋਸਤੋ ਤੁਸੀਂ ਇਹ ਦੱਸੋ ਕਿ ਕੀ ਕੇਜਰੀਵਾਲ ਪੰਜਾਬ ਦਾ ਬੇੜਾ ਬੰਨੇ ਲਾਏਗਾ? ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਭਾਵੇਂ ਜਿੱਤ ਤਾਂ ਉਸ ਨੇ ਜਾਣਾ ਹੀ ਹੈ ਪਰ ਜਿਹੜੀ ਖੋਹ-ਖਿੱਝ ਅਤੇ ਕੁੱਤੇਖਾਣੀ ਜਿੱਤਣ ਤੋਂ ਪਿਛੋਂ ਹੋਏਗੀ ਉਸ ਨੂੰ ਨੀਲੀ ਛੱਤ ਵਾਲਾ ਵੀ ਰੋਕ ਨਹੀਂ ਸਕੇਗਾ। ਇਤਿਹਾਸ ਦੀ ਚੱਕੀ ਏਨੀ ਬੇਰਹਿਮ ਕਿਉਂ ਹੋ ਜਾਂਦੀ ਹੈ?

ਵਿਲੀਅਮ ਬੁਟਲਰ ਯੀਟਸ (1865-1939) ਦੀ ਕਵਿਤਾ 'ਸੈਕਿੰਡ ਕਮਿੰਗ' 20ਵੀਂ ਸਦੀ ਦੀਆਂ ਉਦਾਸ ਕਵਿਤਾਵਾਂ ਵਿਚ ਉੱਚਾ ਸਥਾਨ ਰੱਖਦੀ ਹੈ। ਪੀੜਾਂ ਮੱਲੇ ਰਾਹਾਂ ਦਾ ਆਇਰਲੈਂਡ ਦਾ ਇਹ ਸ਼ਾਇਰ ਉਜੜੀ, ਬੇਜਾਨ ਤੇ ਉਦਾਸ ਹਾਲਤ ਦਾ ਜ਼ਿਕਰ ਕੁਝ ਇਸ ਤਰ੍ਹਾਂ ਕਰਦਾ ਹੈ:

***ਸ਼ਿਰਾਜ਼ਾ ਖਿੰਡ-ਪੁੰਡ ਗਿਆ ਹੈ। ਚਾਰੇ ਪਾਸੇ ਅਫ਼ਰਾ ਤਫ਼ਰੀ ਦਾ ਬੋਲਾ ਬਾਲਾ ਹੈ।***

***ਕੋਈ ਵੀ ਕੇਂਦਰ ਨਹੀਂ ਰਹਿ ਗਿਆ ਜੋ ਇਸ ਹਾਲਤ ਨੂੰ ਠੱਲ੍ਹ ਪਾ ਸਕੇ।***

ਕੀ ਪੰਜ ਦਰਿਆਵਾਂ ਦੀ ਹਾਲਤ ਵੀ ਕੁਝ ਇਸ ਤਰ੍ਹਾਂ ਨਹੀਂ, ਜਿਥੇ ***'ਹਰ ਤਰਫ਼ ਲਗੇਂ ਹੈਂ ਬਰਬਾਦੀਆਂ ਦੇ ਮੇਲੇ'***

# ਸਰਜੀਕਲ ਸਟਰਾਈਕਸ : ਸਿੱਖ ਭਾਈਚਾਰਾ ਅਲੱਗ ਥਲੱਗ ਜਿਹਾ ਕਿਉਂ ?

**ਇਕ ਹੋਰ ਹਕੀਕਤ ਨੂੰ ਵੀ ਦਿਲ ਵਿਚ ਵਸਾਉਣ ਅਤੇ ਰਸਾਉਣ ਦੀ ਲੋੜ ਹੈ ਅਤੇ ਜੇਕਰ ਅਸੀਂ ਨਹੀਂ ਵਸਾਉਂਦੇ ਤਾਂ ਅਸੀਂ ਪਹਿਲਾਂ ਵਾਂਗ ਠੇਡੇ ਖਾਂਦੇ ਰਹਾਂਗੇ। ਉਹ ਹਕੀਕਤ ਇਹ ਹੈ ਕਿ ਦੋਵਾਂ ਧਰਮਾਂ ਦੇ ਹਾਕਮਾਂ ਨੇ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਸਾਡੇ ਉੱਤੇ ਬੇਸ਼ੁਮਾਰ ਜ਼ੁਲਮ ਕੀਤੇ ਹਨ। ਦੋਵਾਂ ਕੌਮਾਂ ਦੇ ਹਾਕਮਾਂ ਨੇ ਸਾਡੇ ਦਰਬਾਰ ਸਾਹਿਬ ਨੂੰ ਢਾਹਿਆ। ਜੂਨ 1984 ਵਿਚ ਹਿੰਦੂ ਕੌਮ ਦੇ ਰਹਿਬਰਾਂ ਨੇ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਕੇ ਸਾਨੂੰ ਉਹ ਜ਼ਖ਼ਮ ਦਿੱਤਾ, ਜੋ ਅਜੇ ਤੱਕ ਭਰਿਆ ਨਹੀਂ। ਇਸ ਹਮਲੇ ਨੇ ਸਾਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਸਾਡੇ ਉਸ ਕੌਮ ਨਾਲ ਕੀ ਰਿਸ਼ਤੇ ਹਨ। ਇਸ ਲਈ ਦੋਵੇਂ ਹਾਕਮ ਸਾਡੇ ਲਈ ਅਬਦਾਲੀ ਤੇ ਜ਼ਕਰੀਆ ਖਾਨ ਸਾਬਤ ਹੋਏ।**

**ਕਰਮਜੀਤ ਸਿੰਘ**
(ਮੋਬਾਇਲ 99150-91063)



ਹਾਲ ਵਿਚ ਹੀ ਭਾਰਤ ਵਲੋਂ ਪਾਕਿਸਤਾਨ ਵਿਰੁੱਧ ਜੋ ਸਰਜੀਕਲ ਸਟਰਾਈਕਸ ਕੀਤੇ ਗਏ ਹਨ, ਉਨ੍ਹਾਂ ਹਮਲਿਆਂ ਦੇ ਖ਼ਾਲਸਾ ਪੰਥ ਲਈ ਕੀ ਡੂੰਘੇ ਅਰਥ ਹਨ? ਇਸ ਨਾਲ ਖ਼ਾਲਸਾ ਪੰਥ ਦੇ ਭਵਿੱਖ ਉੱਤੇ ਕਿਸ ਤਰ੍ਹਾਂ ਦਾ ਅਸਰ ਪੈ ਸਕਦਾ ਹੈ? ਅਸੀਂ ਇਸ ਦਾ ਢੁੱਕਵਾਂ, ਗੰਭੀਰ, ਸੰਤੁਲਿਤ ਅਤੇ ਨਿਆਰਾ ਵਿਸ਼ਲੇਸ਼ਣ ਨਹੀਂ ਕਰ ਸਕੇ। ਸਿੱਖ ਮੀਡੀਏ ਨੇ ਜੋ ਵਿਸ਼ਲੇਸ਼ਣ ਕੀਤਾ ਵੀ ਹੈ, ਉਹ ਹਿੰਦੂਤਵ ਤਾਕਤਾਂ ਵਲੋਂ ਸਥਾਪਤ ਕੀਤੀ ਗਈ ਭਾਰਤੀ ਮੁੱਖ ਧਾਰਾ ਦੀ ਲੀਹ ਨਾਲੋਂ ਵੱਖਰਾ ਨਹੀਂ। ਇਸ ਸਮੁੱਚੀ ਪੜਚੋਲ ਵਿਚ ਸਿੱਖ ਕੌਮ ਦੀ ਸੁਤੰਤਰ ਸੋਚ, ਸੁਤੰਤਰ ਨਜ਼ਰੀਆ ਅਤੇ ਸਿੱਖੀ ਸਿਧਾਂਤ ਨਿੱਖਰ ਕੇ ਸਾਹਮਣੇ ਨਹੀਂ ਆ ਸਕਿਆ। ਸਿੱਖ ਪੰਥ ਦੇ ਰਾਜਨੀਤਿਕ ਵਿਦਵਾਨਾਂ ਨੇ ਵੀ ਇਸ ਘਟਨਾ 'ਤੇ ਡੂੰਘੀ ਦਿਲਚਸਪੀ ਨਹੀਂ ਦਿਖਾਈ। ਰਾਜਨੀਤਿਕ ਲੀਡਰਸ਼ਿਪ ਦੇ ਅਖ਼ਬਾਰੀ ਬਿਆਨਾਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਤੋਂ ਵੀ ਇਹੋ ਇਸ਼ਾਰਾ ਮਿਲਦਾ ਹੈ ਕਿ ਉਹ ਇਨ੍ਹਾਂ ਘਟਨਾਵਾਂ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿਚ ਵੇਖਣ, ਪਰਖਣ ਅਤੇ ਸਿੱਖ ਕੌਮ ਨੂੰ ਸਾਰਥਕ ਦਿਸ਼ਾ ਦੇਣ ਵਿਚ ਸਮਰੱਥ ਅਤੇ ਕਾਬਲ ਸਾਬਤ ਨਹੀਂ ਹੋਏ। ਸਾਡਾ ਦੁਖਾਂਤ ਇਹ ਹੈ ਕਿ ਅਸੀਂ ਸੱਪ ਦੇ ਲੰਘ ਜਾਣ ਪਿਛੋਂ ਸੱਪ ਦੀ ਲਕੀਰ ਨੂੰ ਹੀ ਪਿੱਟਦੇ ਰਹਿੰਦੇ ਹਾਂ।

ਇਸ ਗੱਲ ਵਿਚ ਦੋ ਰਾਵਾਂ ਨਹੀਂ ਕਿ 29 ਸਤੰਬਰ ਨੂੰ ਕੀਤੀ ਸਰਜੀਕਲ ਸਟਰਾਈਕਸ ਨਾਮੀ ਕਾਰਵਾਈ ਬਾਰੇ ਸਾਡੀ ਸਮਝ ਅਤੇ ਸਾਡੇ ਫ਼ਿਕਰ ਭਾਰਤੀ ਮੁੱਖ ਧਾਰਾ ਦੀ ਮਰਜ਼ੀ ਤੇ ਯੋਜਨਾ ਦਾ ਹੀ ਹਿੱਸਾ ਬਣ ਗਏ ਹਨ। ਅੱਜ ਇਕ ਵਾਰ ਮੁੜ ਭਾਰਤ ਸਰਕਾਰ ਨੂੰ, ਅੰਤਰਰਾਸ਼ਟਰੀ ਬਰਾਦਰੀ ਨੂੰ, ਯੂ.ਐਨ.ਓ. ਨੂੰ ਅਤੇ ਆਪਣੀ ਕੌਮ ਦੇ ਲੋਕਾਂ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੈ ਕਿ ਇਸ ਦੇਸ਼ ਵਿਚ ਸਾਡੀ ਵੱਖਰੀ ਤੇ ਨਿਆਰੀ ਰਾਜਨੀਤਿਕ ਹਸਤੀ ਹੈ। 13 ਅਪ੍ਰੈਲ 1978 ਦੀ ਵਿਸਾਖੀ ਦੇ ਮੌਕੇ 'ਤੇ 13 ਸਿੰਘਾਂ ਦੀ ਸ਼ਹਾਦਤ ਮਗਰੋਂ ਆਜ਼ਾਦੀ ਲਈ ਜੋ ਸੰਘਰਸ਼ ਚੱਲਿਆ ਅਤੇ ਚੱਲ ਰਿਹਾ ਹੈ, ਉਸ ਵਿਚ ਹਜ਼ਾਰਾਂ ਕੁਰਬਾਨੀਆਂ ਅਤੇ ਉਜੜੇ ਘਰ ਸਾਡੀ ਨਿਆਰੀ ਹਸਤੀ ਤੇ ਹੋਂਦ ਦਾ ਹੀ ਪ੍ਰਤੱਖ ਪ੍ਰਮਾਣ ਹਨ। ਨੀਲੇ ਘੋੜੇ ਦੇ ਸ਼ਾਹ-ਸਵਾਰ ਨੇ ਢੇਰ ਚਿਰ ਪਹਿਲਾਂ ਤੋਂ ਹੀ ਸਾਨੂੰ ਪਾਤਸ਼ਾਹੀ ਦਾਅਵਾ ਰੱਖਣ ਦੀ ਹਦਾਇਤ ਕੀਤੀ ਹੋਈ ਹੈ। ਦਸ ਗੁਰੂ ਸਾਹਿਬਾਨ ਸਾਡੀਆਂ ਦਸ ਪਾਤਸ਼ਾਹੀਆਂ ਹਨ ਜੋ ਇਸ ਸਮੇਂ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ। ਇਸ ਲਈ ਰਾਜ ਕਰਨ ਦੇ ਦਾਅਵਿਆਂ ਵਿਚ ਸਾਡੀਆਂ ਇਹ ਦਸ ਪਾਤਸ਼ਾਹੀਆਂ ਚਸ਼ਮਦੀਦ ਗਵਾਹ ਹਨ।

ਅੱਜ ਖ਼ਾਲਸਾ ਪੰਥ ਨੂੰ ਇਕ ਅਹਿਮ ਨੁਕਤੇ 'ਤੇ ਧਿਆਨ ਇਕਾਗਰ ਕਰਨ ਦੀ ਲੋੜ ਹੈ। ਉਹ ਨੁਕਤਾ ਇਹ ਹੈ ਕਿ ਅਸੀਂ ਜਿਸ ਪੰਜਾਬ ਵਿਚ ਰਹਿੰਦੇ ਹਾਂ ਉਹ ਪੰਜਾਬ ਭੂਗੋਲਿਕ-ਰਾਜਨੀਤਿਕ ਪੱਖੋਂ ਬੇਹੱਦ ਮਹੱਤਵਪੂਰਨ ਅਤੇ ਰਣਨੀਤਿਕ ਖਿੱਤਾ ਹੈ। ਰਣਨੀਤਿਕ ਖਿੱਤੇ ਦਾ ਕੀ ਮਤਲਬ ਹੁੰਦਾ ਹੈ? ਇਸ ਦਾ ਸਿੱਧਾ ਜਿਹਾ ਮਤਲਬ ਇਹੋ ਹੈ ਕਿ ਸਾਡੇ ਆਲੇ ਦੁਆਲੇ ਜੋ ਕੁੱਝ ਵਾਪਰ ਰਿਹਾ ਹੈ, ਉਹ ਸਾਡੀਆਂ ਜ਼ਿੰਦਗੀਆਂ ਦਾ ਹਿੱਸਾ ਹੈ। ਇਸ ਖਿੱਤੇ ਵਿਚ ਵਾਪਰ ਰਹੀਆਂ ਘਟਨਾਵਾਂ ਸਾਡੀ ਹੋਣੀ, ਸਾਡੇ ਭਵਿੱਖ ਅਤੇ ਸਾਡੀ ਕਿਸਮਤ ਨਾਲ ਜੁੜੀਆਂ ਹੋਈਆਂ ਹਨ ਅਤੇ ਸਾਡੇ ਉਤੇ ਅਸਰ ਪਾਉਂਦੀਆਂ ਹਨ। ਸਾਡੇ ਡੂੰਘੇ ਫ਼ਿਕਰਾਂ ਦਾ ਓਨੀ ਸ਼ਿੱਦਤ ਤੇ ਗਹਿਰਾਈ ਨਾਲ ਹੋਰ ਕੋਈ ਦੂਜਾ ਹਾਣੀ ਨਹੀਂ ਬਣ ਸਕਦਾ। ਇਤਿਹਾਸ ਇਸ ਦੀ ਗਵਾਹੀ ਭਰਦਾ ਹੈ। ਜੇ ਇਹ ਘਟਨਾਵਾਂ ਸਭ ਤੋਂ ਵੱਧ ਸਾਡੇ ਉੱਤੇ ਹੀ ਅਸਰ ਕਰਦੀਆਂ ਹਨ ਤਾਂ ਫਿਰ ਸਾਫ਼ ਜ਼ਾਹਿਰ ਹੈ ਕਿ ਸਾਨੂੰ ਆਪਣੇ ਬਾਰੇ ਆਪਣੀ ਗੱਲ ਰੱਖਣ ਦਾ ਅੰਤਰਰਾਸ਼ਟਰੀ ਹੱਕ ਹੈ। ਦੂਜੇ ਲਫ਼ਜ਼ਾਂ ਵਿਚ ਇਸ ਖਿੱਤੇ ਬਾਰੇ ਹੋ ਰਹੀ ਬਹਿਸ ਵਿਚ ਅਸੀਂ ਨਾ ਕੇਵਲ ਮਹੱਤਵਪੂਰਨ ਧਿਰ ਹਾਂ ਸਗੋਂ ਬਹਿਸ ਦਾ ਕੇਂਦਰ ਵੀ ਹਾਂ। ਪਰ ਪੰਥ ਖ਼ਾਲਸਾ ਡੂੰਘੀ ਨੀਂਦਰ ਵਿਚ ਗਵਾਚਿਆ ਹੋਇਆ ਹੈ ਅਤੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਕਰ ਰਿਹਾ।

ਇਕ ਗੱਲ ਹੋਰ। ਕੁਦਰਤ ਨੇ ਸਾਡੇ ਉੱਤੇ ਅਪਾਰ ਬਖ਼ਸ਼ਿਸ਼ ਕੀਤੀ ਹੋਈ ਹੈ। ਕਿਹੜੀ ਬਖ਼ਸ਼ਿਸ਼ ਹੈ ਇਹ? ਬਖ਼ਸ਼ਿਸ਼ ਇਹ ਹੈ ਪਈ ਅਸੀਂ ਉਸ ਥਾਂ 'ਤੇ ਬੈਠੇ ਹੋਏ ਹਾਂ, ਜਿਥੇ ਸਾਡਾ ਜਿਉਣ ਮਰਨ ਸਾਂਝਾ ਹੈ, ਜਿਥੇ ਅਸੀਂ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਦੇ ਹਾਂ, ਜਿਥੇ ਅਸੀਂ ਬਹੁਗਿਣਤੀ ਵਿਚ ਹਾਂ, ਜਿਥੇ ਸਾਡੇ ਕੋਲ ਸਾਡਾ ਰੂਹਾਨੀ ਕੇਂਦਰ ਦਰਬਾਰ ਸਾਹਿਬ ਹੈ, ਜਿਥੇ ਸਾਨੂੰ ਸੁਤੰਤਰ ਸੇਧ ਦੇਣ ਲਈ ਅਕਾਲ ਤਖ਼ਤ ਹੈ, ਜਿਥੇ ਸਾਡੇ ਕੋਲ ਕੇਸ ਗੜ੍ਹ ਹੈ, ਫਤਹਿਗੜ੍ਹ ਹੈ, ਚਮਕੌਰ ਦੀ ਗੜ੍ਹੀ ਹੈ, ਮਾਛੀਵਾੜੇ ਦਾ ਜੰਗਲ ਹੈ, ਦਮਦਮਾ ਅਤੇ ਮੁਕਤਸਰ ਹੈ। ਬਹੁਤ ਕੁਝ ਗਵਾਚ ਜਾਣ ਦੇ ਬਾਵਜੂਦ ਬਹੁਤ ਕੁਝ ਅਜੇ ਬਚਿਆ ਹੋਇਆ ਹੈ। ਇਸ ਸਰ ਜ਼ਮੀਨ ਨੂੰ ਰਾਜਨੀਤਿਕ ਵਿਗਿਆਨ ਵਿਚ ਜਿਓ-ਪੁਲੀਟੀਕਲ ਖੇਤਰ ਕਹਿੰਦੇ ਹਨ। ਆਜ਼ਾਦੀ ਲਈ ਲੜ ਰਹੀਆਂ ਬਹੁਤੀਆਂ ਕੌਮਾਂ ਨੂੰ ਇਹੋ ਜਿਹੀ ਸਥਿਤੀ ਨਸੀਬ ਨਹੀਂ। ਜਿਓ-ਪੁਲੀਟੀਕਲ ਦੇ ਡਿਕਸ਼ਨਰੀ ਅਰਥ ਹਨ : 'ਕਿਸੇ ਖਿੱਤੇ ਦੀ ਉਹ ਸਿਆਸਤ ਜਿਸ ਨੂੰ ਉਸ ਖਿੱਤੇ ਦੀਆਂ ਭੂਗੋਲਿਕ ਹਾਲਤਾਂ ਤੈਅ ਕਰਦੀਆਂ ਹਨ'। ਦੂਜੇ ਸ਼ਬਦਾਂ ਵਿਚ ਭੂਗੋਲਿਕ ਮੁਹਾਂਦਰਾ ਜਾਂ ਨਕਸ਼ ਉਸ ਖਿੱਤੇ ਵਿਚ ਵਸਦੀ ਕੌਮ ਦੀ ਤਕਦੀਰ ਦਾ ਫ਼ੈਸਲਾਕੁੰਨ ਰੋਲ ਅਦਾ ਕਰਦੇ ਹਨ। ਇਸ ਨੂੰ ਇਕ ਮਿਸਾਲ ਰਾਹੀਂ ਸਮਝਿਆ ਜਾ ਸਕਦਾ ਹੈ। ਨਕਸ਼ੇ ਨੂੰ ਰਾਜਨੀਤਿਕ ਅੱਖ ਨਾਲ ਵੇਖੋ। ਤੁਸੀਂ ਵੇਖੋਗੇ ਕਿ ਸਾਡੇ ਇਕ ਪਾਸੇ ਪਾਕਿਸਤਾਨ ਹੈ ਅਤੇ ਦੂਜੇ ਪਾਸੇ ਹਿੰਦੁਸਤਾਨ ਹੈ। ਇਕ ਪਾਸੇ ਜੰਮੂ ਕਸ਼ਮੀਰ ਵੀ ਹੈ ਜਿਥੇ ਕਸ਼ਮੀਰ ਦੇ ਲੋਕਾਂ ਵਲੋਂ ਆਜ਼ਾਦੀ ਲਈ ਜਦੋ-ਜਹਿਦ ਚੱਲ ਰਹੀ ਹੈ। ਉਸ ਤੋਂ ਪਰ੍ਹੇ ਚੀਨ ਹੈ। ਹਿੰਦੁਸਤਾਨ ਅਤੇ ਪਾਕਿਸਤਾਨ ਅਰਥਾਤ ਦੋਵਾਂ ਮੁਲਕਾਂ ਵਿਚ ਓੜਕਾਂ ਦੀ ਵਿਚਾਰਧਾਰਕ ਦੁਸ਼ਮਣੀ ਹੈ, ਜਿਸ ਦੀਆਂ ਜੜ੍ਹਾਂ ਇਤਿਹਾਸ ਵਿਚ ਡੂੰਘੀਆਂ ਧਸੀਆਂ ਹੋਈਆਂ ਹਨ। ਇਨ੍ਹਾਂ ਦੇਸ਼ਾਂ ਵਿਚ ਹਿੰਦੂ ਤੇ ਮੁਸਲਮਾਨ ਦੋ ਕੌਮਾਂ ਵਸਦੀਆਂ ਹਨ, ਜੋ ਰੇਲ ਦੀਆਂ ਦੋ ਲਾਈਨਾਂ ਵਾਂਗ ਹਨ ਜਾਂ ਨਦੀ ਦੇ ਦੋ ਕਿਨਾਰੇ ਹਨ, ਜੋ ਕਦੇ ਨਹੀਂ ਮਿਲਦੇ। ਪਰ ਅਸੀਂ, ਹਾਂ ਅਸੀਂ, ਯਾਨੀ ਖ਼ਾਲਸਾ ਪੰਥ ਇਨ੍ਹਾਂ ਦੋਵਾਂ ਕਿਨਾਰਿਆਂ ਵਿਚ ਮਹੱਤਵਪੂਰਨ ਪੁਲ ਹੈ। ਇਕ ਇਹੋ ਹੀ ਪੁਲ ਹੈ ਜੋ ਦੋਵਾਂ ਦੇਸ਼ਾਂ ਨੂੰ ਅਰਥਾਤ ਦੋਵਾਂ ਕੌਮਾਂ ਨੂੰ ਜੋੜ ਸਕਣ ਵਿਚ ਇਤਿਹਾਸਕ ਰੋਲ ਅਦਾ ਕਰ ਸਕਦਾ ਹੈ। ਭੂਗੋਲ ਦੀ ਇਹੋ ਸਾਡੇ ਉਤੇ ਬਖ਼ਸ਼ਿਸ਼ ਹੈ ਪਰ ਅਸੀਂ ਇਸ ਬਖ਼ਸ਼ਿਸ਼ ਤੋਂ ਬੇਖ਼ਬਰ ਹਾਂ। ਅਸੀਂ ਆਪਣੀ ਤਾਕਤ ਅਤੇ ਆਪਣੇ ਪ੍ਰਭਾਵ ਦਾ ਇਸਤੇਮਾਲ ਹੀ ਨਹੀਂ ਕਰਦੇ। ਸ਼ਾਇਦ ਸਾਡੇ ਅੰਦਰ ਘਟੀਆਪਨ ਦਾ ਅਹਿਸਾਸ ਇਸ ਕਦਰ ਘਰ ਕਰ ਗਿਆ ਹੈ ਕਿ ਅਸੀਂ ਇਸ ਅਹਿਸਾਸ ਤੋਂ ਮੁਕਤ ਹੀ ਨਹੀਂ ਹੋ ਰਹੇ।

ਇਕ ਹੋਰ ਹਕੀਕਤ ਨੂੰ ਵੀ ਦਿਲ ਵਿਚ ਵਸਾਉਣ ਅਤੇ ਰਸਾਉਣ ਦੀ ਲੋੜ ਹੈ ਅਤੇ ਜੇਕਰ ਅਸੀਂ ਨਹੀਂ ਵਸਾਉਂਦੇ ਤਾਂ ਅਸੀਂ ਪਹਿਲਾਂ ਵਾਂਗ ਠੇਡੇ ਖਾਂਦੇ ਰਹਾਂਗੇ। ਉਹ ਹਕੀਕਤ ਇਹ ਹੈ ਕਿ ਦੋਵਾਂ ਧਰਮਾਂ ਦੇ ਹਾਕਮਾਂ ਨੇ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਸਾਡੇ ਉੱਤੇ ਬੇਸ਼ੁਮਾਰ ਜ਼ੁਲਮ ਕੀਤੇ ਹਨ। ਦੋਵਾਂ ਕੌਮਾਂ ਦੇ ਹਾਕਮਾਂ ਨੇ ਸਾਡੇ ਦਰਬਾਰ ਸਾਹਿਬ ਨੂੰ ਢਾਹਿਆ। ਜੂਨ 1984 ਵਿਚ ਹਿੰਦੂ ਕੌਮ ਦੇ ਰਹਿਬਰਾਂ ਨੇ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਕੇ ਸਾਨੂੰ ਉਹ ਜ਼ਖ਼ਮ ਦਿੱਤਾ, ਜੋ ਅਜੇ ਤੱਕ ਭਰਿਆ ਨਹੀਂ। ਇਸ ਹਮਲੇ ਨੇ ਸਾਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਸਾਡੇ ਉਸ ਕੌਮ ਨਾਲ ਕੀ ਰਿਸ਼ਤੇ ਹਨ। ਇਸ ਲਈ ਦੋਵੇਂ ਹਾਕਮ ਸਾਡੇ ਲਈ ਅਬਦਾਲੀ ਤੇ ਜ਼ਕਰੀਆ ਖਾਨ ਸਾਬਤ ਹੋਏ। ਪਰ ਇਸ ਹਕੀਕਤ ਨੂੰ ਵੀ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਦੋਵਾਂ ਕੌਮਾਂ ਦੇ ਧਰਮਾਂ ਦੇ ਪੈਰੋਕਾਰਾਂ ਨਾਲ ਸਾਡੀਆਂ ਗੂੜ੍ਹੀਆਂ ਤੇ ਪਿਆਰ ਭਰੀਆਂ ਸਾਂਝਾਂ ਬਣੀਆਂ ਹੋਈਆਂ ਹਨ ਅਤੇ ਇਹ ਸਾਂਝਾਂ ਬਰਾਬਰੀ ਦੇ ਆਧਾਰ ਉੱਤੇ ਬਣੀਆਂ ਹੋਈਆਂ ਹਨ। ਦੋਵੇਂ ਕੌਮਾਂ ਦੇ ਸਭਿਆਚਾਰ ਅਤੇ ਉਨ੍ਹਾਂ ਦੀ ਰੂਹਾਨੀ ਅਮੀਰੀ ਸਾਡੇ ਗੁਰੂ ਗ੍ਰੰਥ ਸਾਹਿਬ ਵਿਚ ਬਕਾਇਦਾ ਸੁਰੱਖਿਅਤ ਹੈ। ਇਸ ਲਈ ਪਾਕਿਸਤਾਨ ਸਾਡੇ ਲਈ ਨਰਕ ਦੀ ਭੂਮੀ ਨਹੀਂ ਜਿਵੇਂ ਕਿ ਭਾਰਤ ਦੇ ਇਕ ਵਜ਼ੀਰ ਨੇ ਹਾਲ ਵਿਚ ਹੀ ਇਸ ਕਿਸਮ ਦੀ ਬੇਹੂਦਾ ਟਿੱਪਣੀ ਕੀਤੀ ਸੀ। ਸਾਡੇ ਪੈਗ਼ੰਬਰ ਦੀ ਸਰਜ਼ਮੀਂ ਨਨਕਾਣਾ ਸਾਹਿਬ ਹੈ ਜੋ ਪਾਕਿਸਤਾਨ ਵਿਚ ਹੈ। ਸਾਡੇ ਦਸਮ ਪਿਤਾ ਦਾ ਜਨਮ ਸਥਾਨ ਅਤੇ ਜੋਤੀ-ਜੋਤ ਸਮਾਉਣ ਦਾ ਅਸਥਾਨ ਹਿੰਦੁਸਤਾਨ ਵਿਚ ਹੈ। ਇਸ ਲਈ ਸਾਡੇ ਲਈ ਸਾਰੀਆਂ ਧਰਤੀਆਂ ਪਾਕ-ਪਵਿੱਤਰ ਹਨ। ਇਹ ਗਵਾਹੀ ਭਾਈ ਸੁੱਖਾ-ਜਿੰਦਾ ਨੇ

ਬਾਕੀ ਸਫ਼ਾ 32 'ਤੇ

# ਰਾਜਨਾਥ ਸਿੰਘ, ਜੰਗ ਦਾ ਛੁਣਛੁਣਾ ਤੇ 'ਵੈਗ ਦੀ ਡੌਗ'

**ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਮੌਜੂਦਾ ਰਾਸ਼ਟਰਪਤੀ ਸੈਕਸ ਸਕੈਂਡਲ ਵਿਚ ਫਸੇ ਸਨ, ਲੋਕਪ੍ਰਿਯਤਾ ਦਾ ਗਰਾਫ਼ ਡਿੱਗਿਆ ਹੋਇਆ ਸੀ। ਹੁਣ ਇਸ ਸਮੱਸਿਆ ਨਾਲ ਨਜਿੱਠਿਆ ਕਿਵੇਂ ਜਾਵੇ? ਤਾਂ ਰਾਸ਼ਟਰਪਤੀ ਦੀ ਟੀਮ ਨੇ ਠੇਕਾ ਦਿੱਤਾ ਰਾਬਰਟ ਡੀ ਨੀਰੋ ਨੂੰ ਅਤੇ ਉਨ੍ਹਾਂ ਨੇ ਇਕ ਫ਼ਿਲਮ ਡਾਇਰੈਕਟਰ ਭਾਵ ਡਸਟਿਨ ਹਾਫ਼ਮੈਨ ਨੂੰ ਫੜ ਕੇ ਇਕ ਨਕਲੀ ਯੁੱਧ ਘੜ ਲਿਆ। ਅਲਬਾਨੀਆ ਨਾਲ ਇਕ ਨਕਲੀ ਯੁੱਧ ਫਿਲਮਾਇਆ ਗਿਆ, ਜਿਸ ਨੂੰ ਅਮਰੀਕੀ ਜਨਤਾ ਨੂੰ ਪਰੋਸ ਦਿੱਤਾ ਗਿਆ ਅਤੇ ਲੋਕਾਂ ਦਾ ਧਿਆਨ ਰਾਸ਼ਟਰਪਤੀ ਦੇ ਸਕੈਂਡਲਾਂ ਤੋਂ ਭਟਕਾਇਆ ਗਿਆ।**



### ਕਰਾਂਤੀ ਸੰਭਵ

ਤਾਜ਼ਾ ਮੁੱਦੇ ਸਰਜੀਕਲ ਸਟਰਾਈਕਲ 'ਤੇ ਗੱਲ ਕਰਦੇ ਹਾਂ। ਜਦੋਂ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਕ ਕਹਾਣੀ ਟਵੀਟ ਕੀਤੀ, ਜਿਸ ਨੂੰ ਮੈਂ ਬਹੁਤਾ ਗੌਰ ਨਾਲ ਨਹੀਂ ਦੇਖਿਆ ਸੀ। ਰਾਜਨਾਥ ਸਿੰਘ ਨੂੰ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਏ ਜਾਣ ਦੀ ਮੁਹਿੰਮ ਦਾ ਜ਼ਿਕਰ ਸੀ। ਇਧਰ-ਉਧਰ ਮਾਊਸ ਘੁਮਾਉਣ ਤੋਂ ਬਾਅਦ ਇਕ ਵਾਰ ਫੇਰ ਉਮਰ ਸਾਹਿਬ ਦੀ ਟਿੱਪਣੀ ਦੇਖੀ ਤਾਂ ਪਤਾ ਚੱਲਿਆ ਕਿ ਉਹ ਅਖ਼ੀਰਲਾ ਪਹਿਰਾ ਪੜ੍ਹਨ ਲਈ ਵੀ ਲਿਖਿਆ ਸੀ। ਇਸ ਪਹਿਰੇ ਵਿਚ ਕਸ਼ਮੀਰ ਵਿਚ ਹੋਣ ਵਾਲੇ ਕਿੱਸੇ ਵੱਡੇ ਫ਼ੌਜੀ ਆਪਰੇਸ਼ਨ ਦੀ ਗੱਲ ਕੀਤੀ ਗਈ ਸੀ। ਇਹ ਜਾਣਕਾਰੀ ਵੀ ਮੈਨੂੰ ਸਾਧਾਰਨ ਜਿਹੀ ਹੀ ਲਗਣੀ ਸੀ ਪਰ ਜੇ ਤਰੀਕ 'ਤੇ ਨਜ਼ਰ ਨਾ ਪੈਂਦੀ, ਜੋ ਜੂਨ ਦੀ ਸੀ, ਭਾਵ ਚਾਰ ਮਹੀਨੇ ਪਹਿਲਾਂ ਦੀ।

ਫਿਰ ਧਿਆਨ ਨਾਲ ਪੜ੍ਹਿਆ। ਉਮਰ ਅਬਦੁੱਲਾ ਦਾ ਕਹਿਣਾ ਸੀ ਕਿ ਜੂਨ ਦੀ ਇਸ ਰਿਪੋਰਟ ਤੋਂ ਪੱਤਰਕਾਰਾਂ ਨੇ ਅਸਲੀ ਮੁੱਦਾ ਖੁੰਝਾ ਦਿੱਤਾ। ਦਰਅਸਲ ਰਿਪੋਰਟ ਵਿਚ ਸਥਾਨਕ ਭਾਜਪਾ ਨੇਤਾਵਾਂ ਦੇ ਹਵਾਲੇ ਨਾਲ ਲਿਖਿਆ ਗਿਆ ਸੀ ਕਿ ਜੰਮੂ-ਕਸ਼ਮੀਰ ਵਿਚ ਵੱਡਾ ਆਪਰੇਸ਼ਨ ਹੋਣ ਵਾਲਾ ਹੈ, ਜਿਸ ਵਿਚ ਸਫਲਤਾ ਮਿਲੇਗੀ, ਆਪਰੇਸ਼ਨ ਮਗਰੋਂ ਰਾਜਨਾਥ ਸਿੰਘ ਹੀਰੋ ਬਣਨਗੇ ਤੇ ਉਨ੍ਹਾਂ ਨੂੰ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦਾ ਉਮੀਦਵਾਰ ਬਣਾਉਣ ਲਈ ਸਹੀ ਮਾਹੌਲ ਹੋਵੇਗਾ। ਇਹ ਖ਼ਬਰ ਵਾਕਿਆ ਹੀ ਦਿਲਚਸਪ ਸੀ। ਜੇਕਰ ਇਹ ਖ਼ਬਰ ਸਹੀ ਹੈ ਤਾਂ ਫਿਰ ਸਰਜੀਕਲ ਸਟਰਾਈਕ ਦੀ ਪਟਕਥਾ ਬਹੁਤ ਪਹਿਲਾਂ ਲਿਖੀ ਜਾ ਚੁੱਕੀ ਸੀ, ਉੜੀ ਤਾਂ ਤੁਰੰਤ ਕਾਰਨ ਸੀ। ਸਰਕਾਰ ਦੀ ਰਣਨੀਤੀ ਸਾਫ਼ ਸੀ। ਉਮਰ ਅਬਦੁੱਲਾ ਨੇ ਆਪਣੇ ਦੂਸਰੇ ਟਵੀਟ ਵਿਚ ਇਹੀ ਅੰਡਰਲਾਈਨ ਕੀਤਾ ਕਿ ਇਹ ਖ਼ਬਰ ਉੜੀ ਹਮਲੇ, ਘਾਟੀ ਵਿਚ ਚੱਲ ਰਹੇ ਵਿਦਰੋਹ ਤੋਂ ਪਹਿਲਾਂ ਦੀ ਹੈ। ਮਨ ਵਿਚ ਸਵਾਲ ਉਠਿਆ ਕਿ ਆਖ਼ਰ ਇਹ ਖ਼ਬਰ ਭਾਰਤੀ ਰਾਜਨੀਤੀ ਦੇ ਸੰਦਰਭ ਵਿਚ ਨਵੀਂ ਕਿਉਂ ਲੱਗ ਰਹੀ ਹੈ...? ਉਸੇ ਸਵਾਲ ਦਾ ਬੇਸ਼ਕੀਮਤੀ ਵਿਚਾਰ, ਇਕ ਪਹਿਰੇ ਬਾਅਦ...

ਦਰਅਸਲ, ਇਸ ਖ਼ਬਰ ਨਾਲ ਮੈਨੂੰ ਅੱਜ ਦੀ ਦੂਸਰੀ ਫ਼ਿਲਮ ਯਾਦ ਆ ਗਈ, ਜਿਸ ਦਾ ਨਾਂ ਸੀ 'ਵੈਗ ਦੀ ਡੌਗ'। ਦੋ ਜ਼ੋਰਦਾਰ ਅਦਾਕਾਰ ਉਸ ਵਿਚ ਸਨ, ਰਾਬਰਟ ਡੀ ਨੀਰੋ ਤੇ ਡਸਟਿਨ ਹਾਫ਼ਮੈਨ। ਕਹਾਣੀ ਇਹ ਸੀ ਕਿ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਮੌਜੂਦਾ ਰਾਸ਼ਟਰਪਤੀ ਸੈਕਸ ਸਕੈਂਡਲ ਵਿਚ ਫਸੇ ਸਨ, ਲੋਕਪ੍ਰਿਯਤਾ ਦਾ ਗਰਾਫ਼ ਡਿੱਗਿਆ ਹੋਇਆ ਸੀ। ਹੁਣ ਇਸ ਸਮੱਸਿਆ ਨਾਲ ਨਜਿੱਠਿਆ ਕਿਵੇਂ ਜਾਵੇ? ਤਾਂ ਰਾਸ਼ਟਰਪਤੀ ਦੀ ਟੀਮ ਨੇ ਠੇਕਾ ਦਿੱਤਾ ਰਾਬਰਟ ਡੀ ਨੀਰੋ ਨੂੰ ਅਤੇ ਉਨ੍ਹਾਂ ਨੇ ਇਕ ਫ਼ਿਲਮ ਡਾਇਰੈਕਟਰ ਭਾਵ ਡਸਟਿਨ ਹਾਫ਼ਮੈਨ ਨੂੰ ਫੜ ਕੇ ਇਕ ਨਕਲੀ ਯੁੱਧ ਘੜ ਲਿਆ। ਅਲਬਾਨੀਆ ਨਾਲ ਇਕ ਨਕਲੀ ਯੁੱਧ ਫਿਲਮਾਇਆ ਗਿਆ, ਜਿਸ ਨੂੰ ਅਮਰੀਕੀ ਜਨਤਾ ਨੂੰ ਪਰੋਸ ਦਿੱਤਾ ਗਿਆ ਅਤੇ ਲੋਕਾਂ ਦਾ ਧਿਆਨ ਰਾਸ਼ਟਰਪਤੀ ਦੇ ਸਕੈਂਡਲਾਂ ਤੋਂ ਭਟਕਾਇਆ ਗਿਆ। ਦਰਅਸਲ ਇਹੀ 'ਵੈਗ ਦੀ ਡੌਗ' ਮੁਹਾਵਰੇ ਦਾ ਮਤਲਬ ਵੀ ਹੈ। ਛੋਟੀਆਂ ਚੀਜ਼ਾਂ ਵਿਚੋਂ ਧਿਆਨ ਹਟਾ ਕੇ ਵੱਡੀ ਖੇਡ ਖੇਡਣਾ। ਵੈਸੇ ਵਿਕੀਪੀਡੀਆ ਨੇ ਇਕ ਹੋਰ ਦਿਲਚਸਪ ਜਾਣਕਾਰੀ ਦਿੱਤੀ ਹੈ। ਉਹ ਇਹ ਕਿ ਫ਼ਿਲਮ ਦੇ ਰਿਲੀਜ਼ ਹੋਣ ਦੇ ਇਕ ਮਹੀਨੇ ਬਾਅਦ ਮੋਨਿਕਾ ਲੈਵਿੰਸਕੀ ਵਾਲੇ ਸਕੈਂਡਲ ਵਿਚ ਕਲਿੰਟਨ ਸਾਹਿਬ ਫਸੇ ਸਨ ਤੇ ਸੂਡਾਨ ਦੇ ਕਿਸੇ ਇਲਾਕੇ ਵਿਚ ਅਮਰੀਕਾ ਨੇ ਹਮਲਾ ਵੀ ਕੀਤਾ ਸੀ। ਸੋਚੋ, ਫ਼ਿਲਮ ਰਿਲੀਜ਼ ਦੇ ਇਕ ਮਹੀਨੇ ਬਾਅਦ।

ਕੁੱਲ ਮਿਲਾ ਕੇ, ਇਹ ਫ਼ਿਲਮ ਇਸ ਲਈ ਯਾਦ ਆਈ ਕਿ ਅਮਰੀਕਾ ਵਿਚ ਤਾਂ ਜੰਗ ਤੇ ਸਿਆਸਤ ਦਾ ਹਮੇਸ਼ਾ ਡੂੰਘਾ ਰਿਸ਼ਤਾ ਰਿਹਾ ਹੈ। ਵੈਸੇ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਰਿਹਾ ਹੈ ਤੇ ਪਾਕਿਸਤਾਨ ਵਿਚ ਤਾਂ ਲੋਕਤੰਤਰ ਦੀ ਇਮਾਰਤ ਹੀ ਯੁੱਧ ਦੇ ਸੀਮਿੰਟ ਨਾਲ ਖੜ੍ਹੀ ਹੈ। ਪਰ ਆਪਣੇ ਮੁਲਕ ਦਾ ਪਰਜਾਤੰਤਰ ਇਸ ਮਾਮਲੇ ਵਿਚ ਪੱਕਾ ਰਿਹਾ ਹੈ। ਵੋਟਰ ਬਹੁਤ ਸਮਝਦਾਰ ਰਹੇ ਹਨ। ਜੰਗ ਨੇ ਕਦੇ ਸਾਨੂੰ ਜ਼ਿਆਦਾ ਉਤਸ਼ਾਹਤ ਨਹੀਂ ਕੀਤਾ ਹੈ।

ਅਸੀਂ ਲੋਕ ਵੋਟਰ ਨੂੰ ਭਾਵੇਂ ਸੁਸਤ ਕਹੀਏ, ਪਰ ਇਹ ਸਾਡਾ ਜੁਝਾਰੂਪਣ ਹੈ ਕਿ ਦਿੱਲੀ ਦੇ ਸਰੋਜਨੀ ਨਗਰ ਮਾਰਕੀਟ ਵਿਚ ਬੰਬ ਫਟ ਗਿਆ ਹੈ ਤੇ ਲਾਜਪਤ ਨਗਰ ਮਾਰਕੀਟ ਤੋਂ ਸਿਰਹਾਣਿਆਂ ਦੇ ਗਿਲਾਫ਼ ਖਰੀਦ ਲੈਂਦੇ ਹਾਂ। ਅਸੀਂ ਹਿੰਸਾ ਦਾ ਜਵਾਬ ਗਿਲਾਫ਼ ਖ਼ਰੀਦ ਕੇ ਦਿੰਦੇ ਰਹੇ ਹਾਂ। ਲੋਕਲ ਟਰੇਨ ਵਿਚ ਬੰਬ ਫਟਦਾ ਹੈ ਤਾਂ ਅਸੀਂ ਬੱਸ ਵਿਚ ਨਿਕਲਦੇ ਹਾਂ, ਬੱਸ ਵਿਚ ਬੰਬ ਫਟਦਾ ਹੈ ਤਾਂ ਆਟੋ ਰਾਹੀਂ ਜਾਂਦੇ ਹਾਂ। ਦਹਿਸ਼ਤਗਰਦ ਸਾਨੂੰ ਰੋਕ ਨਹੀਂ ਸਕਦੇ। ਉਹ ਜਾਨ ਲੈਂਦੇ ਰਹਿੰਦੇ ਹਨ, ਅਸੀਂ ਵਧਦੇ ਰਹਿੰਦੇ ਹਾਂ। ਵੋਟਰਾਂ ਦੇ ਮਨ ਵਿਚ ਯੁੱਧ ਅਤੇ ਸਰਜੀਕਲ ਸਟਰਾਈਕ ਦਾ ਮੁਕਾਬਲਾ ਪਿਆਜ਼, 2 ਜੀ ਅਤੇ ਗਾਂ ਨਾਲ ਜਦੋਂ ਵੀ ਹੋਵੇ, ਅਸੀਂ ਪਿਆਜ਼ ਤੇ ਗਾਂ ਚੁਣਦੇ ਹਾਂ। ਅਸੀਂ ਕਦੇ 'ਵਾਰ ਐਂਡ ਪੀਸ' 'ਤੇ ਵੋਟ ਨਹੀਂ ਦਿੱਤੀ, ਅਸੀਂ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' 'ਤੇ ਵੋਟ ਦਿੰਦੇ ਹਾਂ। ਭਾਵੇਂ ਹੀ ਬੰਪਰ 'ਤੇ ਸਕਰੈਚ ਲੱਗਣ 'ਤੇ ਆਪਣੇ ਗਵਾਂਢੀ ਨੂੰ ਚਾਕੂ ਮਾਰ ਕੇ ਅਸੀਂ ਉਸ ਦੀ ਜਾਨ ਲੈ ਲੈਂਦੇ ਹਾਂ ਪਰ ਉਹ ਤਾਂ ਘਰੇਲੂ ਪੱਧਰ ਦੀ ਗੱਲ ਹੈ। ਕੌਮਾਂਤਰੀ ਪੱਧਰ 'ਤੇ ਜੇਕਰ ਭਾਰਤ ਦੀ ਦਿਖ ਸ਼ਾਂਤੀ ਪ੍ਰਿਯ ਦੇਸ਼ ਵਾਲੀ ਹੈ, ਤਾਂ ਵੋਟਰਾਂ ਦਾ ਧੰਨਵਾਦ।

...ਪਰ ਹੁਣ ਵੋਟਰ ਬਦਲ ਰਹੇ ਹਨ, ਯੁੱਧ ਨੂੰ ਲੈ ਕੇ ਲੋਕਾਂ ਵਿਚ ਦਿਲਚਸਪੀ ਵਧਣ ਲੱਗੀ ਹੈ। ਵਿਸ਼ਵ ਗੁੱਸੇ ਦੇ ਯੁੱਗ ਵਿਚ ਜੀ ਰਿਹਾ ਹੈ। ਬਰੈਕਜ਼ਿਟ ਤੋਂ ਲੈ ਕੇ ਡੋਨਾਲਡ ਟਰੰਪ ਤਕ। ਭਾਰਤ ਵਿਚ ਵੀ ਗੁੱਸੇ ਦੇ ਸਰਵੋਤਮ ਕਾਰਨ ਸਾਹਮਣੇ ਹਨ। ਮੱਧ ਵਰਗੀ ਅਮੀਰੀ, ਨਿਮਨ ਵਰਗ ਦੀ ਨਿਰਾਸ਼ਾ, ਜ਼ਿਆਦਾ ਕਮਾਈ, ਜ਼ਿਆਦਾ ਈ.ਐਮ.ਆਈ., ਦੀਵਾਲੀ ਡਿਸਕਾਊਂਟ, ਸ਼ਾਨਦਾਰ ਗੱਡੀਆਂ ਤੇ ਪਾਰਕਿੰਗ ਹੈ, ਉਂਗਲ ਚੁੱਕ ਕੇ ਭਾਸ਼ਣ ਦੇਣ ਵਾਲੇ ਵੀ, ਬਾਹਾਂ ਚੜ੍ਹਾਉਂਦੇ ਨੇਤਾ ਵੀ...ਯੁੱਧ ਪਾਲਣ ਲਈ ਆਦਰਸ਼ ਸਥਿਤੀ ਵੀ ਆ ਚੁੱਕੀ ਹੈ। ਹਿੰਸਾ ਦੀ ਸੈਕਸ ਅਪੀਲ ਨਾਲ ਜਿੰਨੇ ਖੱਬੇ ਤੇ ਸੱਜੇ ਪੱਖੀ ਮੋਹੇ ਜਾ ਰਹੇ ਹਨ, ਓਨੇ ਹੀ ਮਦਹੋਸ਼ ਖ਼ੁਦ ਨੂੰ ਲਿਬਰਲ ਕਹਿਣ ਵਾਲੇ ਵੀ ਹਨ, ਜੋ ਸਰਕਾਰ ਨੂੰ ਜੰਮ ਕੇ ਉਕਸਾ ਰਹੇ ਹਨ। ਮੱਧਯ ਮਾਰਗ ਦੀ ਸਮੂਹਕ ਹੱਤਿਆ ਹੋ ਗਈ ਹੈ।

ਇਸ ਬਦਲਾਅ ਨੂੰ ਫੜਨ ਲਈ ਸਾਰੀਆਂ ਪਾਰਟੀਆਂ ਉਤਾਵਲੀਆਂ ਹਨ। ਸਰਜੀਕਲ ਸਟਰਾਈਕ ਦੀ ਪ੍ਰਸ਼ੰਸਾ ਨਾਲ ਹਰੀ-ਪੀਲੀ ਨਿੰਦਾ ਹੁੰਦਿਆਂ ਅਸੀਂ ਦੇਖ ਲਿਆ ਹੈ। ਕਿਹਾ ਗਿਆ-ਯੂ.ਪੀ.ਏ. ਵੇਲੇ ਵੀ ਸਰਜੀਕਲ ਸਟਰਾਈਕ ਹੋਏ ਸਨ, ਤਾਂ ਉਦੋਂ ਜ਼ਿਕਰ ਕਿਉਂ ਨਹੀਂ ਹੋਇਆ ਸੀ? ਹੁਣ ਕਿਉਂ ਹੋ ਰਿਹਾ ਹੈ? ਸਮੱਸਿਆ ਸਟਰਾਈਕ ਤੋਂ ਹੈ, ਜਾਂ ਉਸ ਨੂੰ ਜਨਤਕ ਕਰਨ ਤੋਂ? ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਹਿਲਾਂ ਵਿਅੰਗ ਕਰਦੇ ਹਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਲਾਮ ਕਰਦੇ ਹਨ, ਫ਼ੌਜ 'ਤੇ ਸਵਾਲ ਉਠਾਉਂਦੇ ਹਨ। ਮਨੀਸ਼ ਸਿਸੋਦੀਆ ਵਿਚਾਰੇ ਆਪਣੇ ਟਵੀਟ ਰਾਹੀਂ ਉਨ੍ਹਾਂ ਤਾਅਨਿਆਂ ਨੂੰ ਇਕ ਗੰਭੀਰ ਸਵਾਲ ਵਿਚ ਬਦਲ ਦੇਣਾ ਚਾਹੁੰਦੇ ਹਨ ਪਰ ਵਿਅੰਗ ਨਾਲ ਸਮੱਸਿਆ ਤਾਂ ਹੁੰਦੀ ਹੈ। ਗੰਭੀਰ ਬਿਆਨ ਨੂੰ ਤਾਂ ਵਿਅੰਗ ਕੈਟਾਗਰੀ ਵਿਚ ਕਵਾਲੀਫਾਈ ਕਰਵਾਇਆ ਜਾ ਸਕਦਾ ਹੈ, ਜਿਵੇਂ ਮਾਰਕੇਡਯ ਕਾਟਜੂ ਕਰਦੇ ਹਨ, ਪਰ ਵਿਅੰਗ ਵਾਲੇ ਬਿਆਨ ਨੂੰ ਗੰਭੀਰ ਕੈਟਾਗਰੀ ਵਿਚ ਵਾਈਲਡ ਕਾਰਡ ਐਂਟਰੀ ਵੀ ਨਹੀਂ ਮਿਲਦੀ।

ਫਿਰ ਮਹਿਬੂਬ ਮੁਫ਼ਤੀ ਤੋਂ 'ਭਾਰਤ ਮਾਤਾ ਦੀ ਜੈ' ਬੁਲਾਉਣਾ ਪੈਂਦਾ ਹੈ। 'ਪਾਕਿਸਤਾਨ ਨੂੰ ਮੂੰਹਤੋੜ ਜਵਾਬ ਦੇ ਦਿੱਤਾ ਗਿਆ ਹੈ' ਜਿਵੇਂ ਜੈਵਿਕ ਬਿਆਨ ਦੇਣੇ ਪੈਂਦੇ ਹਨ। ਚਿੰਤਾ ਇਸ ਗੱਲ ਦੀ ਹੈ ਕਿ ਜਿਸ ਤਰੀਕੇ ਨਾਲ ਸਾਰੀਆਂ ਪਾਰਟੀਆਂ ਸਰਜੀਕਲ ਸਟਰਾਈਕ ਦਾ ਪੋਸਟਮਾਰਟਮ ਕਰ ਰਹੀਆਂ ਹਨ, ਕਿਤੇ ਅਜਿਹਾ ਨਾ ਹੋਵੇ, ਇਸ ਦੀ ਲਾਸ਼ ਨੂੰ ਮਮੀ ਬਣਾ ਕੇ ਸਾਰੇ ਆਪਣੇ ਆਪਣੇ ਮੈਨੀਫੈਸਟੋਆਂ ਵਿਚ ਸਹੇਜ ਕੇ ਰੱਖ ਲੈਣ।

ਖ਼ੈਰ, ਹੋ ਸਕਦਾ ਸੀ, ਜੇਕਰ ਖ਼ਬਰ ਵੱਡੀ ਹੁੰਦੀ, ਜਿਵੇਂ ਅਬਦੁੱਲਾ ਜੀ ਬੋਲ ਰਹੇ ਸਨ, ਤਾਂ 'ਸਬੂਤਯਾਚਕ, ਆਲੋਚਕ' ਸਰਕਾਰ 'ਤੇ ਇਹ ਦੋਸ਼ ਲਾਉਂਦੇ ਕਿ ਸਿਆਸੀ ਲਾਹੇ ਲਈ ਸਟਰਾਈਕ ਕਰਵਾਇਆ ਗਿਆ। 'ਤੇ ਇਸ 'ਤੇ ਕੋਈ ਸਵਾਲ ਨਾ ਚੁੱਕਣਾ, ਸ਼ੱਕ ਜ਼ਰੂਰ ਉਠਾ ਸਕਦਾ ਹੈ, ਜਾਂ ਹੋ ਸਕਦਾ ਹੈ, ਸਾਰਿਆਂ ਨੇ ਵਾਕਿਆ ਮੌਕਾ ਖੁੰਝਾ ਦਿੱਤਾ ਹੋਵੇ, ਜਾਂ ਕਿਸੇ ਸਥਾਨਕ ਨੇਤਾ ਦਾ ਬੜਬੋਲਾਪਣ ਹੋਵੇ ਜਾਂ ਫਿਰ ਮੈਨੂੰ ਇਹ ਫ਼ਿਲਮ ਲੱਗੀ ਹੋਵੇ, ਇਸ ਲਈ ਇਹ ਲੇਖ ਲਿਖ ਦਿੱਤਾ ਪਰ ਸਾਡੇ ਸਾਹਮਣੇ 'ਵੈਗ ਦੀ ਡੌਗ' ਇਕ ਬਲੂਪ੍ਰਿੰਟ ਹੈ, ਦੇਖਣਾ ਜੇ ਵਕਤ ਮਿਲੇ... ਆਉਣ ਵਾਲਾ ਕੱਲ੍ਹ ਨਜ਼ਰ ਆਏਗਾ।

(ਐਨ.ਡੀ.ਟੀ.ਵੀ. ਤੋਂ ਧੰਨਵਾਦ ਸਹਿਤ)

## ਪੀਲੀਭੀਤ : ਸਿੱਖ ਕੈਦੀਆਂ ਦੀ ਮੌਤ ਦੇ ਮਾਮਲੇ 'ਚ ਯੂ.ਪੀ. ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਕੋ-ਚੇਅਰਮੈਨ ਜਸਵਿੰਦਰ ਸਿੰਘ ਜੌਲੀ ਦੇ ਹਵਾਲੇ ਨਾਲ ਭੇਜੀ ਜਾਣਕਾਰੀ ਮੁਤਾਬਕ ਯੂ.ਪੀ. ਦੇ ਪੀਲੀਭੀਤ ਵਿਖੇ 1994 ਵਿਚ ਟਾਡਾ ਦੇ ਤਹਿਤ ਬੰਦ 7 ਸਿੱਖ ਕੈਦੀਆਂ ਦੀ ਹੱਤਿਆ ਦੇ ਮਾਮਲੇ ਵਿਚ ਕਮੇਟੀ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਯੂ.ਪੀ. ਹਾਈਕੋਰਟ ਦੀ ਇਲਾਹਾਬਾਦ ਬੈਂਚ ਨੇ ਯੂ.ਪੀ. ਸਰਕਾਰ ਨੂੰ ਜਵਾਬ ਦੇਣ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਜਸਟਿਸ ਹਰਸ਼ ਕੁਮਾਰ ਨੇ ਦਿੱਲੀ ਕਮੇਟੀ ਦੇ ਵਕੀਲ ਗੁਰਬਖ਼ਸ਼ ਸਿੰਘ ਦੀਆਂ ਦਲੀਲਾਂ ਨੂੰ ਸੁਣਨ ਤੋਂ ਬਾਅਦ ਇਹ ਆਦੇਸ਼ ਦਿੱਤਾ।

ਜੌਲੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਜੇਲ੍ਹ ਪ੍ਰਸ਼ਾਸਨ ਦੇ 42 ਅਧਿਕਾਰੀ ਤੇ ਕਰਮਚਾਰੀ ਦੋਸ਼ੀ ਹਨ। ਜਿਨ੍ਹਾਂ ਨੇ ਬਿਨਾਂ ਕਿਸੇ ਕਸੂਰ ਦੇ 1994 ਵਿਚ ਜੇਲ ਮੁਖੀ ਵਿਧਿਆਂਚਲ ਸਿੰਘ ਯਾਦਵ ਦੀ ਅਗਵਾਈ ਹੇਠ ਪੀਲੀਭੀਤ ਜੇਲ੍ਹ ਵਿਚ 28 ਸਿੱਖ ਕੈਦੀਆਂ ਦੀ ਬੈਰਕ ਬਦਲਣ ਦੌਰਾਨ ਜੰਮ ਕੇ ਕੁੱਟਮਾਰ ਕੀਤੀ ਸੀ। ਜਿਸ ਦੇ ਨਤੀਜੇ ਵਜੋਂ 6 ਸਿੱਖ ਕੈਦੀ ਤਰਸੇਮ ਸਿੰਘ, ਲਾਭ ਸਿੰਘ, ਸੁਖਦੇਵ ਸਿੰਘ, ਸਰਵਜੀਤ ਸਿੰਘ, ਜੀਤ ਸਿੰਘ, ਹਰਦਿਆਲ ਸਿੰਘ ਦੀ ਮੌਕੇ 'ਤੇ ਅਤੇ ਬਚਿੱਤਰ ਸਿੰਘ ਦੀ ਮੌਤ 12 ਦਿਨਾਂ ਦੇ ਬਾਅਦ ਕਿੰਗ ਮੈਡੀਕਲ ਕਾਲਜ, ਲਖਨਊ ਵਿਚ ਹੋਈ ਸੀ। ਜੌਲੀ ਨੇ ਖੁਲਾਸਾ ਕੀਤਾ ਕਿ ਯੂ. ਪੀ. ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ 1994 ਵਿਚ ਇਸ ਮਸਲੇ ਦੀ ਜਾਂਚ ਸੀ.ਬੀ.ਸੀ.ਆਈ.ਡੀ. ਨੂੰ ਦਿੱਤੀ ਸੀ ਪਰ 2007 ਵਿਚ ਦੁਬਾਰਾ ਮੁੱਖ ਮੰਤਰੀ ਬਣਨ 'ਤੇ ਉਕਤ ਜਾਂਚ ਦੇ ਆਦੇਸ਼ ਵਾਪਸ ਲੈ ਲਏ ਸਨ।

*ਰੇਡੀਓ ਆਧਾਰਤ ਰਿਪੋਰਟਾਂ ਵਿਚ ਦਾਅਵਾ*

## ਸਰਜੀਕਲ ਹਮਲੇ ਵਿਚ ਲਸ਼ਕਰ ਨੂੰ ਹੋਇਆ ਭਾਰੀ ਨੁਕਸਾਨ

**ਬਾਰਾਮੁੱਲਾ/ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤੀ ਫ਼ੌਜ ਵੱਲੋਂ ਕੰਟਰੋਲ ਰੇਖਾ ਪਾਰ ਕੀਤੇ ਗਏ ਸਰਜੀਕਲ ਹਮਲਿਆਂ ਵਿਚ ਹਾਫ਼ਿਜ਼ ਸਈਦ ਦੀ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਰੇਡੀਓ 'ਤੇ ਫੜੀ ਗਈ ਗੱਲਬਾਤ 'ਤੇ ਆਧਾਰਤ ਮੁਲਾਂਕਣ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਦਹਿਸ਼ਤੀ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਦੌਰਾਨ ਲਸ਼ਕਰ ਦੇ ਕਰੀਬ 20 ਦਹਿਸ਼ਤਗਰਦ ਹਲਾਕ ਹੋਏ ਹਨ। ਭਾਰਤੀ ਫ਼ੌਜ ਦੀਆਂ ਫੀਲਡ ਇਕਾਈਆਂ ਤੋਂ ਮਿਲੀਆਂ ਮੁਲਾਂਕਣ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਲਸ਼ਕਰ ਨੂੰ ਆਪਣੇ ਮਕਬੂਜ਼ਾ ਕਸ਼ਮੀਰ ਵਿਚਲੇ ਡਡਨਿਆਲ ਕੈਂਪ ਵਿਚ ਭਾਰੀ ਨੁਕਸਾਨ ਸਹਿਣਾ ਪਿਆ ਹੈ। ਸੂਤਰਾਂ ਨੇ ਕਿਹਾ ਕਿ ਫ਼ੌਜੀ ਡਿਵੀਜ਼ਨ ਦੀਆਂ ਪੰਜ ਟੀਮਾਂ ਨੂੰ ਕੈਲ ਜਾਂ ਕੇਲ ਅਤੇ ਡਡਨਿਆਲ ਵਿਚ ਦਹਿਸ਼ਤੀ ਗੁੱਟਾਂ ਦੇ ਕੈਂਪਾਂ ਨੂੰ ਤਬਾਹ ਕਰਨ ਲਈ ਭੇਜਿਆ ਗਿਆ ਸੀ।

28 ਅਤੇ 29 ਸਤੰਬਰ ਦੀ ਦਰਮਿਆਨੀ ਰਾਤ ਨੂੰ ਕੀਤੇ ਗਏ ਹਮਲੇ ਵਿਚ ਭਾਰਤੀ ਫ਼ੌਜ ਨੇ ਕੰਟਰੋਲ ਰੇਖਾ ਤੋਂ 700 ਮੀਟਰ ਅੰਦਰ ਪਾਕਿਸਤਾਨੀ ਚੌਕੀ ਦੀ ਨਿਗਰਾਨੀ ਹੇਠ ਪੈਂਦੇ ਚਾਰ ਦਹਿਸ਼ਤੀ ਕੈਂਪਾਂ ਨੂੰ ਨਸ਼ਟ ਕਰ ਦਿੱਤਾ ਸੀ। ਰਿਪੋਰਟਾਂ ਮੁਤਾਬਕ ਜਦੋਂ ਹਮਲਾ ਹੋਇਆ ਤਾਂ ਦਹਿਸ਼ਤਗਰਦ ਪਾਕਿਸਤਾਨੀ ਚੌਕੀ ਵੱਲ ਭੱਜਦੇ ਦੇਖੇ ਗਏ ਪਰ ਉਨ੍ਹਾਂ ਨੂੰ ਭਾਰਤੀ ਜਵਾਨਾਂ ਨੇ ਪਹਿਲਾਂ ਹੀ ਮਾਰ ਮੁਕਾਇਆ। ਸੂਤਰਾਂ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ ਦੇ ਫੜੇ ਗਏ ਵਾਇਰਲੈੱਸ ਸੁਨੇਹਿਆਂ ਤੋਂ ਸੰਕੇਤ ਮਿਲੇ ਕਿ ਚਾਰ ਕੈਂਪਾਂ 'ਤੇ ਹਮਲਿਆਂ ਦੌਰਾਨ ਲਸ਼ਕਰ ਦੇ ਘੱਟੋ ਘੱਟ 10 ਦਹਿਸ਼ਤਗਰਦ ਮਾਰੇ ਗਏ। ਸਵੇਰ ਹੋਣ ਤੱਕ ਪਾਕਿਸਤਾਨੀ ਫ਼ੌਜ ਦੇ ਵਾਹਨ ਘੁੰਮਦੇ ਰਹੇ ਅਤੇ ਸਾਰੀਆਂ ਲਾਸ਼ਾਂ ਨੂੰ ਟਿਕਾਣੇ ਲਾ ਦਿੱਤਾ ਗਿਆ। ਸੂਤਰਾਂ ਮੁਤਾਬਕ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਨੀਲਮ ਵਾਦੀ ਵਿਚ ਦਫ਼ਨਾਇਆ ਗਿਆ। ਦਹਿਸ਼ਤਗਰਦਾਂ ਨੂੰ ਇਸੇ ਤਰ੍ਹਾਂ ਦਾ ਝਟਕਾ ਬਲੋਨੀ ਇਲਾਕੇ ਵਿਚ ਦਿੱਤਾ ਗਿਆ, ਜਿਥੇ ਲਸ਼ਕਰ ਦੇ 9 ਦਹਿਸ਼ਤਗਰਦ ਮਾਰੇ ਗਏ। ਸੂਤਰਾਂ ਨੇ ਕਿਹਾ ਕਿ ਇਸੇ ਸੈਕਟਰ ਵਿਚ ਪਾਕਿਸਤਾਨ ਦੇ ਦੋ ਫ਼ੌਜੀ ਹਲਾਕ ਹੋਏ ਸਨ। ਇਸ ਦੌਰਾਨ ਚੌਕੀ 'ਤੇ ਜਿਹੜੇ ਸੁਨੇਹੇ ਫੜੇ ਜਾ ਰਹੇ ਸਨ, ਉਹ ਵੀ ਬੰਦ ਹੋ ਗਏ।

ਖ਼ੁਫ਼ੀਆਂ ਰਿਪੋਰਟਾਂ ਮੁਤਾਬਕ ਅਤਿਵਾਦੀ ਕਸ਼ਮੀਰ ਅਤੇ ਜੰਮੂ ਦੀਆਂ ਵੱਖ ਵੱਖ ਥਾਵਾਂ ਤੋਂ ਭਾਰਤ ਵਿੱਚ ਦਾਖਲ ਹੋਣ ਲਈ ਮੌਕੇ ਦੀ ਉਡੀਕ ਵਿੱਚ ਸਨ। ਦੂਜੇ ਪਾਸੇ ਭਾਰਤੀ ਫੌਜ ਵੀ ਤਿਆਰ ਬੈਠੀ ਸੀ ਕਿ ਜਦੋਂ ਹੀ ਇਹ ਅਤਿਵਾਦੀ ਇਕੱਠੇ ਹੋਣਗੇ ਉਦੋਂ ਹੀ ਉਨ੍ਹਾਂ ਨੂੰ ਘੇਰ ਕੇ ਢੇਰੀ ਕਰ ਦਿੱਤਾ ਜਾਵੇਗਾ।

## ਨਿਰਦੇਸ਼ਕ, ਗੀਤਕਾਰ ਗੁਰਚਰਨ ਵਿਰਕ ਦਾ ਦੇਹਾਂਤ



**ਚੰਡੀਗੜ੍ਹ/ਬਿਊਰੋ ਨਿਊਜ਼ :** ਪ੍ਰਸਿੱਧ ਲੇਖਕ, ਡਾਇਰੈਕਟਰ, ਗੀਤਕਾਰ ਤੇ ਪ੍ਰੋਡਿਊਸਰ ਗੁਰਚਰਨ ਵਿਰਕ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਿਛਲੇ ਕਈ ਦਿਨਾਂ ਤੋਂ ਸਿਹਤ ਖਰਾਬ ਹੋਣ ਕਾਰਨ ਗੁਰਚਰਨ ਦਾ ਇਲਾਜ ਚੰਡੀਗੜ੍ਹ ਦੇ ਪੀ.ਜੀ.ਆਈ. ਹਸਪਤਾਲ ਵਿਚ ਚੱਲ ਰਿਹਾ ਸੀ। ਉਨ੍ਹਾਂ ਦੀ ਛਾਤੀ ਵਿਚ ਇਨਫੈਕਸ਼ਨ ਹੋ ਗਿਆ ਸੀ। ਉਨ੍ਹਾਂ ਦਾ ਅੰਤਿਮ ਸੰਸਕਾਰ ਬੁੱਧਵਾਰ ਨੂੰ ਫਰੀਦਕੋਟ ਵਿਚ ਪੈਂਦੇ ਉਨ੍ਹਾਂ ਦੇ ਜੱਦੀ ਪਿੰਡ ਅਰਾਈਆਂ ਵਾਲਾ ਵਿਚ ਕੀਤਾ ਗਿਆ। ਉਨ੍ਹਾਂ ਦੇ ਮਾਤਾ-ਪਿਤਾ ਦਾ ਪਹਿਲਾਂ ਹੀ ਦੇਹਾਂਤ ਹੋ ਚੁੱਕਾ ਹੈ। 43 ਵਰ੍ਹਿਆਂ ਦੇ ਗੁਰਚਰਨ ਵਿਰਕ ਨੇ ਵਿਆਹ ਨਹੀਂ ਸੀ ਕਰਵਾਇਆ। ਗੁਰਚਰਨ ਵਿਰਕ ਦੇ ਗਾਣਿਆਂ ਨੇ ਪੰਜਾਬੀ ਦੇ ਕਈ ਗਾਇਕਾਂ ਨੂੰ ਪਛਾਣ ਦਿਵਾਈ ਸੀ। ਗੁਰਚਰਨ ਵਿਰਕ ਦੇ ਦੇਹਾਂਤ ਨਾਲ ਪੰਜਾਬੀ ਸਭਿਆਚਾਰ ਦੇ ਖੇਤਰ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

## ਅਦਾਕਾਰ ਮੇਹਰ ਮਿੱਤਲ ਹਸਪਤਾਲ ਦਾਖ਼ਲ

### 7-8 ਸਾਲ ਤੋਂ ਰਹਿ ਰਹੇ ਹਨ ਆਸ਼ਰਮ ਵਿਚ

**ਅਹਿਮਦਾਬਾਦ/ਬਿਊਰੋ ਨਿਊਜ਼ :** ਪੰਜਾਬੀ ਫਿਲਮਾਂ ਦੇ ਅਭਿਨੇਤਾ ਅਤੇ ਪ੍ਰਸਿੱਧ ਕਾਮੇਡੀਅਨ ਮੇਹਰ ਮਿੱਤਲ ਦੀ



ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਇਥੋਂ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਕਿਸੇ ਵੇਲੇ ਪੰਜਾਬੀ ਫਿਲਮ ਇੰਡਸਟਰੀ ਵਿਚ ਰਾਜ ਕਰਨ ਵਾਲੇ ਅਤੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੇ ਹਾਸ-ਅਭਿਨੇਤਾ ਮੇਹਰ ਮਿੱਤਲ (82) ਇਥੇ ਮਾਊਂਟ ਆਬੂ ਦੇ ਬ੍ਰਹਮ ਕੁਮਾਰੀ ਆਸ਼ਰਮ ਵਿਚ ਪਿਛਲੇ 7-8 ਸਾਲ ਤੋਂ ਰਹਿ ਰਹੇ ਹਨ, ਜਿਥੇ ਬੀਤੇ ਦਿਨ ਉਨ੍ਹਾਂ ਦੀ ਸਿਹਤ ਵਿਗੜ ਗਈ। ਇਸ ਸਬੰਧ ਵਿਚ ਅਭਿਨੇਤਾ ਤੇ ਨਿਰਦੇਸ਼ਕ ਵਿਜੈ ਟੰਡਨ ਨੇ ਦੱਸਿਆ ਕਿ ਮੇਹਰ ਮਿੱਤਲ ਦੀ ਹਾਲਤ ਨਾਜ਼ੁਕ ਹੋਣ ਕਾਰਨ ਚਾਰ ਦਿਨ ਪਹਿਲਾਂ ਉਨ੍ਹਾਂ ਨੂੰ ਇਥੋਂ ਦੇ ਸਟਰਲਿੰਗ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ, ਜਿਥੇ ਉਹ ਆਈ. ਸੀ.ਯੂ. ਵਿਚ ਦਾਖ਼ਲ ਹਨ ਪਰ ਹਾਲਤ ਸਥਿਰ ਹੋਣ 'ਤੇ ਉਨ੍ਹਾਂ ਨੂੰ ਜਨਰਲ ਕਮਰੇ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਟੰਡਨ ਨੇ ਦੱਸਿਆ ਕਿ ਮਿੱਤਲ ਚੰਡੀਗੜ੍ਹ ਵਿਚ ਸਨ, ਜਿਥੇ ਉਨ੍ਹਾਂ 20 ਸਤੰਬਰ ਨੂੰ ਆਪਣਾ ਜਨਮ ਦਿਨ ਮਨਾਇਆ। ਇਸ ਉਪਰੰਤ ਉਹ ਬ੍ਰਹਮ ਕੁਮਾਰੀ ਆਸ਼ਰਮ ਵਿਚ ਪਰਤ ਆਏ। ਜ਼ਿਕਰਯੋਗ ਹੈ ਕਿ ਪੰਜਾਬੀ ਫਿਲਮਾਂ ਵਿਚ ਮੇਹਰ ਮਿੱਤਲ ਤੋਂ ਬਗੈਰ ਪੰਜਾਬੀ ਫਿਲਮਾਂ ਦੇ ਸਫ਼ਲ ਹੋਣ ਦੀ ਗਾਰੰਟੀ ਨਹੀਂ ਦਿੱਤੀ ਜਾਂਦੀ ਸੀ ਅਤੇ ਇਥੋਂ ਤੱਕ ਮੇਹਰ ਮਿੱਤਲ ਤੋਂ ਬਗੈਰ ਬਣੀ ਫਿਲਮ ਨੂੰ ਹਾਸਲ ਕਰਨ ਤੋਂ ਡਿਸਟ੍ਰੀਬਿਊਟਰ ਵੀ ਪਾਸਾ ਵੱਟ ਜਾਂਦੇ ਸਨ।

# ਭਾਰਤ-ਅਮਰੀਕਾ ਯੁੱਧਨੀਤਕ ਸਮਝੌਤੇ ਦੀ ਅਸਲੀਅਤ

**ਭਾਰਤ ਦਾ ਦੁਖਾਂਤ ਇਹ ਹੈ ਕਿ ਭਾਰਤ ਨੇ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਵਿਕਾਸ ਦਾ ਜੋ ਮਾਡਲ ਅਖ਼ਤਿਆਰ ਕੀਤਾ ਹੈ, ਉਹ ਵਿਕਸਿਤ ਅਤੇ ਵਿਸ਼ੇਸ਼ ਕਰਕੇ ਅਮਰੀਕਾ 'ਤੇ ਨਿਰਭਰਤਾ ਵਾਲਾ ਮਾਡਲ ਹੈ ਜਿਸ ਕਾਰਨ ਭਾਰਤ ਕਿਸੇ ਵੀ ਖੇਤਰ ਵਿੱਚ ਕੌਮਾਂਤਰੀ ਮੰਡੀ ਵਿੱਚ ਮੁਕਾਬਲੇਬਾਜ਼ੀ ਵਿੱਚ ਪੈਣ ਜੋਗਾ ਨਾ ਹੋਣ ਕਰਕੇ ਇਹ ਵਿਸ਼ਵ ਮੰਡੀ ਵਿੱਚ ਆਪਣੀ ਥਾਂ ਨਹੀਂ ਬਣਾ ਸਕਿਆ।**

**ਮੋਹਨ ਸਿੰਘ (ਡਾ.)**
ਮੋਬਾਈਲ : 94176-94562



ਭਾਰਤੀ ਰੱਖਿਆ ਮੰਤਰੀ ਮਨੋਹਰ ਪਰੀਕਰ ਅਤੇ ਉਸ ਦੇ ਹਮਰੁਤਬਾ ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਵੱਲੋਂ 29 ਅਗਸਤ 2016 ਨੂੰ ਲੋਜਿਸਟਿਕਸ ਐਕਸਚੇਂਜ ਮੈਮੋਰੰਡਮ ਆਫ ਐਗਰੀਮੈਂਟ (ਲੇਮੋਆ) ਯੁੱਧਨੀਤਕ ਸਮਝੌਤਾ ਸਹੀਬੰਦ ਕੀਤਾ ਗਿਆ ਹੈ। ਇਸ ਸਮਝੌਤੇ ਅਨੁਸਾਰ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਸਵੈ ਤੌਰ 'ਤੇ ਇੱਕ-ਦੂਜੇ ਦੇਸ਼ ਦੇ ਸਮੁੰਦਰੀ ਅਤੇ ਫ਼ੌਜੀ ਅੱਡਿਆਂ ਦੀ ਵਰਤੋਂ ਕਰਦਿਆਂ ਇੱਕ-ਦੂਜੇ ਨੂੰ ਫ਼ੌਜੀ ਸਾਜ਼ੋ-ਸਾਮਾਨ ਦਾ ਅਦਾਨ-ਪ੍ਰਦਾਨ, ਮੁਰੰਮਤ ਅਤੇ ਮਾਲ ਸਪਲਾਈ ਕਰ ਸਕਣਗੀਆਂ। ਦੋਵਾਂ ਦੇਸ਼ਾਂ ਦਾ ਦਾਅਵਾ ਹੈ ਕਿ ਇਸ ਸਮਝੌਤੇ ਨਾਲ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਦੀ ਆਪਸੀ ਮਿਲਵਰਤੋਂ ਨਾਲ ਫ਼ੌਜੀ ਅਪਰੇਸ਼ਨਾਂ ਦੀ ਆਕਰਮਕ ਸਮਰੱਥਾ ਵਿੱਚ ਵਾਧਾ ਹੋਵੇਗਾ। ਮੋਦੀ ਸਰਕਾਰ ਵੱਲੋਂ ਅਮਰੀਕਾ ਨੂੰ ਆਪਣੇ ਅੱਡੇ ਵਰਤਣ ਦੇਣ ਦਾ ਸਮਝੌਤਾ ਕਰਨਾ ਭਾਰਤ ਦੀ 'ਪ੍ਰਭੂ ਸੱਤਾ' ਨੂੰ ਖੋਰਾ ਲਾਉਣ ਦੇ ਤੁੱਲ ਹੋਣ ਕਰਕੇ ਰੱਖਿਆ ਮੰਤਰੀ ਪਰੀਕਰ ਨੂੰ ਸਮਝੌਤਾ ਸਹੀਬੰਦ ਕਰਨ ਤੋਂ ਫੌਰੀ ਬਾਅਦ ਪੈਂਟਾਗਨ ਵਿਚ ਸਾਂਝੀ ਕਾਨਫਰੰਸ ਵਿੱਚ ਕਹਿਣਾ ਪਿਆ ਕਿ 'ਲੇਮੋਆ' ਕਰਾਰ ਵਿੱਚ ਅਮਰੀਕਾ ਵੱਲੋਂ ਭਾਰਤ ਅੰਦਰ ਫ਼ੌਜੀ ਅੱਡੇ ਬਣਾਉਣ ਦੀ ਕੋਈ ਗੱਲ ਨਹੀਂ ਹੈ। ਪਰ ਪਰੀਕਰ ਨੇ ਨਾਲ ਹੀ ਕਿਹਾ ਕਿ ਇਸ ਕਰਾਰ ਨੂੰ ਸੰਚਾਲਿਤ ਕਰਨ ਲਈ ਇੱਕ ਸੰਸਥਾਗਤ ਢਾਂਚਾ ਮੁਹੱਈਆ ਕਰਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ ਜਿਸ ਵਿੱਚ ਖਾਣਾ, ਪਾਣੀ, ਰਿਹਾਇਸ਼, ਟਰਾਂਸਪੋਰਟ, ਪੈਟਰੋਲੀਅਮ, ਤੇਲ, ਲੁਬਰੀਕੈਂਟ, ਕੱਪੜੇ, ਸਿਹਤ ਸੇਵਾਵਾਂ, ਕਲਪੁਰਜ਼ੇ, ਮੁਰੰਮਤ ਅਤੇ ਦੇਖਭਾਲ ਸੇਵਾਵਾਂ, ਟਰੇਨਿੰਗ ਸੇਵਾਵਾਂ ਅਤੇ ਹੋਰ ਸਾਜ਼ੋ-ਸਾਮਾਨ ਦੀਆਂ ਵਸਤਾਂ ਅਤੇ ਸੇਵਾਵਾਂ ਸ਼ਾਮਲ ਹਨ। ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ 'ਉਹ ਇਸ ਗੱਲ 'ਤੇ ਵੀ ਇਕਮੱਤ ਹੋਏ ਹਨ ਕਿ ਇਹ ਢਾਂਚਾ ਰੱਖਿਆ ਤਕਨੀਕ ਅਤੇ ਵਪਾਰ ਸਹਿਯੋਗ ਵਿੱਚ ਸ਼ਾਨਦਾਰ ਤੇ ਆਧੁਨਿਕ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਅਮਰੀਕਾ ਇਸ ਸਬੰਧ ਵਿੱਚ ਭਾਰਤ ਨਾਲ ਰੱਖਿਆ, ਵਪਾਰ ਅਤੇ ਤਕਨੀਕੀ ਭਾਈਵਾਲੀ ਨੂੰ ਉਸ ਪੱਧਰ ਤਕ ਲਿਜਾਣ ਲਈ ਸਹਿਮਤ ਹੋਇਆ ਹੈ ਜੋ ਉਸ ਦੇ ਨਜ਼ਦੀਕੀ ਸਹਿਯੋਗੀਆਂ ਤੇ ਭਾਈਵਾਲਾਂ ਨੂੰ ਹਾਸਲ ਹੈ।' ਇਸ ਦਾ ਇਹ ਅਰਥ ਹੈ ਕਿ ਭਾਰਤੀ ਸਰਕਾਰ ਅਮਰੀਕੀ ਸੈਨਾਵਾਂ ਲਈ ਭਾਰਤ ਵਿੱਚ ਖਾਣਾ, ਪਾਣੀ, ਕਪੜੇ ਅਤੇ ਰਿਹਾਇਸ਼ ਤੋਂ ਵਧ ਕੇ ਸਿਹਤ ਸੇਵਾਵਾਂ ਸਭ ਕੁਝ ਦਾ ਪ੍ਰਬੰਧ ਕਰੇਗੀ। ਪਰ ਅਮਰੀਕਾ ਭਾਰਤ ਨਾਲ 'ਰੱਖਿਆ, ਵਪਾਰ ਅਤੇ ਤਕਨੀਕੀ ਭਾਈਵਾਲੀ ਨੂੰ ਉਸ ਪੱਧਰ ਤਕ ਲਿਜਾਣ ਲਈ ਸਹਿਮਤ ਹੋਇਆ ਹੈ ਜੋ ਉਸ ਦੇ ਨਜ਼ਦੀਕੀ ਸਹਿਯੋਗੀਆਂ ਤੇ ਭਾਈਵਾਲਾਂ ਨੂੰ ਹਾਸਲ ਹੈ। ਇਸ ਦਾ ਇਹ ਅਰਥ ਹੈ ਕਿ ਅਮਰੀਕਾ ਭਾਰਤ ਨੂੰ ਅਤਿ-ਆਧੁਨਿਕ ਅਤੇ ਅਤਿ-ਸੂਖਮ ਤਕਨੀਕ ਨਹੀਂ ਦੇਵੇਗਾ। ਮੋਦੀ ਸਰਕਾਰ ਨੇ ਕੇਵਲ ਹਵਾਈ ਅਤੇ ਸਮੁੰਦਰੀ ਅੱਡੇ ਹੀ ਅਮਰੀਕਾ ਲਈ ਨਹੀਂ ਖੋਲ੍ਹੇ ਸਗੋਂ ਇਸ ਨੇ ਵਿਦੇਸ਼ੀ ਨਿਵੇਸ਼ਕਾਰਾਂ ਨੂੰ, (ਪਾਕਿਸਤਾਨ ਅਤੇ ਚੀਨ ਨੂੰ ਛੱਡ ਕੇ) ਜਿਨ੍ਹਾਂ ਨੇ 18 ਮਹੀਨਿਆਂ ਵਿੱਚ 10 ਕਰੋੜ ਰੁਪਏ ਜਾਂ 36 ਮਹੀਨਿਆਂ ਵਿੱਚ 25 ਕਰੋੜ ਦਾ ਸਿੱਧਾ ਨਿਵੇਸ਼ ਕੀਤਾ ਹੋਵੇ ਅਤੇ ਜਿਨ੍ਹਾਂ ਨੇ 20 ਭਾਰਤੀਆਂ ਨੂੰ ਰੁਜ਼ਗਾਰ ਦਿੱਤਾ ਹੋਵੇ, ਨੂੰ 10 ਸਾਲਾਂ ਦਾ ਪੱਕਾ ਰਿਹਾਇਸ਼ੀ ਸਟੇਟਸ ਦੇਣ ਦੀ ਕਾਨੂੰਨੀ ਇਜਾਜ਼ਤ ਵੀ ਦੇ ਦਿੱਤੀ ਹੈ। ਇਹ ਰਿਹਾਇਸ਼ੀ ਮਨਜ਼ੂਰੀ 10 ਸਾਲਾਂ ਬਾਅਦ ਵਾਰ ਵਾਰ ਨਵਿਆਈ ਜਾ ਸਕਦੀ ਹੈ ਭਾਵ ਨਿਵੇਸ਼ਕਾਰ ਪੱਕੇ ਤੌਰ 'ਤੇ ਭਾਰਤ ਵਿੱਚ ਰਹਿ ਸਕਦੇ ਹਨ। ਜਿਸ ਦਾ ਅਰਥ ਇਹ ਹੈ ਕਿ ਅਮਰੀਕਾ ਦਾ ਫ਼ੌਜੀ ਅਮਲਾ ਫੈਲਾ ਭਾਰਤ ਵਿੱਚ ਪੱਕਾ ਡੇਰਾ ਲਾ ਸਕਦਾ ਹੈ।

ਇਸ ਤਰ੍ਹਾਂ ਇਸ ਸਮਝੌਤੇ ਨਾਲ ਭਾਜਪਾ ਦੀ ਮੋਦੀ ਸਰਕਾਰ ਨੇ ਦੁਨੀਆ ਦੀ ਮਹਾਂਸ਼ਕਤੀ ਅਮਰੀਕਾ ਨਾਲ ਆਪਣੀ ਕਰੰਘੜੀ ਹੋਰ ਮਜ਼ਬੂਤ ਕਰ ਲਈ ਹੈ। ਭਾਵੇਂ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਜਪਾ ਦੀ ਐਨਡੀਏ ਸਰਕਾਰ ਹੋਵੇ ਅਤੇ ਭਾਵੇਂ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ, ਦੋਵਾਂ ਨੇ ਹੀ ਸੋਵੀਅਤ ਯੂਨੀਅਨ ਦੇ ਖਿੰਡਣ ਬਾਅਦ 1990ਵਿਆਂ ਵਿਚ ਅਮਰੀਕਾ ਨਾਲ ਆਪਣੇ ਸਬੰਧ ਵਧਾਉਣੇ ਸ਼ੁਰੂ ਕਰ ਦਿੱਤੇ ਸਨ। ਭਾਜਪਾ ਦੀ ਐਨਡੀਏ ਸਰਕਾਰ ਸਮੇਂ ਅਟੱਲ ਬਿਹਾਰੀ ਵਾਜਪਾਈ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਅਮਰੀਕਾ ਭਾਰਤ ਦਾ ਕੁਦਰਤੀ ਸੰਗੀ ਹੈ ਅਤੇ ਇਹ ਦੋਵੇਂ ਦੇਸ਼ ਦੁਨੀਆ ਦੀਆਂ ਸਭ ਤੋਂ ਵੱਡੀਆਂ ਜਮਹੂਰੀਅਤਾਂ ਹਨ। ਵਾਜਪਾਈ ਸਰਕਾਰ ਵੱਲੋਂ 1996 ਵਿੱਚ ਅਮਰੀਕਾ ਨਾਲ 'ਸੁਰੱਖਿਆ ਲਈ ਸਹਿਮਤੀ ਮਸੌਦਾ' ਤਿਆਰ ਕਰਕੇ ਇਸ ਨੂੰ ਅਮਰੀਕਾ-ਭਾਰਤੀ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਕਿਹਾ ਗਿਆ। ਇਸ ਤੋਂ ਬਾਅਦ ਮਨਮੋਹਨ ਸਿੰਘ ਦੀ ਯੂਪੀਏ ਸਰਕਾਰ ਵੱਲੋਂ 2005 ਵਿੱਚ 'ਭਾਰਤ-ਅਮਰੀਕਾ ਸੁਰੱਖਿਆ ਮਿਲਵਰਤਨ ਸਮਝੌਤਾ' ਕੀਤਾ ਗਿਆ। 2005 ਵਿੱਚ ਹੀ ਅਮਰੀਕਾ-ਭਾਰਤ ਪਰਮਾਣੂ ਸਮਝੌਤੇ ਲਈ ਸ਼ੁਰੂ ਹੋਈ ਗੱਲਬਾਤ ਦਾ ਸਿੱਟਾ 'ਭਾਰਤ-ਅਮਰੀਕਾ ਪਰਮਾਣੂ ਸਮਝੌਤੇ 2008*' ਵਿੱਚ ਨਿਕਲਿਆ। ਭਾਰਤ ਨੂੰ ਆਪਣਾ ਸਿਵਿਲ ਅਤੇ ਫ਼ੌਜੀ ਪਰਮਾਣੂ ਪ੍ਰੋਗਰਾਮ ਨੂੰ ਅਲੱਗ ਅਲੱਗ ਕਰਕੇ ਪਰਮਾਣੂ ਧਮਾਕੇ ਨਾ ਕਰਨ ਦਾ ਭਰੋਸਾ ਦੇਣਾ ਪਿਆ। ਪਰ ਭਾਰਤ ਵੱਲੋਂ ਅਮਰੀਕਾ ਨੂੰ ਦੋਸਤੀ ਦੀ ਗੁਹਾਰ ਲਾਉਣ ਦੇ ਬਾਵਜੂਦ ਅਮਰੀਕਾ ਨੇ ਉਸ ਨੂੰ ਇੱਕ ਪਰਮਾਣੂ ਸੰਪੰਨ ਤਾਕਤ ਦੇ ਤੌਰ 'ਤੇ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕਾ ਨੇ ਭਾਰਤ ਉੱਪਰ ਦਬਾਅ ਜਾਰੀ ਰੱਖਦਿਆਂ 2007-08 ਦੌਰਾਨ ਤਿੰਨ ਬੁਨਿਆਦੀ ਕਰਾਰ ਕੀਤੇ ਜਿਨ੍ਹਾਂ ਵਿੱਚ ਲੌਜਿਸਟਿਕ ਸਪੋਰਟ ਐਗਰੀਮੈਂਟ (ਐਲਐਸਏ), ਕਮਿਊਨੀਕੇਸ਼ਨ ਇੰਟਰਪੈਰੇਬਲਟੀ ਐਂਡ ਸਿਕਿਊਰਟੀ ਮੈਮੋਰੈਂਡਮ ਐਗਰੀਮੈਂਟ (ਸੀਐਸਆਈਐਮਓ) ਅਤੇ ਮੁੱਢਲਾ ਵਟਾਂਦਰਾ ਅਤੇ ਮਿਲਵਰਤਨ ਸਮਝੌਤਾ (ਬੀਈਸੀਏ) ਸ਼ਾਮਲ ਹਨ। ਇਨ੍ਹਾਂ ਵਿੱਚ ਕਿਹਾ ਗਿਆ ਕਿ ਅਮਰੀਕਾ ਅਤੇ ਭਾਰਤ ਦੇ ਸੁਰੱਖਿਆ ਤਕਨੀਕ ਦੇ ਤਬਾਦਲੇ, ਲਾਇਸੈਂਸ ਦੇਣ, ਖੋਜ ਕਰਨ, ਸੇਵਾਵਾਂ, ਸਾਂਝਾ ਵਿਕਾਸ ਅਤੇ ਮਿਲਵਰਤਨ ਵਿੱਚ ਇੱਕ-ਦੂਜੇ ਨਾਲ ਸਾਂਤੀ ਲਈ ਹਿੱਤ ਸਾਂਝੇ ਹਨ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤੀ ਹਾਕਮਾਂ ਨੂੰ ਅਮਰੀਕਾ ਨਾਲ ਅਜਿਹੇ ਸਮਝੌਤੇ ਕਰਨ ਦੀ ਕੀ ਲੋੜ ਸੀ? ਦਰਅਸਲ ਭਾਰਤੀ ਹੁਕਮਰਾਨਾਂ ਨੇ 1947 ਵਿੱਚ ਆਜ਼ਾਦ ਹੋਣ ਤੋਂ ਬਾਅਦ ਕਦੇ ਵੀ ਸੁਤੰਤਰ ਨੀਤੀਆਂ ਨਹੀਂ ਅਪਣਾਈਆਂ। ਇਹ ਕਦੇ ਇੱਕ ਅਤੇ ਕਦੇ ਦੂਜੀ ਮਹਾਂ-ਸ਼ਕਤੀ ਦੇ ਲੜ ਲੱਗ ਕੇ ਭਾਰਤੀ ਉੱਪ-ਮਹਾਂਦੀਪ ਵਿੱਚ ਆਪਣੀ ਚੌਧਰ ਜਮਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਅਜਿਹਾ ਕਰਨ ਲਈ ਇਨ੍ਹਾਂ ਨੂੰ ਕਿਸੇ ਮਹਾਂਸ਼ਕਤੀ ਦੀ ਛੱਤਰੀ ਦੀ ਲੋੜ ਲੈਣੀ ਪੈਂਦੀ ਹੈ। ਅਟੱਲ ਬਿਹਾਰੀ ਵਾਜਪਾਈ ਨੇ ਪੂਰਬੀ ਪਾਕਿਸਤਾਨ 'ਤੇ ਹਮਲਾ ਕਰਨ ਸਮੇਂ ਇੰਦਰਾ ਗਾਂਧੀ ਨੂੰ ਦੁਰਗਾ ਦਾ ਦਰਜਾ ਦਿੱਤਾ ਸੀ। ਪਰ ਇਸ 'ਦੁਰਗਾ*' ਨੂੰ 1971 ਵਿੱਚ ਪੂਰਬੀ ਪਾਕਿਸਤਾਨ 'ਤੇ ਹਮਲਾ ਕਰਕੇ ਬੰਗਲਾਦੇਸ਼ ਬਣਾਉਣ ਸਮੇਂ ਸੋਵੀਅਤ ਯੂਨੀਅਨ ਨਾਲ 20 ਸਾਲਾ ਸੰਧੀ ਕਰਨੀ ਪਈ ਸੀ। ਮੋਦੀ ਸਰਕਾਰ ਦਾ ਅਮਰੀਕਾ ਨਾਲ ਸਾਂਝ ਵਧਾਉਣ ਦਾ ਵੱਡਾ ਕਾਰਨ ਚੀਨ ਦਾ ਵੱਡੀ ਤਾਕਤ ਬਣ ਕੇ ਉਭਰਨਾ ਹੈ। ਚੀਨ ਵੱਲੋਂ ਭਾਰਤ ਦੇ ਗੁਆਂਢੀ ਮੁਲਕਾਂ ਨੇਪਾਲ, ਪਾਕਿਸਤਾਨ, ਸ੍ਰੀ ਲੰਕਾ, ਮਿਆਂਮਾਰ ਅਤੇ ਬੰਗਲਾਦੇਸ਼ ਨਾਲ ਆਪਣੇ ਸਬੰਧ ਵਧਾਉਣ ਕਰਕੇ ਭਾਰਤ ਦੇ ਇਹ ਗੁਆਂਢੀ ਮੁਲਕ ਭਾਰਤੀ ਹਾਕਮਾਂ ਦੀ ਚੌਧਰ ਕਬੂਲ ਨਹੀਂ ਕਰਦੇ। ਪਰ ਭਾਰਤ ਦਾ ਦੁਖਾਂਤ ਇਹ ਹੈ ਕਿ ਭਾਰਤ ਨੇ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਵਿਕਾਸ ਦਾ ਜੋ ਮਾਡਲ ਅਖ਼ਤਿਆਰ ਕੀਤਾ ਹੈ, ਉਹ ਵਿਕਸਿਤ ਅਤੇ ਵਿਸ਼ੇਸ਼ ਕਰਕੇ ਅਮਰੀਕਾ 'ਤੇ ਨਿਰਭਰਤਾ ਵਾਲਾ ਮਾਡਲ ਹੈ ਜਿਸ ਕਾਰਨ ਭਾਰਤ ਕਿਸੇ ਵੀ ਖੇਤਰ ਵਿੱਚ ਕੌਮਾਂਤਰੀ ਮੰਡੀ ਵਿੱਚ ਮੁਕਾਬਲੇਬਾਜ਼ੀ ਵਿੱਚ ਪੈਣ ਜੋਗਾ ਨਾ ਹੋਣ ਕਰਕੇ ਇਹ ਵਿਸ਼ਵ ਮੰਡੀ ਵਿੱਚ ਆਪਣੀ ਥਾਂ ਨਹੀਂ ਬਣਾ ਸਕਿਆ। ਪਰ ਚੀਨ ਦੀ ਵਧਦੀ ਤਾਕਤ ਏਸ਼ੀਆ ਵਿਚ ਅਮਰੀਕਾ ਦੇ ਗਲਬੇ ਨੂੰ ਚੁਣੌਤੀ ਦੇ ਰਹੀ ਹੈ। ਅੰਤਰਰਾਸ਼ਟਰੀ ਟ੍ਰਿਬਿਊਨਲ ਵੱਲੋਂ ਦੱਖਣੀ ਚੀਨੀ ਸਾਗਰ ਬਾਰੇ ਚੀਨ ਦੇ ਉਲਟ ਫ਼ੈਸਲਾ ਦੇਣ ਦੇ ਬਾਵਜੂਦ ਚੀਨ ਇਸ ਉੱਪਰ ਆਪਣਾ ਏਕਾਅਧਿਕਾਰ ਜਮਾ ਰਿਹਾ ਹੈ ਅਤੇ ਅਜਿਹਾ ਕਰਨ ਲਈ ਇਹ ਰੂਸ ਨਾਲ ਫ਼ੌਜੀ ਮਸ਼ਕਾਂ ਕਰ ਰਿਹਾ ਹੈ।

ਦੂਜੇ ਪਾਸੇ ਅਮਰੀਕਾ ਦਾ ਦੁਨੀਆ 'ਤੇ ਗਲਬਾ ਲਗਾਤਾਰ ਘਟ ਰਿਹਾ ਹੈ। ਅਮਰੀਕਾ ਨੂੰ ਦਰਪੇਸ਼ ਆਰਥਿਕ ਸੰਕਟ ਨੇ ਦੁਨੀਆ ਵਿਚ ਅਮਰੀਕੀ ਆਰਥਿਕਤਾ ਦੇ ਸਰਬ-ਸ਼ਕਤੀਮਾਨ ਹੋਣ ਦੇ ਭੁਲੇਖੇ ਨੂੰ ਦੂਰ ਕਰ ਦਿੱਤਾ ਹੈ। ਚੀਨੀ ਆਰਥਿਕਤਾ ਵੀ ਭਾਵੇਂ ਸੰਕਟ ਵਿੱਚ ਹੈ ਪਰ ਫਿਰ ਵੀ ਚੀਨ ਦੀ ਵਧਦੀ ਕੁੱਲ ਘਰੇਲੂ ਪੈਦਾਵਾਰ, ਵਪਾਰ ਅਤੇ ਫ਼ੌਜੀ ਸ਼ਕਤੀ ਕਾਰਨ ਚੀਨ ਦਾ ਵਿਸ਼ਵ ਵਿੱਚ ਅਤੇ ਵਿਸ਼ੇਸ਼ ਕਰਕੇ ਪੂਰਬੀ ਏਸ਼ੀਆ ਵਿਚ ਪ੍ਰਭਾਵ ਵਧ ਰਿਹਾ ਹੈ। ਉੱਧਰ ਅਫ਼ਗਾਨਿਸਤਾਨ ਅਤੇ ਇਰਾਕ 'ਤੇ ਅਮਰੀਕੀ ਹਮਲਿਆਂ ਦੀਆਂ ਅਸਫ਼ਲਤਾਵਾਂ ਕਾਰਨ ਮੱਧ ਏਸ਼ੀਆ ਵਿਚ ਸੀਰੀਆ, ਇਰਾਕ, ਇਰਾਨ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਅਮਰੀਕਾ ਲਈ ਭਰੋਸੇਯੋਗ ਸੰਗੀ ਨਹੀਂ ਰਹੇ। ਇਸ ਕਰਕੇ ਅਮਰੀਕਾ ਨੂੰ ਚੀਨ ਅਤੇ ਰੂਸ ਨੂੰ ਘੇਰਨ ਲਈ ਭਰੋਸੇਯੋਗ ਪਿੱਠੂਆਂ ਦੀ ਜ਼ਰੂਰਤ ਹੈ। ਸੋਵੀਅਤ ਯੂਨੀਅਨ ਦੇ ਖਿੰਡਣ ਬਾਅਦ ਭਾਰਤੀ ਹਾਕਮ ਅਮਰੀਕਨ ਬੇੜੇ ਦੇ ਸਵਾਰ ਹੋ ਗਏ। ਭਾਰਤ ਨੇ ਅਮਰੀਕਾ ਨਾਲ ਦੁਵੱਲੇ ਫ਼ੌਜੀ ਅੱਡੇ ਵਰਤਣ ਦਾ ਜੋ ਸਮਝੌਤਾ ਕੀਤਾ ਹੈ, ਉਨ੍ਹਾਂ ਨੂੰ ਅਸਲ ਅਮਰੀਕਾ ਹੀ ਵਰਤੇਗਾ। ਭਾਰਤ ਕੋਲ ਅਮਰੀਕਾ ਦੇ ਅੱਡੇ ਵਰਤ ਸਕਣ ਦੀ ਪਰੋਖੋਂ ਨਹੀਂ ਹੈ। ਭਾਰਤ ਆਰਥਿਕ ਤੌਰ 'ਤੇ ਇੱਕ ਕਮਜ਼ੋਰ ਮੁਲਕ ਹੈ। ਭਾਰਤ ਦਾ ਕੁੱਲ ਫ਼ੌਜੀ ਬਜਟ ਕੇਵਲ 48 ਅਰਬ ਡਾਲਰ ਹੈ, ਉਸ ਦੇ ਮੁਕਾਬਲੇ ਅਮਰੀਕਾ ਦਾ ਫ਼ੌਜੀ ਬਜਟ 597 ਅਰਬ ਡਾਲਰ ਹੈ। ਜਿੱਥੇ ਭਾਰਤ ਕੋਲ 2,080 ਹਵਾਈ, 295 ਸਮੁੰਦਰੀ ਜਹਾਜ਼ ਅਤੇ ਛੋਟੇ ਛੋਟੇ ਦੇਸ਼ਾਂ ਵਿਚ 7 ਅੱਡੇ ਹਨ, ਉੱਥੇ ਅਮਰੀਕਾ ਕੋਲ ਅਤਿ-ਆਧੁਨਿਕ 13,444 ਹਵਾਈ, 415 ਸਮੁੰਦਰੀ ਜਹਾਜ਼ ਅਤੇ ਦੁਨੀਆ ਭਰ ਵਿਚ 130 ਦੇਸ਼ਾਂ ਵਿੱਚ 900 ਫ਼ੌਜੀ ਅੱਡੇ ਹਨ ਜਿਨ੍ਹਾਂ 'ਤੇ 150 ਅਰਬ ਡਾਲਰ ਸਾਲਾਨਾ ਖ਼ਰਚਾ ਆਉਂਦਾ ਹੈ ਜੋ ਭਾਰਤ ਦੇ ਕੁੱਲ ਫ਼ੌਜੀ ਬਜਟ ਦੇ ਤਿੱਗਣੇ ਤੋਂ ਵੀ ਵੱਧ ਹੈ। ਅਮਰੀਕਾ ਦੀ ਸੰਸਾਰ ਫ਼ੌਜੀ ਯੁੱਧ ਨੀਤੀ ਰੂਸ ਅਤੇ ਚੀਨ ਨੂੰ ਘੇਰ ਕੇ ਸਾਰੀ ਦੁਨੀਆਂ ਉੱਤੇ ਚੌਧਰ ਸਥਾਪਤ ਕਰਨ ਦੀ ਹੈ। ਪਹਿਲਾਂ ਠੰਢੀ ਜੰਗ ਵੇਲੇ ਅਮਰੀਕਾ ਨੇ ਸੋਵੀਅਤ ਯੂਨੀਅਨ ਦੀ ਘੇਰਾਬੰਦੀ ਕਰਨ ਲਈ ਬਹੁਤੇ ਅੱਡੇ ਯੂਰਪੀ ਦੇਸ਼ਾਂ ਵਿਚ ਬਣਾ ਕੇ ਆਪਣੀਆਂ ਮਿਜ਼ਾਈਲਾਂ ਸੋਵੀਅਤ ਯੂਨੀਅਨ ਵੱਲ ਨੂੰ ਬੀੜੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਸੋਵੀਅਤ ਯੂਨੀਅਨ ਨੇ ਵੀ ਅਜਿਹਾ ਹੀ ਕੀਤਾ ਹੋਇਆ ਸੀ। ਇਸ ਕਰਕੇ ਠੰਢੀ ਜੰਗ ਸਮੇਂ ਸੰਸਾਰ ਜੰਗ ਦੇ ਅਖਾੜੇ ਲਈ ਯੂਰੋਪ ਕੇਂਦਰ ਬਣਿਆ ਹੋਇਆ ਸੀ। ਉਸ ਸਮੇਂ ਜੰਗ ਰੋਕਣ ਲਈ ਯੂਰੋਪ ਵਿੱਚ ਇੱਕ ਤਾਕਤਵਰ ਸ਼ਾਂਤੀ ਲਹਿਰ ਦਾ ਉਭਾਰ ਹੋਇਆ ਸੀ। ਹੁਣ ਵੀ ਭਾਵੇਂ ਅਮਰੀਕਾ ਲਈ ਰੂਸ ਇੱਕ ਫ਼ੌਜੀ ਚੁਣੌਤੀ ਬਣਿਆ ਹੋਇਆ ਹੈ ਪਰ ਹੁਣ ਰੂਸ ਨਾਲੋਂ ਉਸ ਲਈ ਵੱਡੀ ਚੁਣੌਤੀ ਚੀਨ ਬਣ ਕੇ ਉਭਰਿਆ ਹੈ। ਸੋਵੀਅਤ ਯੂਨੀਅਨ ਦੇ ਖਿੰਡਣ ਤੋਂ ਬਾਅਦ 1990ਵਿਆਂ ਵਿੱਚ ਭਾਰਤ ਨੇ ਨਵੀਆਂ ਆਰਥਿਕ ਨੀਤੀਆਂ ਦੇ ਨਾਂ 'ਤੇ ਅਮਰੀਕਾ ਅਤੇ ਹੋਰ ਸਾਮਰਾਜੀ ਮੁਲਕਾਂ ਲਈ ਆਪਣੀ ਆਰਥਿਕਤਾ ਦੇ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ। ਹੁਣ ਮੋਦੀ ਸਰਕਾਰ ਨੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਥੋਕ ਰੂਪ ਵਿਚ ਸੱਦਾ ਦੇ ਕੇ ਅੱਜ ਤਕ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਮੋਦੀ ਸਰਕਾਰ ਨੇ ਬੈਂਕਾਂ, ਰੇਲਵੇ, ਫ਼ੌਜੀ ਸਾਜ਼ੋ-ਸਾਮਾਨ, ਪ੍ਰਾਈਵੇਟ ਸੁਰੱਖਿਆ, ਸੂਚਨਾ ਅਤੇ ਪ੍ਰਸਾਰਣ, ਹਵਾਈ ਅੱਡਿਆਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ 100 ਫ਼ੀਸਦੀ, ਦਵਾਈ ਸਨਅਤ ਅਤੇ ਇਕਹਿਰੇ ਬਰਾਂਡ ਵਿਚ ਸਥਾਨਕ ਖ਼ਰੀਦ ਦੀਆਂ ਸ਼ਰਤਾਂ ਵਿੱਚ ਨਰਮੀ ਕਰਕੇ ਅਤੇ ਪ੍ਰਾਈਵੇਟ ਸੁਰੱਖਿਆ ਏਜੰਸੀਆਂ, ਢੋਆ-ਢੁਆਈ ਸੇਵਾਵਾਂ ਅਤੇ ਪਸ਼ੂ ਪਾਲਣ ਨੂੰ ਵੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਯੂਪੀਏ ਸਰਕਾਰ ਵੀ ਭਾਵੇਂ ਇਨ੍ਹਾਂ ਕਦਮਾਂ 'ਤੇ ਹੀ ਚੱਲ ਰਹੀ ਸੀ ਪਰ ਮੋਦੀ ਸਰਕਾਰ ਨੇ ਹਵਾਈ ਅਤੇ ਸਮੁੰਦਰੀ ਅੱਡੇ ਅਮਰੀਕਾ ਨੂੰ ਵਰਤਣ ਲਈ ਦੇਣ ਲਈ ਭਾਰਤ ਦੀ ਪ੍ਰਭੂਸੱਤਾ ਨੂੰ ਹੋਰ ਖੋਰਾ ਲਾਇਆ ਹੈ। ਇਸ ਸੰਦਰਭ ਵਿੱਚ ਭਾਰਤ-ਅਮਰੀਕਾ ਯੁਧਨੀਤਕ ਸਮਝੌਤਾ ਕੌਮੀ ਅਤੇ ਕੌਮਾਂਤਰੀ ਪੱਖੋਂ ਭਾਰਤ ਲਈ ਲਾਹੇਵੰਦ ਨਹੀਂ ਕਿਹਾ ਜਾ ਸਕਦਾ।

# ਗ਼ਰੀਬੀ ਨਾਲ ਲਤਾੜੇ ਭਾਰਤ-ਪਾਕਿ ਦੀ ਜੰਗ ਕਿਸ ਨਾਲ ?

**ਪੰਜਾਬ ਦੇ ਸਾਹਿਬਾਨ ਪਿੰਡ ਦਾ ਜਸਵੰਤ ਸਿੰਘ ਆਪਣੇ ਪੰਜ ਸਾਲ ਦੇ ਬੇਟੇ ਜਸਕਰਨ ਨੂੰ ਬਾਹਾਂ ਵਿਚ ਭਰ ਕੇ ਨਹਿਰ ਵਿਚ ਕੁੱਦ ਗਿਆ। ਮੌਕੇ 'ਤੇ ਮੌਜੂਦ ਗਵਾਹਾਂ ਨੇ ਅਜਿਹਾ ਦੱਸਿਆ ਹੈ। ਇਨਾਂ ਜੈ ਕਿਸਾਨਾਂ ਦੇ ਘਰੋਂ ਤੁਹਾਡੇ ਜੈ ਜਵਾਨ ਆਉਂਦੇ ਹਨ ਪਰ 10 ਲੱਖ ਦੇ ਕਰਜ਼ੇ ਹੇਠ ਦੱਬਿਆ ਇਹ ਕਿਸਾਨ ਆਪਣੇ ਪੁੱਤ ਨੂੰ ਛਾਤੀ ਨਾਲ ਲਾਈ ਨਹਿਰ ਵਿਚ ਕੁੱਦ ਗਿਆ। ਲੱਖਾਂ ਕਰੋੜਾਂ ਦਾ ਕਰਜ਼ਾ ਉਦਯੋਗ ਜਗਤ ਦੇ ਲੋਕਾਂ 'ਤੇ ਹੈ, ਕੀ ਤੁਸੀਂ ਕਦੇ ਸੁਣਿਆ ਹੈ ਕਿ ਇਨਾਂ ਵਿਚੋਂ ਕੋਈ ਆਪਣੇ ਪੁੱਤ ਨੂੰ ਲੈ ਕੇ ਨਹਿਰ ਵਿਚ ਕੁੱਦ ਗਿਆ ਹੋਵੇ।**





**ਰਵੀਸ਼ ਕੁਮਾਰ**

ਸਾਰਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਭਾਸ਼ਣ ਦੀ ਤਾਰੀਫ਼ ਕੀਤੀ ਸੀ ਪਰ ਜਲਦੀ ਇਹ ਇਤਿਹਾਸਕ ਭਾਸ਼ਣ ਭੁਲਾ ਦਿੱਤਾ ਗਿਆ। ਸਰਜੀਕਲ ਸਟਰਾਈਕ ਨੂੰ ਲੈ ਕੇ ਦੋਹਾਂ ਪਾਸਿਓਂ ਦੇਸ਼ ਭਗਤੀ ਅਤੇ ਦੇਸ਼ ਭਗਤੀ ਦੇ ਨਾਂ 'ਤੇ ਸਨਕ ਦੀ ਅਜਿਹੀ ਹਵਾ ਬੰਨੀ ਗਈ ਕਿ ਸਵਾਲ ਕਰਨ ਵਾਲਿਆਂ ਨੂੰ ਸਿੱਧਾ ਗ਼ੱਦਾਰ ਐਲਾਨ ਦਿੱਤਾ ਗਿਆ।

ਕਈ ਥਾਵਾਂ 'ਤੇ ਸਟਰਾਈਕ ਦੀ ਕਾਮਯਾਬੀ ਦੇ ਸਿਆਸੀ ਤੇਵਰਾਂ ਵਾਲੇ ਪੋਸਟਰ ਲਾਏ ਗਏ ਹਨ। ਇਨਾਂ ਪੋਸਟਰਾਂ ਦੇ ਹਵਾਲੇ ਨਾਲ ਸਟਰਾਈਕ ਦੇ ਸਿਆਸੀ ਇਸਤੇਮਾਲ 'ਤੇ ਬਹਿਸ ਹੋਣ ਲੱਗੀ ਹੈ। ਸਾਡੇ ਸਹਿਯੋਗੀ ਅਖਿਲੇਸ਼ ਸ਼ਰਮਾ ਅਨੁਸਾਰ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਜੋ ਅਧਿਕਾਰਤ ਹਨ, ਉਹੀ ਸਰਜੀਕਲ ਸਟਰਾਈਕ ਮਾਮਲੇ 'ਤੇ ਬਿਆਨ ਦੇਣ ਅਤੇ ਫਾਲਤੂ ਬਿਆਨਬਾਜ਼ੀ ਨਾ ਹੋਵੇ। ਅਖਿਲੇਸ਼ ਦੀ ਹੀ ਖ਼ਬਰ ਹੈ ਕਿ ਸਰਜੀਕਲ ਸਟਰਾਈਕ ਦੀ ਕਾਮਯਾਬੀ 'ਤੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਦਾ ਆਗਰਾ ਤੇ ਲਖਨਊ ਵਿਚ ਸਨਮਾਨ ਕੀਤਾ ਜਾਵੇਗਾ। ਫ਼ੈਸਲੇ ਲਈ ਪ੍ਰਧਾਨ ਮੰਤਰੀ ਤੇ ਫ਼ੌਜ ਨੂੰ ਵਧਾਈ ਦਿੱਤੀ ਜਾਵੇਗੀ। ਦੋਹਾਂ ਤਰਾਂ ਦੀਆਂ ਖ਼ਬਰਾਂ ਨਾਲੋ-ਨਾਲ ਆਉਂਦੀਆਂ ਹਨ।

ਪ੍ਰਧਾਨ ਮੰਤਰੀ ਨੇ ਕੇਰਲ ਦੇ ਭਾਸ਼ਣ ਵਿਚ ਪਾਕਿਸਤਾਨ ਦੀ ਜਨਤਾ ਨੂੰ ਵੀ ਗ਼ਰੀਬੀ ਖ਼ਿਲਾਫ਼ ਜੰਗ ਵਿਚ ਅੱਗੇ ਆਉਣ ਦਾ ਸੱਦਾ ਦਿੱਤਾ ਸੀ। ਮੀਡੀਆ ਨੇ ਦੋ-ਚਾਰ ਪਾਕਿਸਤਾਨੀ ਕਲਾਕਾਰਾਂ ਨੂੰ ਲੈ ਕੇ ਬਹਿਸ ਪੂਰੇ ਦੇਸ਼ 'ਤੇ ਥੋਪ ਦਿੱਤੀ। ਇਧਰੋਂ ਕਲਾਕਾਰ ਉਧਰ ਭਜਾਉਣ ਦੀ ਗੱਲ 'ਤੇ ਹੰਗਾਮਾ ਹੋਣ ਲੱਗਾ ਤੇ ਉਧਰੋਂ ਟੀ.ਵੀ. ਦੇ ਬਕਸੇ ਵਿਚ ਪਾਕਿਸਤਾਨੀ ਫ਼ੌਜੀ ਅਧਿਕਾਰੀ ਬਹਿਸ ਲਈ ਸੱਦੇ ਜਾਂਦੇ ਰਹੇ। ਜ਼ਮਾਨੇ ਤੋਂ ਤੈਅ ਜੈ ਜਵਾਨ-ਜੈਅ ਕਿਸਾਨ ਦੀ ਜੋੜੀ ਵਿਚ ਹੀ ਅਸੀਂ ਕਿਸਾਨ ਤੇ ਫ਼ੌਜ ਨੂੰ ਦੇਖਦੇ ਰਹਿੰਦੇ ਹਾਂ।

ਪੰਜਾਬ ਦੇ ਸਾਹਿਬਾਨ ਪਿੰਡ ਦਾ ਜਸਵੰਤ ਸਿੰਘ ਆਪਣੇ ਪੰਜ ਸਾਲ ਦੇ ਬੇਟੇ ਜਸਕਰਨ ਨੂੰ ਬਾਹਾਂ ਵਿਚ ਭਰ ਕੇ ਨਹਿਰ ਵਿਚ ਕੁੱਦ ਗਿਆ। ਮੌਕੇ 'ਤੇ ਮੌਜੂਦ ਗਵਾਹਾਂ ਨੇ ਅਜਿਹਾ ਦੱਸਿਆ ਹੈ। ਇਨਾਂ ਜੈ ਕਿਸਾਨਾਂ ਦੇ ਘਰੋਂ ਤੁਹਾਡੇ ਜੈ ਜਵਾਨ ਆਉਂਦੇ ਹਨ ਪਰ 10 ਲੱਖ ਦੇ ਕਰਜ਼ੇ ਹੇਠ ਦੱਬਿਆ ਇਹ ਕਿਸਾਨ ਆਪਣੇ ਪੁੱਤ ਨੂੰ ਛਾਤੀ ਨਾਲ ਲਾਈ ਨਹਿਰ ਵਿਚ ਕੁੱਦ ਗਿਆ। ਲੱਖਾਂ ਕਰੋੜਾਂ ਦਾ ਕਰਜ਼ਾ ਉਦਯੋਗ ਜਗਤ ਦੇ ਲੋਕਾਂ 'ਤੇ ਹੈ, ਕੀ ਤੁਸੀਂ ਕਦੇ ਸੁਣਿਆ ਹੈ ਕਿ ਇਨਾਂ ਵਿਚੋਂ ਕੋਈ ਆਪਣੇ ਪੁੱਤ ਨੂੰ ਲੈ ਕੇ ਨਹਿਰ ਵਿਚ ਕੁੱਦ ਗਿਆ ਹੋਵੇ। ਉਹ ਭੱਜਦੇ ਵੀ ਹਨ ਤਾਂ ਲੰਡਨ ਚਲੇ ਜਾਂਦੇ ਹਨ। ਜਸਵੰਤ ਦੀ ਇਕ ਧੀ ਹੈ ਜੋ ਸਕੂਲ ਜਾਂਦੀ ਹੈ ਤੇ ਪਤਨੀ ਹੈ। ਡੇਢ ਏਕੜ ਜ਼ਮੀਨ ਹੈ, ਜੈ ਜਵਾਨ ਦਾ ਸਾਥੀ ਜੈ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ। ਟੀ.ਵੀ. ਦੇਸ਼ ਭਗਤੀ ਪੈਦਾ ਕਰਨ ਦੇ ਨਾਂ 'ਤੇ ਕੁਝ ਲੋਕਾਂ ਨੂੰ ਦੁਸ਼ਮਣ ਬਣਾ ਰਿਹਾ ਹੈ ਤੇ ਕੁਝ ਲੋਕਾਂ ਨੂੰ ਦੇਸ਼ ਭਗਤ। ਇਸ ਨੂੰ ਰੋਕਣਾ ਨਾ ਤਾਂ ਮੇਰੇ ਵੱਸ ਵਿਚਹੈ ਤੇ ਨਾ ਤੁਹਾਡੇ ਵੱਸ ਵਿਚ ਹੈ। ਟੀ.ਵੀ. ਹੁਣ ਪ੍ਰਚਾਰ ਮਸ਼ੀਨ ਹੈ ਤੇ ਤੁਸੀਂ ਇਸ ਦੇ ਚਾਰਾ।

ਅਜਿਹਾ ਨਹੀਂ ਹੈ ਕਿ ਮੀਡੀਆ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਹੀਂ ਆਉਂਦੀਆਂ। ਆਉਂਦੀਆਂ ਰਹਿੰਦੀਆਂ ਹਨ। ਪਰ ਜਦੋਂ ਜ਼ਰੂਰਤ ਨਾਲੋਂ ਜ਼ਿਆਦਾ ਟੀ.ਵੀ. 'ਤੇ ਗੋਲੀ ਬੰਦੂਕ ਚਲਾਉਣ ਦੀ ਪੁਰਾਣੀ ਰਿਕਾਰਡਿੰਗ ਚੱਲਣ ਲੱਗੇ ਤਾਂ ਸਮੱਸਿਆ ਹੈ। ਇਸ ਸਮੱਸਿਆ ਦਾ ਅਹਿਸਾਸ ਉਦੋਂ ਹੋਵੇਗਾ, ਜਦੋਂ ਤੁਸੀਂ ਕਿਸੇ ਸਮੱਸਿਆ ਨਾਲ ਘਿਰੇ ਹੋਵੋਗੇ, ਆਵਾਜ਼ ਮਾਰ ਰਹੇ ਹੋਵੋਗੇ ਕਿ ਮੀਡੀਆ ਆਏਗਾ, ਪਰ ਟੀ.ਵੀ. ਖੋਲੋਗੇ ਤਾਂ ਉਹੀ ਗੋਲੀ ਬੰਦੂਕ ਚਲਾਉਣ ਦੀ ਪੁਰਾਣੀ ਰਿਕਾਰਡਿੰਗ ਚੱਲ ਰਹੀ ਹੋਵੇਗੀ। ਪਿੰਡ ਦੇ ਹੀ ਲੋਕ ਸ਼ਹੀਦ ਹੋ ਰਹੇ ਹਨ, ਪਿੰਡ ਦੇ ਹੀ ਲੋਕ ਖ਼ੁਦਕੁਸ਼ੀ ਕਰ ਰਹੇ ਹਨ। ਸ਼ਹਿਰ ਦੇ ਲੋਕ ਜੰਗ ਦੇ ਨਾਂ 'ਤੇ ਵੀਡੀਓ ਗੇਮ ਖੇਡ ਰਹੇ ਹਨ। ਖ਼ੈਰ ਪ੍ਰਧਾਨ ਮੰਤਰੀ ਮੋਦੀ ਦੀ ਇਸ ਗੱਲ ਨੂੰ ਬਹਿਸ ਦੇ ਕੇਂਦਰ ਵਿਚ ਕਿਵੇਂ ਲਿਆਂਦਾ ਜਾਵੇ ਕਿ ਗ਼ਰੀਬੀ-ਕੁਪੋਸ਼ਣ ਖ਼ਿਲਾਫ਼ ਜੰਗ ਹੋਵੇ।

ਪਾਕਿਸਤਾਨ ਦੇ ਅਖ਼ਬਾਰ 'ਐਕਸਪ੍ਰੈੱਸ ਟ੍ਰਿਬਿਊਨ' ਦੀ ਇਕ ਖ਼ਬਰ ਹੈ ਕਿ 21 ਜੂਨ 2016 ਦੀ। ਉਦੋਂ ਪਾਕਿਸਤਾਨ ਦੀ ਗ਼ਰੀਬ ਪਰ ਬਹੁਪੱਖੀ ਰਿਪੋਰਟ ਪ੍ਰਕਾਸ਼ਤ ਹੋਈ ਸੀ। ਇਸ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ 2004 ਵਿਚ 55 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਸਨ ਪਰ 2015 ਵਿਚ 29.5 ਫ਼ੀਸਦੀ ਹੀ ਗ਼ਰੀਬ ਰਹਿ ਗਏ। 10 ਵਿਚੋਂ ਚਾਰ ਪਾਕਿਸਤਾਨੀ ਬੇਹੱਦ ਗ਼ਰੀਬੀ ਵਿਚ ਰਹਿੰਦੇ ਹਨ। ਭਾਵ 40 ਫ਼ੀਸਦੀ ਪਾਕਿਸਤਾਨੀ ਗ਼ਰੀਬੀ ਰੇਖਾ ਹੇਠ ਰਹਿੰਦੇ ਹਨ। ਬਲੋਚਿਸਤਾਨ ਵਿਚ ਸਭ ਤੋਂ ਵੱਧ ਲੋਕ ਗਰੀਬ ਹਨ। ਇਸ ਦਾ ਇਕ ਜ਼ਿਲਾ ਹੈ ਕਿਲਾ ਅਬਦੁੱਲਾ, ਜਿੱਥੇ 97 ਫ਼ੀਸਦੀ ਲੋਕ ਗਰੀਬ ਹਨ। ਫਾਟਾ ਦੇ ਇਲਾਕੇ ਵਿਚ ਚਾਰ ਵਿਚੋਂ ਤਿੰਨ ਲੋਕ ਗ਼ਰੀਬ ਹਨ। ਸਿੰਧ ਦੀ 43 ਫ਼ੀਸਦੀ ਆਬਾਦੀ ਬੇਹੱਦ ਗ਼ਰੀਬ ਹੈ। ਰਿਪੋਰਟ ਅਨੁਸਾਰ ਪਾਕਿਸਤਾਨ ਵਿਚ 60.6 ਫ਼ੀਸਦੀ ਆਬਾਦੀ ਕੋਲ ਰਸੋਈ ਗੈਸ ਨਹੀਂ ਹੈ। 48.5 ਫ਼ੀਸਦੀ ਬੱਚੇ ਸਕੂਲ ਦੀ ਸਿੱਖਿਆ ਪੂਰੀ ਨਹੀਂ ਕਰ ਪਾਉਂਦੇ। 38 ਫ਼ੀਸਦੀ ਆਬਾਦੀ ਇਕ ਕਮਰੇ ਦੇ ਮਕਾਨ ਵਿਚ ਰਹਿੰਦੀ ਹੈ।

ਪਾਕਿਸਤਾਨ ਦੀ ਆਬਾਦੀ 18-19 ਕਰੋੜ ਹੈ। ਛੇ ਕਰੋੜ ਲੋਕ ਗ਼ਰੀਬ ਹਨ। ਵਿਸ਼ਵ ਬੈਂਕ ਦੀ ਬਿਲਕੁਲ ਹਾਲ-ਫ਼ਿਲਹਾਲ ਦੀ ਰਿਪੋਰਟ ਅਨੁਸਾਰ ਭਾਰਤ ਅਤੇ ਪਾਕਿਸਤਾਨ ਦੋਹਾਂ ਲਈ ਗ਼ਰੀਬੀ ਨੂੰ ਖ਼ਤਮ ਕਰਨਾ ਚੁਣੌਤੀ ਭਰਿਆ ਕੰਮ ਹੈ। ਵਿਸ਼ਵ ਬੈਂਕ ਅਨੁਸਾਰ ਪਾਕਿਸਤਾਨ ਉਨਾਂ ਦੇਸ਼ਾਂ ਵਿਚ ਹੈ, ਜਿੱਥੇ ਗ਼ਰੀਬਾਂ ਦੀ ਆਮਦਨੀ ਕਾਫ਼ੀ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ ਉਨਾਂ ਦੇਸ਼ਾਂ ਵਿਚ ਹੈ, ਜਿੱਥੇ ਗ਼ਰੀਬਾਂ ਦੀ ਆਮਦਨੀ ਔਸਤ ਨਾਲੋਂ ਘੱਟ ਰਫ਼ਤਾਰ 'ਤੇ ਵੱਧ ਰਹੀ ਹੈ। ਜਦਕਿ ਭਾਰਤ ਦੁਨੀਆ ਦੀ ਸਭ ਤੋਂ ਵਧਦੀ ਹੋਈ ਅਰਥ ਵਿਵਸਥਾਵਾਂ ਵਿਚੋਂ ਇਕ ਹੈ। ਇਹ ਸਭ ਵਿਸ਼ਵ ਬੈਂਕ ਦੀ ਰਿਪੋਰਟ ਵਿਚ ਕਿਹਾ ਗਿਆ ਹੈ। ਇਸ ਰਿਪੋਰਟ ਅਨੁਸਾਰ ਕੁਝ ਖੇਤਰਾਂ ਵਿਚ ਭਾਰਤ ਪਾਕਿਸਤਾਨ ਨਾਲੋਂ ਅੱਗੇ ਹੈ ਤਾਂ ਕੁਝ ਵਿਚ ਪਾਕਿਸਤਾਨ ਭਾਰਤ ਨਾਲੋਂ ਅੱਗੇ ਹੈ। ਭਾਰਤ ਵਿਚ 21.9 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ। ਪਾਕਿਸਤਾਨ ਦੀ 29.5 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ।

ਵਿਸ਼ਵ ਬੈਂਕ ਦਾ ਆਪਣਾ ਪੈਮਾਨਾ ਹੈ, ਭਾਰਤ ਦਾ ਆਪਣਾ ਪੈਮਾਨਾ ਹੈ ਫਿਰ ਵੀ ਗ਼ਰੀਬੀ ਹਕੀਕਤ ਤਾਂ ਹੈ ਹੀ। ਇਕ ਅਜੀਬ ਗੱਲ ਹੈ ਕਿ ਨੇਤਾ ਆਪਣੇ ਆਪ ਨੂੰ ਬਚਾਏ ਰੱਖਣ ਲਈ ਹਮੇਸ਼ਾ ਗ਼ਰੀਬੀ ਦੀ ਗੱਲ ਕਰਦਾ ਹੈ, ਮੀਡੀਆ ਨੇਤਾ ਨੂੰ ਬਚਾਉਣ ਲਈ ਹਮੇਸ਼ਾ ਗ਼ਰੀਬੀ ਦੀ ਗੱਲ ਨਹੀਂ ਕਰਦਾ। ਵਿਸ਼ਵ ਬੈਂਕ ਨੇ ਆਪਣੀ ਰਿਪੋਰਟ ਵਿਚ ਆਸ ਪ੍ਰਗਟਾਈ ਹੈ ਕਿ ਬੰਗਲਾਦੇਸ਼ ਜੇਕਰ ਇਸੇ ਤਰਾਂ ਨਾਲ ਆਰਥਿਕ ਸੁਧਾਰ ਕਰਦਾ ਰਿਹਾ ਤਾਂ 2030 ਤਕ ਗ਼ਰੀਬੀ ਤੋਂ ਮੁਕਤ ਹੋ ਜਾਵੇਗਾ। ਵੈਸੇ ਗ਼ਰੀਬੀ ਤੋਂ ਨਾ ਤਾਂ ਅਮਰੀਕਾ ਮੁਕਤ ਹੈ ਤੇ ਨਾ ਬਰਤਾਨੀਆ।

ਭਾਰਤ ਵਿਚ ਔਸਤਨ ਲੋਕ 68 ਸਾਲ ਤੱਕ ਜਿਉਂਦੇ ਹਨ ਜਦਕਿ ਪਾਕਿਸਤਾਨ ਵਿਚ 66 ਸਾਲ ਤੱਕ। ਸਾਲ 2015 ਦੇ ਅੰਕੜਿਆਂ ਅਨੁਸਾਰ ਭਾਰਤ ਵਿਚ ਪ੍ਰਤੀ ਇਕ ਹਜ਼ਾਰ ਵਿਚ 37.9 ਨਵ-ਜੰਮੇ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਪਾਕਿਸਤਾਨ ਵਿਚ 1000 ਵਿਚੋਂ 65.8 ਨਵ-ਜੰਮਿਆਂ ਦੀ ਮੌਤ ਹੋ ਜਾਂਦੀ ਹੈ। ਕੁਪੋਸ਼ਣ ਦੇ ਮਾਮਲੇ ਵਿਚ ਭਾਰਤ ਪਾਕਿਸਤਾਨ ਨਾਲੋਂ ਬਿਹਤਰ ਸਥਿਤੀ ਵਿਚ ਹੈ ਪਰ ਭਾਰਤ ਵਿਚ ਵੀ 15.2 ਫ਼ੀਸਦੀ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ।

ਜੇਕਰ ਤੁਸੀਂ ਕੁੱਲ ਘਰੇਲੂ ਉਤਪਾਦ ਦੇ ਆਧਾਰ 'ਤੇ ਤੁਲਨਾ ਕਰੋਗੇ ਤਾਂ ਭਾਰਤ ਦਾ ਕੁੱਲ ਘਰੇਲੂ ਉਤਪਾਦ 2.07 ਟ੍ਰਿਲੀਅਨ ਡਾਲਰ ਹੈ ਜਦਕਿ ਪਾਕਿਸਤਾਨ ਦਾ ਕੁੱਲ ਘਰੇਲੂ ਉਤਪਾਦ 270 ਅਰਬ ਹੈ। ਅਸੀਂ ਖ਼ਰਬਾਂ ਵਿਚ ਹਾਂ ਤੇ ਉਹ ਅਰਬਾਂ ਵਿਚ ਹੈ। ਖ਼ਰੀਦ ਸ਼ਕਤੀ ਦੇ ਮਾਮਲੇ ਵਿਚ ਦੋਵੇਂ ਦੇਸ਼ ਨੇੜੇ-ਤੇੜੇ ਹਨ। ਪਾਕਿਸਤਾਨ ਦੀ ਪ੍ਰਤੀ ਵਿਅਕਤੀ ਆਮਦਨ 4450.00 ਅਮਰੀਕੀ ਡਾਲਰ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 4735.00 ਅਮਰੀਕੀ ਡਾਲਰ ਹੈ। ਭਾਰਤ ਵਿਚ ਸੌ ਵਿਚੋਂ 74 ਵਿਅਕਤੀਆਂ ਕੋਲ ਮੋਬਾਈਲ ਫੋਨ ਹੈ, ਪਾਕਿਸਤਾਨ ਵਿਚ 73 ਵਿਅਕਤੀਆਂ ਕੋਲ ਹੈ। ਕਿਸ ਆਧਾਰ 'ਤੇ ਮੋਬਾਈਲ ਫੋਨ ਸੂਚਕਅੰਕ ਬਣਦਾ ਜਾ ਰਿਹਾ ਹੈ, ਮੈਨੂੰ ਨਹੀਂ ਪਤਾ ਪਰ ਜ਼ਿਕਰ ਕਰਨ ਵਿਚ ਕੀ ਹਰਜ਼ ਹੈ। ਭਾਰਤ ਅਤੇ ਪਾਕਿਸਤਾਨ ਜਦੋਂ ਗ਼ਰੀਬੀ ਨਾਲ ਜੰਗ ਕਰਨਗੇ ਤਾਂ ਉਨਾਂ ਨੂੰ ਫ਼ੌਜ 'ਤੇ ਖ਼ਰਚ ਹੋਣ ਵਾਲੇ ਬੱਜਟ 'ਤੇ ਵੀ ਗੌਰ ਕਰਨਾ ਪਏਗਾ। ਭਾਰਤ ਕੁੱਲ ਘਰੇਲੂ ਉਤਪਾਦ ਦਾ 2.4 ਫ਼ੀਸਦੀ ਸੁਰੱਖਿਆ 'ਤੇ ਖ਼ਰਚ ਕਰਦਾ ਹੈ ਤਾਂ ਪਾਕਿਸਤਾਨ ਕੁੱਲ ਘਰੇਲੂ ਉਤਪਾਦ ਦਾ 3.57 ਫ਼ੀਸਦੀ।

ਪਿਛਲੇ ਦਿਨੀਂ ਸਵਰਾਜ ਅਭਿਆਨ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਵਿਚ ਕੁਪੋਸ਼ਣ ਨਾਲ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਕਾਫ਼ੀ ਸਖ਼ਤ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਹੈ ਕਿ ਤੁਹਾਨੂੰ ਕੀ ਲਗਦਾ ਹੈ ਕਿ ਅਸੀਂ ਇੱਥੇ ਮਜ਼ੇ ਲੈਣ ਲਈ ਬੈਠੇ ਹਾਂ। ਅਦਾਲਤ ਦੀ ਇਹ ਟਿੱਪਣੀ ਦੱਸ ਰਹੀ ਹੈ ਕਿ ਹਤਾਸ਼ਾ ਕਿੰਨੀ ਡੂੰਘੀ ਹੁੰਦੀ ਜਾ ਰਹੀ ਹੈ। ਚੰਗਾ ਹੈ ਕੁਪੋਸ਼ਣ ਦੇ ਸ਼ਿਕਾਰ ਲੋਕ ਟਵਿੱਟਰ ਦੇ ਟਾਈਮ ਲਾਈਨ 'ਤੇ ਨਹੀਂ ਹਨ ਵਰਨਾ ਰੋਜ਼ ਨਾਕਾਰਾਤਮਕ ਗੱਲਾਂ ਨਾਲ ਮੁਲਕ ਦਾ ਮਿਜਾਜ਼ ਖ਼ਰਾਬ ਹੋ ਰਿਹਾ ਹੁੰਦਾ। ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਮੀਡੀਆ ਰਿਪੋਰਟ ਦੇਖੀ ਹੈ ਕਿ ਮਹਾਰਾਸ਼ਟਰ ਵਿਚ 500-600 ਬੱਚਿਆਂ ਦੀ ਕੁਪੋਸ਼ਣ ਨਾਲ ਮੌਤ ਹੋਈ ਹੈ। ਤੁਹਾਨੂੰ ਲਗਦਾ ਹੈ ਕਿ ਵੱਡੀ ਜਨਸੰਖਿਆ ਵਾਲੇ ਦੇਸ਼ ਵਿਚ ਕੁਝ ਲੋਕਾਂ ਦੇ ਕੁਪੋਸ਼ਣ ਨਾਲ ਮਰਨ 'ਤੇ ਕੋਈ ਫ਼ਰਕ ਨਹੀਂ ਪੈਂਦਾ?

ਪਾਕਿਸਤਾਨ ਦੇ 'ਡਾਨ ਅਖ਼ਬਾਰ' ਦੀ ਅਕਤੂਬਰ 20 15 ਦੀ ਖ਼ਬਰ ਹੈ ਕਿ ਸਿੰਧ ਪ੍ਰਾਂਤ ਦੇ ਜ਼ਿਲੇ ਵਿਚ 143 ਬੱਚੇ ਕੁਪੋਸ਼ਣ ਨਾਲ ਮਰ ਗਏ ਸਨ। ਇਸੇ ਅਖ਼ਬਾਰ ਦੀ ਫਰਵਰੀ 2016 ਦੀ ਇਕ ਖ਼ਬਰ ਅਨੁਸਾਰ ਇਸੇ ਜ਼ਿਲੇ ਵਿਚ ਚਾਰ ਮਹੀਨਿਆਂ ਦੇ ਅੰਦਰ ਅੰਦਰ ਕੁਪੋਸ਼ਣ ਦੇ ਸ਼ਿਕਾਰ 2599 ਬੱਚੇ ਹਸਪਤਾਲਾਂ ਵਿਚ ਦਾਖ਼ਲ ਕੀਤੇ ਗਏ ਹਨ।

ਪਾਕਿਸਤਾਨ ਵਿਚ ਗ਼ਰੀਬਾਂ ਪ੍ਰਤੀ ਆਪਣਾ ਜੀਵਨ ਸਮਰਪਿਤ ਕਰਨ ਵਾਲੇ ਅਬਦੁੱਲ ਸੱਤਾ ਈਧੀ ਦਾ ਜਦੋਂ ਦੇਹਾਂਤ ਹੋਇਆ ਉਦੋਂ ਕਰਾਚੀ ਦੇ ਨੈਸ਼ਨਲ ਸਟੇਡੀਅਮ ਵਿਚ ਉਨਾਂ ਦੇ ਅੰਤਿਮ ਦਰਸ਼ਨ ਲਈ ਹਜ਼ਾਰਾਂ ਲੋਕ ਆਏ। ਜਿਸ ਪਾਕਿਸਤਾਨ ਨੂੰ ਅਸੀਂ ਅੱਤਵਾਦ ਦਾ ਗੜ੍ਹ ਸਮਝਦੇ ਹਾਂ, ਉਥੇ ਇਕ ਹੀਰੋ ਅਜਿਹਾ ਵੀ ਸੀ, ਜੋ ਗ਼ਰੀਬੀ ਦੇ ਖ਼ਿਲਾਫ਼ ਲੜਦਾ ਹੋਇਆ ਹੀਰੋ ਬਣਿਆ ਸੀ। ਅਲ ਜਜ਼ੀਰਾ ਨੇ ਲਿਖਿਆ ਹੈ ਕਿ ਜੁਲਾਈ ਵਿਚ ਜਦੋਂ ਈਧੀ ਸਾਹਿਬ ਦਾ ਇੰਤਕਾਲ ਹੋਇਆ ਤਾਂ ਉਨਾਂ ਦੇ ਜਨਾਜ਼ੇ ਵਿਚ ਲੱਖ ਤੋਂ ਜ਼ਿਆਦਾ ਲੋਕ ਆਏ। ਉਨਾਂ ਦਾ ਰਾਸ਼ਟਰੀ ਸਨਮਾਨ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਫ਼ੌਜ ਨੇ ਵੀ ਸਲਾਮੀ ਦਿੱਤੀ। ਈਧੀ ਸਾਹਿਬ ਗੁਜਰਾਤ ਦੇ ਰਹਿਣ ਵਾਲੇ ਸਨ ਤੇ 1947 ਵਿਚ ਪਾਕਿਸਤਾਨ ਗਏ।

ਜੇਕਰ ਭਾਰਤ ਤੇ ਪਾਕਿਸਤਾਨ ਨੇ ਗ਼ਰੀਬੀ ਨਾਲ ਜੰਗ ਲੜਨੀ ਹੈ ਤਾਂ ਉਸ ਦੀ ਸ਼ਕਲੋ-ਸੂਰਤ ਕੀ ਹੋ ਸਕਦੀ ਹੈ। ਉਸ ਦੇ ਨਾਇਕ ਕੌਣ ਹੋ ਸਕਦੇ ਹਨ। ਦੁਨੀਆ ਭਰ ਵਿਚ ਆਰਥਿਕ ਅੰਤਰ ਵੱਧ ਰਿਹਾ ਹੈ। ਇਕ ਫ਼ੀਸਦੀ ਲੋਕਾਂ ਦੇ ਕਬਜ਼ੇ ਵਿਚ ਅੱਧੀ ਦੁਨੀਆ ਦੇ ਬਰਾਬਰ ਦੀ ਸੰਪਤੀ ਆ ਗਈ ਹੈ। ਗ਼ਰੀਬੀ ਨਾਲ ਅਸਲੀ ਲੜਾਈ ਤਾਂ ਉਨਾਂ ਇਕ ਫ਼ੀਸਦੀ ਅਮੀਰਾਂ ਨਾਲ ਹੋਣੀ ਚਾਹੀਦੀ ਹੈ ਪਰ ਫਿਰ ਵੀ ਜਦੋਂ ਗੱਲ ਹੋ ਗਈ ਹੈ ਤਾਂ ਇਸ ਹੰਗਾਮੇ ਵਿਚ ਕੀ ਖ਼ਤਰਾ ਮੁੱਲ ਲਿਆ ਜਾ ਸਕਦਾ ਹੈ ਕਿ ਭਾਰਤ ਤੇ ਪਾਕਿਸਤਾਨ ਮਿਲ ਕੇ ਗ਼ਰੀਬੀ ਨਾਲ ਜੰਗ ਦਾ ਐਲਾਨ ਕਰ ਦੇਣ।



Friday Oct. 21st - Sat. Oct. 22nd
6:45 PM - 8:45 PM
SUNDAY Oct. 23rd
11:00 AM - 1:00 PM
Monday Oct. 24th - Sat. Oct. 29th
6:45 PM - 8:45 PM
SUNDAY Oct. 30th
11:00 AM - 1:00 PM
Diwali Special: 6:45 PM - 8:45 PM

*Special Morning Simran Sat. Oct. 29th: 5 AM - 6:30 AM*

# CELEBRATING PARKASH UTSAV OF DHAN DHAN SRI GURU RAM DAS JEE OCTOBER 23RD - OCTOBER 30TH

Gurdwara Sahib Khalsa Care Foundation
9989 Laurel Canyon Blvd, Pacoima, CA 91331

Bhai Kanhaiya Jee Langar Seva Dal
For More Information Please Contact:
Baldev Singh (818) 468-9595 Balwinder Singh (818) 404-0811
Makhan Singh (661) 225-7157 Paramjit Singh (626) 354-6653



Bhai Sahib Bhai Harjinder Singh Jee
(Sri Nagar Wale)



Bhai Sahib Singh Jee (Canada Wale)



Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# ਸਰਬੱਤ ਖਾਲਸਾ 2016





ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

## ਸਰਬਤ ਖ਼ਾਲਸਾ 2016
## ਸਥਾਨ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ
## ਮਿਤੀ 10 ਨਵੰਬਰ, ਦਿਨ ਸ਼ੁੱਕਰਵਾਰ 2016

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 2015 ਵਿਚ ਹੋਏ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਧਿਆਨ ਮੰਡ, ਸਿੰਘ ਸਾਹਿਬ ਭਾਈ ਅਮਰੀਕ ਸਿੰਘ ਅਜਨਾਲਾ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਭਾਈ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਸ੍ਰੀ ਦਮਦਮਾ ਸਾਹਿਬ ਵੱਲੋਂ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 10 ਨਵੰਬਰ 2016 ਨੂੰ ਤਲਵੰਡੀ ਸਾਬੋ ਵਿਖੇ ਸਰਬੱਤ ਖਾਲਸਾ ਕੀਤਾ ਜਾ ਰਿਹਾ ਹੈ ਜੀ। ਦੇਸ਼ ਵਿਦੇਸ਼ ਵਿਚ ਵਸਦੀ ਸਮੂਹ ਸਿੱਖ ਕੌਮ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਵੇਂ ਆਪ ਜੀ ਨੇ 2015 ਦੇ ਸਰਬੱਤ ਖਾਲਸੇ ਨੂੰ ਸਫ਼ਲ ਬਣਾਇਆ ਸੀ। ਇਸ ਵਾਰ ਵੀ 2016 ਦੇ ਸਰਬੱਤ ਖਾਲਸੇ ਨੂੰ ਸਫਲ ਬਣਾਉਣ ਵਾਸਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਸਰਬੱਤ ਖਾਲਸਾ ਵਿਚ ਪਹੁੰਚ ਕੇ ਪੰਥਕ ਏਕਤਾ ਦਾ ਸਬੂਤ ਦਿਉ ਜੀ।



ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ

**ਜ਼ਰੂਰੀ ਬੇਨਤੀ:-** ਸਰਬੱਤ ਖਾਲਸਾ ਲਈ ਸੁਝਾਅ ਭੇਜਣ ਅਤੇ ਦਫ਼ਤਰ ਨਾਲ ਪ੍ਰਬੰਧ ਵਿਚ ਸਹਿਯੋਗ ਕਰਨ ਵਾਸਤੇ ਹੇਠ ਲਿਖੇ ਨੰਬਰਾਂ ਅਤੇ ਈਮੇਲ ਤੇ ਸੰਪਰਕ ਕਰੋ ਜੀ।

WHATS APP :- 9356060960, 935606095
Email:- SARBATKHALSAJI2016@GMAIL.COM
WEBSITE:- WWW SARBATKHALSAJI.COM



### ਸੰਪਰਕ:

***ਜਥੇਦਾਰ ਭਾਈ ਧਿਆਨ ਸਿੰਘ ਮੰਡ ਫੋਨ ਨੰਬਰ 9780301338,***
***ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਫੋਨ ਨੰਬਰ 8283902488***
***ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਫੋਨ ਨੰਬਰ 9814015740***

**ਬੇਨਤੀ ਕਰਤਾ : ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ)**
**ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ, ਪੰਥਕ ਸਿੱਖ ਜਥੇਬੰਦੀਆਂ**

# ਸੈਕਰਾਮੈਂਟੋ 'ਚ ਕਰਵਾਏ ਇੰਟਰਨੈਸ਼ਨਲ ਕਬੱਡੀ ਕੱਪ ਵਿੱਚ ਬੇ ਏਰੀਆ ਸਪੋਰਟਸ ਕਲੱਬ ਨੇ ਸੈਂਟਰਲ ਵੈਲੀ ਨੂੰ ਹਰਾ ਕੇ ਬਾਜ਼ੀ ਮਾਰੀ, ਅੰਡਰ 21 ਮੁਕਾਬਲੇ 'ਚ ਸੈਕਰਾਮੈਂਟੋ ਜੇਤੂ

## 'ਬੈਸਟ ਰੇਡਰ' ਦਾ ਖਿਤਾਬ ਮੰਨਾ ਲਾਲ ਪੁਰੀਆ ਤੇ 'ਬੈਸਟ ਜਾਫੀ' ਦਾ ਖਿਤਾਬ ਸੰਦੀਪ ਨੰਗਲ ਅੰਸੀਆਂ ਨੂੰ ਦਿੱਤਾ





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਐਤਕਾ ਜਿਥੇ ਸਾਨ੍ਹਾਂ ਦੇ ਭੇੜ ਦੇਖਣ ਨੂੰ ਮਿਲੇ ਉਥੇ ਕੀਤੇ ਗਏ ਸਚੁੱਜੇ ਪ੍ਰਬੰਧਾਂ ਕਰਕੇ ਵਿਸ਼ਵ ਵਿਚ ਕਰਵਾਏ ਜਾਂਦੇ ਕਬੱਡੀ ਕੱਪਾਂ ਵਿਚ ਇਹ ਇੰਟਰਨੈਸ਼ਨਲ ਕਬੱਡੀ ਕੱਪ ਆਪਣਾ ਨਾਂ ਸੁਕਰਵਾ ਗਿਆ। ਸੈਕਰਾਮੈਂਟੋ ਵਿਚ ਕਰਵਾਏ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਵੱਖ ਵੱਖ ਖਿੱਤਿਆਂ ਚੋਂ ਚੋਟੀ ਦੀਆਂ ਕਬੱਡੀ ਟੀਮਾਂ ਨੇ ਸ਼ਮੂਲੀਅਤ ਕੀਤੀ ਅਤੇ ਮੁਕਾਬਲੇ ਬੜੇ ਦਿਲਚਸਪ ਰਹੇ। ਪਰ ਆਖਿਰ 'ਚ ਬੇ ਏਰੀਆ ਸਪੋਰਟਸ ਕਲੱਬ ਦੀ ਟੀਮ ਬਾਜ਼ੀ ਮਾਰਦਿਆਂ ਸੈਂਟਰਲ ਵੈਲੀ ਸਪੋਰਟਸ ਕਲੱਬ ਮੋਡੈਸਟੋ ਨੂੰ ਹਰਾ ਕੇ ਪਹਿਲੇ ਸਥਾਨ ਉਤੇ ਰਹੀ । ਇਹ ਟਰਾਫ਼ੀ ਦੇ ਨਾਲ ਨਾਲ 14 ਹਜ਼ਾਰ ਡਾਲਰ ਦਾ ਨਗਦ ਇਨਾਮ ਜਿੱਤਣ ਦੀ ਹੱਕਦਾਰ ਬਣੀ। ਦੂਜਾ ਇਨਾਮ 3 ਹਜ਼ਾਰ ਡਾਲਰ ਸੈਂਟਰਲ ਵੈਲੀ ਨੂੰ ਮਿਲਿਆ। ਤੀਜਾ ਇਨਾਮ 12 ਹਜ਼ਾਰ ਡਾਲਰ ਅਤੇ ਚੌਥਾ ਇਨਾਮ 11 ਹਜ਼ਾਰ ਡਾਲਰ ਦਾ ਦਿੱਤਾ ਗਿਆ। ਮੁਕਾਬਲਿਆਂ ਦੇ 'ਚ ਬੈਸਟ ਰੇਡਰ ਦਾ ਖਿਤਾਬ ਮੰਨਾ ਲਾਲ ਪੁਰੀਆ ਤੇ ਬੈਸਟ ਜਾਫੀ ਦਾ ਖਿਤਾਬ ਸੰਦੀਪ ਨੰਗਲ ਅੰਸੀਆਂ ਨੂੰ ਦਿੱਤਾ ਗਿਆ।

ਇਸ ਇੰਟਰਨੈਸ਼ਨਲ ਕਬੱਡੀ ਕੱਪ ਦੌਰਾਨ ਅੰਡਰ 21 ਨੌਜੁਆਨਾਂ ਦੀ ਕਬੱਡੀ ਲਈ ਪਹਿਲਾ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਯੂਬਾ ਸਿਟੀ ਸਪੋਰਟਸ ਕਲੱਬ ਨੂੰ ਹਰਾ ਕੇ ਹਾਸਲ ਕੀਤਾ। ਇਸ ਦੌਰਾਨ ਪਹਿਲਾਂ ਇਨਾਮ 21 ਸੌ ਡਾਲਰ ਦੂਜਾ ਇਨਾਮ 15 ਸੌ ਡਾਲਰ ਤੀਜਾ ਇਨਾਮ 1 ਹਜ਼ਾਰ ਡਾਲਰ ਤੇ ਚੌਥਾ ਇਨਾਮ ਵੀ ਇਕ ਹਜ਼ਾਰ ਡਾਲਰ ਦਾ ਦਿੱਤਾ ਗਿਆ। ਇਸ ਟੂਰਨਾਮੈਂਟ ਵਿਚ ਰਾਜ ਬਰਾੜ ਵੱਲੋਂ ਸਥਾਨਕ ਟੀਮ ਨੂੰ 51 ਸੌ ਡਾਲਰ ਦਾ ਇਨਾਮ ਦਿੱਤਾ ਗਿਆ। ਦਵਿੰਦਰ ਸਿੰਘ ਝਾਵਰ ਵੱਲੋਂ ਅੰਡਰ 21 ਟੀਮ ਨੂੰ ਇਨਾਮ ਦਿੱਤਾ ਗਿਆ। ਬਾਕੀ ਵੱਡੇ ਇਨਾਮਾਂ ਵਿਚ ਚੜ੍ਹਦਾ ਪੰਜਾਬ ਰੋਜਵਿਲ, ਹਰਜਿੰਦਰ ਬੋਲੀਨਾ, ਜਸਵੀਰ ਸੋਹਲ, ਪੰਮਾ ਅਟਵਾਲ, ਅੰਮ੍ਰਿਤਪਾਲ ਟਿਵਾਣਾ, ਬਲਜਿੰਦਰ ਕਲੇਰ, ਲਖਵੀਰ ਔਜਲਾ, ਅਵਤਾਰ ਅਟਵਾਲ, ਚਰਨ ਬਡਵਾਲ, ਸਰਦਾਮ ਕਲੋਟੀਆ, ਸਰਬਜੀਤ ਬੋਲੀਨਾ, ਅਮਰੀਕ ਸਿੰਘ ਅਟਵਾਲ, ਸੁਖਵਿੰਦਰ ਅਟਵਾਲ ਤੇ ਤੇਜਿੰਦਰ ਸਿੰਘ ਰਾਣਾ ਵੱਲੋਂ ਦਿੱਤੇ ਗਏ। ਇਨ੍ਹਾਂ ਮੈਚਾਂ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ਼ ਯੂ ਐਸ ਏ ਵੱਲੋਂ ਬਣਾਏ ਨਿਯਮਾਂ ਮੁਤਾਬਕ ਹੀ ਖਿਡਾਇਆ ਗਿਆ। ਗੁਰਦੁਆਰਾ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਦੀਆਂ ਗਰਾਉਂਡਾ ਵਿਚ ਕਰਵਾਏ ਇਸ ਕਬੱਡੀ ਕੱਪ ਦੌਰਾਨ ਸਾਰਾ ਦਿਨ ਹਜ਼ਾਰਾਂ ਦੀ ਤਦਾਦ ਵਿਚ ਪਹੁੰਚੇ ਦਰਸ਼ਕਾਂ ਨੂੰ ਮੁਫ਼ਤ ਲੰਗਰ, ਚਾਹ ਤੇ ਪਾਣੀ ਮੁਹੱਈਆ ਕਰਵਾਇਆ ਗਿਆ। ਮੁੱਖ ਪ੍ਰਬੰਧਕਾਂ 'ਚ ਧੀਰਾ ਨਿੱਝਰ, ਜੌਹਲ ਸਿੰਘ ਗਿੱਲ, ਹੈਪੀ ਬਰਿਆਨਾ, ਬਿੱਟੂ ਰੰਧਾਵਾ, ਹੈਰੀ ਸੰਘਾ, ਪਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਜੱਸੀ ਸੰਘਾ, ਨਰਿੰਦਰ ਥਾਂਦੀ, ਲਾਡੀ ਗਿੱਲ, ਮਨਜੀਤ ਨਿੱਝਰ, ਪੰਮਾ ਲਿੱਧੜ, ਗੋਲਡੀ ਲਾਲੀ, ਤਰਲੋਚਨ ਅਟਵਾਲ, ਬਲਜੀਤ ਬਾਸੀ, ਤੀਰਥ ਗਾਖਲ, ਸੁੱਖੀ ਵਿਰਕ, ਬਲਵੰਤ ਵਿਰਕ, ਬਿੱਟੂ ਰਾਏ ਤੇ ਤੇਜਿੰਦਰ ਮਾਨ ਵਲੋਂ ਸਾਰੀਆਂ ਟੀਮਾਂ ਲਈ ਉਚੇਚੇ ਪ੍ਰਬੰਧ ਕੀਤੇ ਗਏ ਸਨ।

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ਼ ਯੂ ਐਸ ਏ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਵੱਲੋਂ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਸਟੇਜ ਤੋਂ ਪੰਜਾਬੀ ਸਟੇਜਾਂ ਦੀ ਮਲਿਕਾ ਵਜੋਂ ਜਾਣੀ ਜਾਂਦੀ ਬੀਬੀ ਆਸ਼ਾ ਸ਼ਰਮਾ ਵੱਲੋਂ ਸਾਰਾ ਦਿਨ ਬਹੁਤ ਹੀ ਭਾਵਪੂਰਤ ਢੰਗ, ਕਾਵਿਕ ਅੰਦਾਜ਼ ਅਤੇ ਠਰੰਮੇ ਨਾਲ ਕੁਮੈਂਟਰੀ ਕੀਤੀ ਗਈ . ਖੇਡ ਦੇ ਮੈਦਾਨ 'ਚ ਮੱਖਣ ਅਲੀ, ਇਕਬਾਲ ਗਿੱਲ, ਕਾਲਾ ਨਸ਼ੀਨ, ਸੁਰਜੀਤ ਕਕਰਾਲੀ, ਰੰਡਿਆਲਾ ਵੱਲੋਂ ਖਿਡਾਰੀਆਂ ਲਈ ਟੋਟਕਿਆਂ ਨੂੰ ਵਰਤ ਕੇ ਮਾਹੌਲ ਨੂੰ ਰੌਚਕ ਬਣਾਈ ਰੱਖਿਆ। ਇਸਤੋਂ ਇਲਾਵਾ ਸਿੱਖ ਅਤੇ ਅਮਰੀਕਨ ਭਾਈਚਾਰੇ ਦੀਆਂ ਉੱਘੀਆਂ ਸ਼ਖਸੀਅਤਾਂ ਪਾਲ ਸਹੋਤਾ, ਸੁਰਿੰਦਰ ਨਿੱਝਰ, ਅਮਰਜੀਤ ਨਿੱਝਰ, ਸ਼ੈਰਫ ਸਕਾਟ, ਵਾਇਸ ਮੇਅਰ ਐਲਕ ਗਰੇਵ, ਬਲਕਾਰ ਸਿੰਘ ਲਿੱਧੜ, ਟੈਕਸਾਸ, ਔਰੀਗਨ ਤੋਂ ਰਜਿੰਦਰ ਸਿੰਘ, ਤੇਜਿੰਦਰ ਪਾਲ ਸਿੰਘ ਬੱਬਲ ਸੋਨਾ ਅਟਵਾਲ, ਜਸਵੰਤ ਸਿੰਘ ਸਰਾਣਾ, ਪਿੰਦੀ ਸੰਧੂ, ਲਾਡਾ ਕਾਹਲੋਂ, ਅਜੈਬ ਸਿੰਘ ਕਲੇਰਾ ਇੰਡੀਆ, ਮਦਨ ਗੋਪਾਲ ਕੋਚ ਮੀਰੀ ਪੀਰੀ ਕਲੱਬ ਕਪੂਰਥਲਾ ਅਤੇ ਹੋਰਨਾਂ ਨੇ ਵਿਸ਼ੇਸ਼ ਤੌਰ ਤੇ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਸ਼ਾਮਿਲ ਹੋਣ ਲਈ ਦੂਰ ਨੇੜਿਉਂ ਸ਼ਮੂਲੀਅਤ ਕੀਤੀ।



Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**

**LAX TO DEL**




Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345





# PANNU'S
## LEGAL SERVICES

G.S. Pannu (Immigration Consultant, LOA)

ivisapass@gmail.com • FAX 510.279.7624

**510.677.5200**

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. **FREMONT** CA-94538

3810 Eau Claire Ave, Ceres, **MODESTO/CERES** CA-95307

220 Bush St/Montgomery St, #445 **SAN FRANCISCO** (OPPOSITE INDIA VISA CENTER)



# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:

**408.472.0229**

*Catering*

**FULL SERVICE CATERING FOR YOUR SPECIAL EVENT**

from 50 to upto 10,000 guests.

*Setup a Tasting Appointment Today!*

5355 MOWRY AVENUE • FREMONT **510.795.1100**

976 E. EL CAMINO REAL • SUNNYVALE **408.795.1100**

4112 GRAFTON ST • DUBLIN **925.829.1700**

WWW.CHAATBHAVAN.COM

# ਮੋਟਰ ਸਾਈਕਲ ਕਲੱਬ ਨੇ ਸਿੱਖਾਂ ਦੀ ਪਛਾਣ ਦਰਸਾਉਂਦੀ ਬਾਈਕ ਰੈਲੀ ਕੱਢੀ



ਸਿੱਖ ਰਾਈਡਰਜ਼ ਆਫ਼ ਅਮਰੀਕਾ ਨਾਂ ਦੇ 'ਮੋਟਰਸਾਈਕਲ ਕਲੱਬ' ਵਲੋਂ ਬੇਕਰਜ਼ਫੀਲਡ ਵਿਚ ਕੱਢੀ ਗਈ ਸ਼ਾਨਦਾਰ ਮੋਟਰ ਸਾਈਕਲ ਰੈਲੀ 'ਚ ਸ਼ਾਮਲ ਨੌਜਵਾਨਾਂ ਦਾ ਹੌਂਸਲਾ ਵਧਾਉਂਦੇ ਹੋਏ ਸਿੱਖ ਭਾਈਚਾਰੇ ਦੇ ਮੈਂਬਰ

**ਬੇਕਰਸਫੀਲਡ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**

ਸਿੱਖ ਰਾਈਡਰਜ਼ ਆਫ਼ ਅਮਰੀਕਾ ਨਾਂ ਦੇ 'ਮੋਟਰਸਾਈਕਲ ਕਲੱਬ' ਵਲੋਂ ਇਥੇ ਸ਼ਾਨਦਾਰ ਮੋਟਰ ਸਾਈਕਲ ਰੈਲੀ ਹਾਰਲੀ ਡੇਵਿਡਸਨ ਮੋਟਰ ਸਾਈਕਲ ਡੀਲਰਸ਼ਿੱਪ 'ਤੇ ਕੀਤੀ ਗਈ, ਜਿਸ ਵਿੱਚ ਤਕਰੀਬਨ 125 ਦੇ ਕਰੀਬ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ ਅਤੇ 400 ਦੇ ਕਰੀਬ ਅਮਰੀਕੀਆਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਤਿੰਨ ਸੰਸਥਾਵਾਂ ਵੱਲੋਂ ਲਾਅ ਇਨਫੋਰਸਮੈਂਟ ਨਾਲ ਸਬੰਧਤ ਚੈਰਟੀਆਂ ਨੂੰ ਦੋ-ਦੋ ਹਜ਼ਾਰ ਡਾਲਰ ਦੇ ਚੈੱਕ ਭੇਟ ਕੀਤੇ ਗਏ। ਇਸ ਤੋਂ ਇਲਾਵਾ ਕੈਂਸਰ ਦੇ ਦੋ ਮਰੀਜ਼ਾਂ ਨੂੰ ਹਜ਼ਾਰ-ਹਜ਼ਾਰ ਡਾਲਰ ਦੇ ਚੈੱਕ ਦਿੱਤੇ ਗਏ। ਸਿੱਖ ਰਾਈਡਰਜ ਆਫ਼ ਅਮਰੀਕਾ ਵੱਲੋਂ ਇਸ ਸਾਲ ਬੇਕਸਫੀਲਡ ਹੋਮ ਲਿਸ ਸੈਂਟਰ ਨੂੰ ਵੀ ਦਸ ਹਜ਼ਾਰ ਡਾਲਰ ਦੀ ਸੇਵਾ ਦਿੱਤੀ ਜਾ ਚੁੱਕੀ ਹੈ। ਜ਼ਿਕਰਯੋਗ ਹੈ ਕਿ ਇਸ ਸੰਸਥਾ ਵਲੋਂ ਵੱਖ ਵੱਖ ਸ਼ਹਿਰਾਂ ਵਿਚ ਜਾ ਕੇ ਅਮਰੀਕੀਆਂ ਨੂੰ ਸਿੱਖਾਂ ਦੀ ਪਛਾਣ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਇਹ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿਖੇ ਹੋਏ ਨਸਲੀ ਹਮਲੇ ਪਿਛੋਂ ਹੋਂਦ ਵਿੱਚ ਆਇਆ ਸੀ। ਇਸ ਮੌਕੇ ਸਿੱਖ ਰਾਈਡਰਜ਼ ਬੂਥ 'ਤੇ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿਟ ਵੀ ਵੰਡੇ ਗਏ। ਸਿੱਖ ਰਾਈਡਰਜ਼ ਵੱਲੋਂ ਖਾਣ-ਪੀਣ ਦਾ ਖਾਸ ਪ੍ਰਬੰਧ ਕੀਤਾ ਗਿਆ। ਇਸ ਪਿੱਛੋਂ ਇਹ ਰੈਲੀ ਬਵਾਇਜ਼ ਐਂਡ ਗਰਲਜ਼ ਪਾਰਕ ਬੇਕਰਸਫੀਲਡ ਵਿਖੇ ਪਹੁੰਚੀ, ਜਿਥੇ ਪੰਜਾਬੀ ਗੀਤਾਂ 'ਤੇ ਭੰਗੜਾ ਪਾਉਂਦੇ ਗੋਰੇ ਸਿੱਖ ਸਾਹਿਤ ਲੈ ਕੇ ਖੁਸ਼ੀ ਖੁਸ਼ੀ ਘਰਾਂ ਨੂੰ ਪਰਤੇ।

## ਬ੍ਰੈਗਜ਼ਿਟ ਤੋਂ ਬਾਅਦ ਪੌਂਡ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ

**ਟੋਕੀਓ/ਬਿਊਰੋ ਨਿਊਜ਼ :**

ਪੌਂਡ ਅਚਾਨਕ ਟੁੱਟ ਗਿਆ ਅਤੇ ਬਰਤਾਨੀਆ ਵੱਲੋਂ ਯੂਰਪੀ ਯੂਨੀਅਨ ਤੋਂ ਜੂਨ ਵਿਚ ਤੋੜ ਵਿਛੋੜੇ ਦੇ ਫ਼ੈਸਲੇ ਮਗਰੋਂ ਇਹ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ। ਕਾਰੋਬਾਰੀਆਂ ਨੂੰ ਪੌਂਡ ਦੀ ਤੇਜ਼ੀ ਨਾਲ ਹੋਈ ਵਿਕਰੀ ਦੇ ਕਾਰਨ ਪੱਲੇ ਨਹੀਂ ਪਏ। ਸ਼ੁਰੂਆਤੀ ਏਸ਼ੀਅਨ ਕਾਰੋਬਾਰ ਦੌਰਾਨ ਸਟਰਲਿੰਗ ਦੀ ਕੀਮਤ ਅਮਰੀਕੀ ਡਾਲਰ ਦੇ ਮੁਕਾਬਲੇ 1.1841 ਰਹੀ ਜੋ 1985 ਦੇ ਹੇਠਲੇ ਪੱਧਰ ਦੇ ਬਰਾਬਰ ਰਹੀ। ਬਾਅਦ ਵਿਚ ਇਹ ਕੁਝ ਸੰਭਲਿਆ ਅਤੇ ਇਹ 1.2450 ਡਾਲਰ 'ਤੇ ਪੁੱਜ ਗਿਆ। ਯੂਰੋ ਦੇ ਮੁਕਾਬਲੇ ਵੀ ਪੌਂਡ ਵਿਚ ਗਿਰਾਵਟ ਦਰਜ ਕੀਤੀ ਗਈ। ਪੌਂਡ ਦੇ ਮੁਕਾਬਲੇ ਇਹ ਸੱਤ ਸਾਲ ਦੇ ਉਪਰਲੇ ਪੱਧਰ 'ਤੇ 94.15 ਪੈਂਸ 'ਤੇ ਪੁੱਜ ਗਿਆ। ਉਂਜ ਬਾਅਦ ਵਿਚ ਯੂਰਪੀ ਸੈਂਟਰਲ ਬੈਂਕ ਵੱਲੋਂ ਸੰਕੇਤ ਦਿੱਤੇ ਜਾਣ ਦੇ ਕੁਝ ਮਿੰਟਾਂ ਬਾਅਦ ਇਸ ਵਿਚ ਸੁਧਾਰ ਦੇਖਿਆ ਗਿਆ।





Requires credit qualification, 24-month commitment with early termination fee and eAutoPay. Cannot be combined with other international offers.

ZEE TV SONY Star Plus HD colors HD WILLOW Life OK HD Movies OK +22 Channels

**Sunwireless**

**(888) 251-9894**

www.sw.getdish.com

MUST MENTION OFFER CODE: SAVEBIG AT TIME OF ORDERING. Cannot be combined with other Offer Codes

dish AUTHORIZED RETAILER

International programming requires additional $10/mo International Basic package or any America's Top or DishLATINO package.
**Important Terms and Conditions: Promotional Offers:** $30/mo. Credit for 12 Months Offer. Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. **Offer ends 10/27/16.**
**2 Year Commitment:** Early termination fee of $20/mo. remaining applies if you cancel early. **Installation/Equipment Requirements:** A second dish antenna may be required to view both International and American programming. Leased equipment must be returned to DISH upon cancellation or unreturned equipment fees apply. **Other:** All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free Standard Professional Installation only. Taxes or reimbursement charges for state gross earnings taxes may apply. Additional restrictions and taxes may apply.





You are cordially INVITED to a reception supporting the re-election of US REPRESENTATIVE ALAN LOWENTHAL (CA-47) by the Sikh Community at the residence of Dr. Amrit Singh.
Time: Saturday, Oct. 15, 2016
Place: *6489 E. Surrey Dr. Long Beach, CA 90815*
Program: 12:00 to 1.00 PM - Meet & Greet & Tea & SNACKS
1:00 to 2:00 PM - Meeting and discussion of Sikh Community issues
2:00 PM - LUNCH

**Sponsored by:**

**Sikh Community of Southern California**

Suggested contributions: $1000-Platinum, $500-Gold, $250-Silver, 150-Couple, $75- Single, $....... - supporter
RSVP: 562-981-2111 or genelle.buchert@gmail.com
Or to: Coordinator & Media Contact:
Dr. Amrit Singh. 562-225-7784 amritsinghmd@gmail.com

Coverage By: TV & newspapers expected.

**PLEASE ADORN BLUE & ORANGE TURBANS OR DUPATAS**

Special Invitees: Avtar Gary Singh Grewal, NRI press, Local City officials and Police chiefs

Mani S. Kang, Paul S. Husson, Saab S. Bhullar, Hanbantbir Singh Sawhney, Pete S.Nijjar, Jagjit Singh Irani, Gurbax S. Bhasin, Surinder S. Bhogal, Kulbir S. Bhullar, Swaran S. Dabgotra, Paul S. Ghotra, Sohan S. Gill, Kulbir S. Hundal, Pushpinder S. Sekhon, Gurjinder S. Bajwa, Jerry S. Bajwa, Paramjit Singh,Gurdip Singh Malik, Surinder Singh, Joginder Singh Sandhu, Sukhmandar S. Sandhu, Sarabjit Singh Khalsa, Sham Singh Brar, Jagdish S. Khangura, Gurcharan Singh Bans, Manjit Singh Pandher, Harcharan Singh Katyal, Dr. Piara Singh, Kulbhushan Johar, Iqbal S. Johal, Ujjal S. Dhillon, Gurdas S. Gill, Sarabjit Singh Palah, Surinder Singh Moonga, Kuljinder Deep Singh, Gajinder Singh Shah, Nanak Singh, Pritpal Singh, Kirtan Singh, Nirinjan Singh Khalsa, - Navraj Singh Bhatia, erstwhile US Congressman Candidate, Dr. Amarjit Singh Marwah, Amarjit Singh, Santokh Singh, Harbhajan Singh, Manjit Singh, Shinda S. Uppal - Bakersfield, Giani Jaswant Singh

**"Authorized by Alan Lowenthal for Congress"**

# ਜ਼ਿੰਦਗੀ ਨੂੰ ਸੁਹਾਵਣੀ ਬਣਾਓ
# 'ਦ ਕੰਪਨੀ ਯੂ ਕੀਪ'
# ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।




COVERED CALIFORNIA

**ਸਿਮਰਨ ਕੌਰ ਅਟਵਾਲ**
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




# REDUCE YOUR DEBT BY UP TO 60%

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

# ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

WE WORK IN ALL 50 STATES & CANADA

ਅੱਜ ਹੀ ਸਾਨੂੰ ਕਾਲ ਕਰੋ!
**1.888.888.9914**

oorraa

# ਸਰਬੱਤ ਖ਼ਾਲਸਾ: ਸਿੱਖ ਜਥੇਬੰਦੀਆਂ ਵਿਚਾਲੇ ਮੁੜ ਸਫ਼ਬੰਦੀ ਹੋਣ ਦੀ ਸੰਭਾਵਨਾ

## ਪੰਜ ਪਿਆਰਿਆਂ ਦੀ ਅਗਵਾਈ ਨੂੰ ਲੈ ਕੇ ਕੁਝ ਧਿਰਾਂ ਦੁਚਿਤੀ ਵਿਚ

**ਅੰਮ੍ਰਿਤਸਰ/ਬਿਊਰੋ ਨਿਊਜ਼ :** 10 ਨਵੰਬਰ ਨੂੰ ਸੱਦੇ ਜਾ ਰਹੇ ਸਰਬੱਤ ਖ਼ਾਲਸਾ ਦੇ ਮਾਮਲੇ ਵਿੱਚ ਸਿੱਖ ਜਥੇਬੰਦੀਆ ਵਿਚਾਲੇ ਮੁੜ ਸਫ਼ਬੰਦੀ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਦਲ ਖ਼ਾਲਸਾ ਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਨੇ ਅਕਾਲ ਤਖ਼ਤ 'ਤੇ ਪੰਜ ਪਿਆਰਿਆਂ ਦੇ ਰੂਪ ਵਿੱਚ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾ ਚੁੱਕੇ ਪੰਜ ਸਿੰਘਾਂ ਦੀ ਅਗਵਾਈ ਹੇਠ ਪੰਥਕ ਏਕਤਾ ਅਤੇ ਵਿਧੀ-ਵਿਧਾਨ ਅਨੁਸਾਰ ਅਗਲਾ ਸਰਬੱਤ ਖ਼ਾਲਸਾ ਕਰਨ ਦੇ ਫ਼ੈਸਲੇ ਦਾ ਸਮਰਥਨ ਕੀਤਾ ਹੈ। ਦੱਸਣਯੋਗ ਹੈ ਕਿ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਹਾਲ ਹੀ ਵਿੱਚ ਜੇਲ੍ਹ ਤੋਂ ਜਾਰੀ ਕੀਤੇ ਇੱਕ ਪੱਤਰ ਰਾਹੀਂ ਆਖਿਆ ਕਿ ਇਸ ਵਾਰ ਸਰਬੱਤ ਖ਼ਾਲਸਾ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਾਰਗ ਕੀਤੇ ਗਏ ਪੰਜ ਪਿਆਰੇ ਕਰਨਗੇ ਜਦੋਂਕਿ ਸਰਬੱਤ ਖ਼ਾਲਸਾ ਵਲੋਂ ਥਾਪੇ ਜਥੇਦਾਰ ਸਮਾਗਮ ਦੀ ਸਰਪ੍ਰਸਤੀ ਕਰਨਗੇ। ਇਸ ਸੁਨੇਹੇ ਤੋਂ ਬਾਅਦ ਸਰਬੱਤ ਖ਼ਾਲਸਾ ਨਾਲ ਜੁੜੀਆਂ ਕੁਝ ਪ੍ਰਮੁੱਖ ਧਿਰਾਂ ਦੁਚਿੱਤੀ ਵਿੱਚ ਹਨ। ਇਨ੍ਹਾਂ ਧਿਰਾਂ ਦਾ ਕਹਿਣਾ ਹੈ ਕਿ ਜਥੇਦਾਰਾਂ ਦੇ ਹੁੰਦਿਆਂ ਪੰਜ ਪਿਆਰਿਆਂ ਨੂੰ ਵਧੇਰੇ ਅਹਿਮੀਅਤ ਦੇਣਾ ਸਿਧਾਂਤਾਂ ਦੇ ਉਲਟ ਹੋਵੇਗਾ। ਫਿਲਹਾਲ ਇਨ੍ਹਾਂ ਧਿਰਾਂ ਨੇ ਆਪਣੀ ਦੁਚਿੱਤੀ ਸਬੰਧੀ ਕੋਈ ਠੋਸ ਫੈਸਲਾ ਨਹੀਂ ਕੀਤਾ ਪਰ ਦੂਜੇ ਪਾਸੇ ਕੁਝ ਧਿਰਾਂ, ਜੋ 2015 ਸਰਬੱਤ ਖ਼ਾਲਸਾ ਤੋਂ ਦੂਰ ਰਹੀਆਂ ਸਨ, ਹੁਣ ਇਸ ਦੇ ਨਾਲ ਜੁੜ ਰਹੀਆਂ ਹਨ। ਇਸੇ ਸਬੰਧ ਵਿੱਚ ਦਲ ਖ਼ਾਲਸਾ ਜਥੇਬੰਦੀ ਦੀ ਇੱਕ ਮੀਟਿੰਗ ਹੋਈ ਹੈ। ਪ੍ਰਧਾਨ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਹੋਈ ਜਥੇਬੰਦੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਪੰਜ ਪਿਆਰਿਆਂ ਵੱਲੋਂ ਪੰਥਕ ਏਕਤਾ ਦੇ ਹੱਕ ਵਿੱਚ ਕੀਤੀ ਅਪੀਲ ਦਾ ਉਹ ਸਮਰਥਨ ਕਰਦੇ ਹਨ। ਦਲ ਖ਼ਾਲਸਾ ਦੀ ਅੰਤਰਰਾਸ਼ਟਰੀ ਪੱਧਰ 'ਤੇ ਸਰਗਰਮ ਹਮ-ਖਿਆਲੀ ਜਥੇਬੰਦੀ 'ਸਿੱਖ ਫੈਡਰੇਸ਼ਨ ਯੂ.ਕੇ' ਨੇ ਵੀ ਭਾਈ ਹਵਾਰਾ ਵੱਲੋਂ ਆਰੰਭੀ ਪੰਥਕ ਏਕਤਾ ਦੀ ਮੁਹਿੰਮ ਦਾ ਸਮਰਥਨ ਕੀਤਾ ਹੈ। ਸਿੱਖ ਫੈਡਰੇਸ਼ਨ ਦੇ ਪ੍ਰਧਾਨ ਜਥੇਦਾਰ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੀਆਂ ਜਥੇਬੰਦੀਆਂ ਸਰਬੱਤ ਖ਼ਾਲਸਾ ਵਿੱਚ ਸ਼ਾਮਲ ਹੋਣਗੀਆਂ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਵੀ ਭਾਈ ਹਵਾਰਾ ਦੇ ਹੱਕ ਵਿੱਚ ਨਿਤਰੇ ਹਨ।

## 'ਸਰਬੱਤ ਖਾਲਸਾ' ਕੌਮ ਨੂੰ ਉਸਾਰੂ ਦਿਸ਼ਾ ਪ੍ਰਦਾਨ ਕਰੇਗਾ : ਹੰਸਰਾ

ਬਰੈਂਪਟਨ : ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਦੀ ਹੋਈ ਟੈਲੀ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਤੋਂ ਬਾਅਦ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ, ਯੂਥ ਪ੍ਰਧਾਨ ਪਰਮਿੰਦਰ ਸਿੰਘ ਪਾਂਗਲੀ, ਸੀਨੀਅਰ ਆਗੂ ਮਨਵੀਰ ਸਿੰਘ ਅਤੇ ਸੂਬਾ ਪ੍ਰਧਾਨ ਭਾਈ ਕਰਨੈਲ ਸਿੰਘ ਫਤਹਿਗੜ੍ਹ ਸਾਹਿਬ ਨੇ ਕਿਹਾ ਕਿ ਨਵੰਬਰ ਵਿਚ ਸੱਦਿਆ ਗਿਆ 'ਸਰਬੱਤ ਖਾਲਸਾ' ਸਿੱਖ ਕੌਮ ਨੂੰ ਨਵੀਆਂ ਦਿਸ਼ਾਵਾਂ ਦੇ ਸਕਦਾ ਹੈ। ਸੁਖਮਿੰਦਰ ਸਿੰਘ ਹੰਸਰਾ ਨੇ ਕਿਹਾ ਕਿ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰਬੱਤ ਖਾਲਸਾ ਕੋਈ ਅਨੰਦਿਤ ਕਰਨ ਵਾਲਾ ਸਮਾਗਮ ਨਹੀਂ ਬਲਕਿ ਇਹ ਮੌਜੂਦਾ ਹਕੂਮਤ ਖ਼ਿਲਾਫ਼ ਫਤਵਾ ਹੈ, ਜਿਸ ਤਹਿਤ ਸਰਕਾਰ ਖ਼ਿਲਾਫ਼ ਨਾਮਿਲਵਰਤਣ ਦੀ ਲਹਿਰ ਦਾ ਆਗਾਜ਼ ਹੋਇਆ ਕਰਦਾ ਹੈ। ਉਨ੍ਹਾਂ ਕਿਹਾ, "ਭਾਈ ਜਗਤਾਰ ਸਿੰਘ ਹਵਾਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਆਇਆ ਪੱਤਰ ਅਤੇ ਉਸ ਵਿੱਚ ਦਿਤੇ ਗਏ ਆਦੇਸ਼ ਤੋਂ ਬਾਅਦ ਦੇਸ਼ਾਂ ਵਿਦੇਸ਼ਾਂ ਵਿੱਚ ਜਿਸ ਤਰ੍ਹਾਂ ਮੇਰੇ ਵੀਰਾਂ ਨੇ ਮੌਜੇ ਲਾਹ ਕੇ ਪੁਜੀਸ਼ਨਾਂ ਲੈਣੀਆਂ ਸ਼ੁਰੂ ਕੀਤੀਆਂ ਹਨ ਇਸ ਨਾਲ "ਅਸੀਂ ਅਤੇ ਤੁਸੀਂ" ਵਾਲਾ ਮਾਹੌਲ ਪੈਦਾ ਹੋ ਗਿਆ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਰਬੱਤ ਖਾਲਸਾ 2015 ਵਲੋਂ ਚਾਰ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਕੀਤੀ ਗਈ ਹੈ ਅਤੇ ਪੈਦਾ ਹੋਇਆ ਇਹ ਮਾਮਲਾ ਚਾਰੇ ਜਥੇਦਾਰਾਂ ਨੂੰ ਹੀ ਨਿਭਾਉਣਾ ਚਾਹੀਦਾ ਹੈ। ਜਿਥੋਂ ਤੱਕ ਸਿੱਖ ਜਥੇਬੰਦੀਆਂ ਜਾਂ ਵਿਅਕਤੀਗਤ ਸੇਵਾਦਾਰਾਂ ਦਾ ਤੁਅੱਲਕ ਹੈ, ਅਸੀਂ ਸਰਬੱਤ ਖਾਲਸਾ 2016 ਰਾਹੀਂ ਖਾਲਸਾ ਪੰਥ ਨੂੰ ਸ਼ਕਤੀਸ਼ਾਲੀ ਵੇਖਣਾ ਚਾਹੁੰਦੇ ਹਾਂ, ਕੌਣ ਅਗਵਾਈ ਕਰਦਾ ਹੈ, ਇਹ ਪਰੰਪਰਾਵਾਂ ਅਨੁਸਾਰ ਤਰਤੀਬਣ ਲਈ ਸਾਡੇ ਕੋਲ 4 ਸਿੰਘ ਸਾਹਿਬਾਨ ਮੌਜੂਦ ਹਨ। ਪ੍ਰੰਪਰਾਵਾਂ ਦੀ ਉਲੰਘਣਾ ਕਰਨ ਜਾਂ ਨਾ ਕਰਨ ਦੀ ਜ਼ਿੰਮੇਦਾਰੀ ਸਿੰਘ ਸਾਹਿਬਾਨਾਂ ਦੀ ਹੈ। ਅਸੀਂ ਸਾਰੇ ਹੀ ਸਿੰਘ ਸਾਹਿਬਾਨ ਬਣ ਕੇ ਪ੍ਰੰਪਰਾਵਾਂ ਦੀ ਪਹਿਰੇਦਾਰੀ ਕਰਨ ਦੀ ਕੋਸ਼ਿਸ਼ ਨਾ ਕਰੀਏ।"

ਉਨ੍ਹਾਂ ਕਿਹਾ ਕਿ ਜਥੇਦਾਰ ਹਵਾਰਾ ਦੇ ਹੱਕ ਵਿੱਚ ਅਖਬਾਰਾਂ ਵਿੱਚ ਇਸ਼ਤਿਹਾਰਬਾਜ਼ੀ ਕਰਕੇ ਮਸਲੇ ਨੂੰ ਹੋਰ ਗੁੰਝਲਦਾਰ ਕਰਨ ਵਾਲੇ ਵੀਰਾਂ ਨੂੰ ਇਹ ਜ਼ਰੂਰ ਜਾਣ ਲੈਣਾ ਚਾਹੀਦਾ ਹੈ ਕਿ ਸਾਰੀ ਕੌਮ ਹੀ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸਤਿਕਾਰ ਕਰਦੀ ਹੈ। ਸਮੁੱਚੀ ਸਿੱਖ ਸੰਗਤ ਨੂੰ ਬੇਨਤੀ ਹੈ ਕਿ ਸਰਬੱਤ ਖਾਲਸਾ 2016 ਨੂੰ ਕਾਮਯਾਬ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ, ਇਹ ਛੱਡੋ ਕਿ ਅਗਵਾਈ ਕੌਣ ਕਰਦਾ ਹੈ।

### ਹਥਿਆਰਬੰਦ ਸੰਘਰਸ਼ ਦੇ ਹੱਕ ਵਿੱਚ ਫਤਵਾ : ਯੂਨਾਈਟਿਡ ਖਾਲਸਾ ਦਲ ਯੂ.ਕੇ.

ਲੰਡਨ : ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਦਲ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਸ੍ਰ. ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਤੋਂ ਇਲਾਵਾ ਸ੍ਰ. ਸਿਮਰਨਜੀਤ ਸਿੰਘ ਮਾਨ ਅਤੇ ਸਮੂਹ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਅਗਾਮੀ ਸਰਬੱਤ ਖਾਲਸਾ ਇਕੱਠ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਤਰ ਹੋ ਰਹੀ ਬੇਅਦਬੀ ਨੂੰ ਸਥਾਈ ਤੌਰ 'ਤੇ ਠੱਲ ਪਾਉਣ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਪ੍ਰਚੰਡ ਹੋਏ ਖਾਲਿਸਤਾਨ ਦੇ ਸੰਘਰਸ਼ ਨੂੰ ਤੇਜ਼ ਕਰਨ ਦੇ ਮੁੱਦੇ ਆਧਾਰ ਬਣਾਏ ਜਾਣ ਅਤੇ ਹਰ ਮਤਾ ਇਨ੍ਹਾਂ ਦੋਵਾਂ ਮੁੱਦਿਆਂ ਦੀ ਪ੍ਰੋੜਤਾ ਕਰਦਾ ਪ੍ਰਭਾਵ ਦੇਵੇ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਜਗਤਾਰ ਸਿੰਘ ਹਵਾਰਾ ਦਾ ਡੱਟ ਕੇ ਸਮਰਥਨ ਕੀਤਾ ਗਿਆ ਅਤੇ ਭਾਈ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਹਥਿਆਰਬੰਦ ਸੰਘਰਸ਼ ਦੇ ਹੱਕ ਵਿਚ ਫਤਵਾ ਹੈ।

**ਭਾਈ ਜਗਤਾਰ ਸਿੰਘ ਹਵਾਰਾ ਦਾ ਸਵਾਗਤ :**

ਹਾਲੈਂਡ : ਸਿੱਖ ਕਮਿਊਨਿਟੀ ਬੈਨੇਲਕਸ ਅਤੇ ਪੰਜਾਬ ਰਾਈਟਸ ਆਰਗੇਨਾਈਜ਼ੇਸ਼ਨ ਬੈਨੇਲੁਕਸ ਵਲੋਂ ਹਾਲੈਂਡ ਤੋਂ ਹਰਜੀਤ ਸਿੰਘ ਅਤੇ ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ ਕੁੱਕੀ ਬੈਲਜੀਅਮ, ਸਤਿੰਦਰ ਸਿੰਘ ਰੂਬੀ ਬੈਲਜੀਅਮ, ਕੁਲਦੀਪ ਸਿੰਘ ਬੈਲਜੀਅਮ ਅਤੇ ਹਰਵਿੰਦਰ ਸਿੰਘ ਨੇ ਸਾਂਝੇ ਬਿਆਨ ਰਾਹੀਂ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਐਡਵੋਕੇਟ ਸ੍ਰ. ਅਮਰ ਸਿੰਘ ਚਾਹਲ ਰਾਹੀਂ ਸਿੱਖ ਕੌਮ ਦੇ ਨਾਮ ਜਾਰੀ ਸੰਦੇਸ਼ ਵਿੱਚ ਜਥੇਦਾਰ ਸਹਿਬਾਨ ਦੀ ਸਰਪ੍ਰਸਤੀ ਹੇਠ ਪੰਜ ਪਿਆਰਿਆਂ ਭਾਈ ਸਤਨਾਮ ਸਿੰਘ ਖੰਡੇਵਾਲੇ ਨੂੰ ਸਰਬੱਤ ਖਾਲਸਾ ਦੀ ਰਹਿਨੁਮਾਈ ਕਰਨ ਲਈ ਲਏ ਗਏ ਫੈਸਲੇ ਦਾ ਸਵਾਗਤ ਕੀਤਾ ਹੈ।

ਇਸੇ ਤਰ੍ਹਾਂ ਜਥੇਦਾਰ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਜੀ ਹਵਾਰਾ ਵੱਲੋਂ 'ਸਰਬੱਤ ਖਾਲਸਾ' ਸਬੰਧੀ ਆਏ ਸੰਦੇਸ਼ ਨਾਲ ਵਰਕਿੰਗ ਕਮੇਟੀ (ਵਿਦੇਸ਼) ਨੇ ਵੀ ਪੂਰੀ ਤਰ੍ਹਾਂ ਸਹਿਮਤੀ ਪ੍ਰਗਟਾਈ ਹੈ। ਭਾਈ ਸ਼ਾਮ ਸਿੰਘ ਆਸਟ੍ਰੇਲੀਆ, ਭਾਈ ਮੋਹਣ ਸਿੰਘ ਦਾਸੂਵਾਲ ਅਮਰੀਕਾ, ਭਾਈ ਹਰਵਿੰਦਰ ਸਿੰਘ ਇੰਗਲੈਂਡ, ਭਾਈ ਸੁਖਦੇਵ ਸਿੰਘ ਹੇਰਾਂ ਜਰਮਨੀ, ਭਾਈ ਗੁਰਪ੍ਰੀਤ ਸਿੰਘ ਆਸਟ੍ਰੇਲੀਆ, ਭਾਈ ਰਣਬੀਰ ਸਿੰਘ ਕੈਨੇਡਾ, ਭਾਈ ਤੇਜਬੀਰ ਸਿੰਘ ਇੰਗਲੈਂਡ, ਭਾਈ ਇਕਬਾਲ ਸਿੰਘ ਜਰਮਨੀ, ਭਾਈ ਜਸਬੀਰ ਸਿੰਘ ਇਟਲੀ, ਭਾਈ ਅਮਰਦੀਪ ਸਿੰਘ ਅਮਰੀਕਾ, ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜੀ.ਵੀ. ਸਿੰਘ ਇੰਗਲੈਂਡ, ਭਾਈ ਜਤਿੰਦਰਬੀਰ ਸਿੰਘ ਜਰਮਨੀ ਨੇ ਕਿਹਾ ਹੈ ਕਿ ਵਰਕਿੰਗ ਕਮੇਟੀ ਭਾਈ ਜਗਤਾਰ ਸਿੰਘ ਹਵਾਰਾ ਦੇ ਸੰਦੇਸ਼ ਦੀ ਪੁਰਜ਼ੋਰ ਪ੍ਰੋੜਤਾ ਕਰਦੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦਾ ਵਿਧੀ ਵਿਧਾਨ ਸੰਗਤ ਦੀ ਪਾਰਦਰਸ਼ਿਤਾ ਲਈ ਬਣਾਉਣਾ ਬਹੁਤ ਜ਼ਰੂਰੀ ਹੈ, ਇਸ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

# ਸਿੱਖ ਆਗੂ ਜੋਗਾ ਸਿੰਘ ਦੇ ਸਮਰਥਕਾਂ ਨੇ ਲਾਇਆ ਧਰਨਾ

**ਲੁਧਿਆਣਾ/ਬਿਊਰੋ ਨਿਊਜ਼ :** ਸਿੱਖ ਆਗੂ ਜੋਗਾ ਸਿੰਘ ਖ਼ਾਲਿਸਤਾਨੀ ਦੀ ਡੀਐਮਸੀ ਹਸਪਤਾਲ ਵਿੱਚ ਹੋਈ ਮੌਤ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਨੇ ਹਸਪਤਾਲ ਦੇ ਬਾਹਰ ਪੁਲੀਸ ਤੇ ਪ੍ਰਸ਼ਾਸਨ ਖ਼ਿਲਾਫ਼ ਧਰਨਾ ਲਾ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ। ਧਰਨਾਕਾਰੀਆਂ ਨੇ ਪੁਲੀਸ ਨੂੰ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਜੋਗਾ ਸਿੰਘ ਦੇ ਕਾਤਲ ਕਾਬੂ ਨਹੀਂ ਕੀਤੇ ਜਾਂਦੇ, ਉਦੋਂ ਤੱਕ ਧਰਨਾ ਖ਼ਤਮ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਜੋਗਾ ਸਿੰਘ ਦਾ ਸਸਕਾਰ ਕੀਤਾ ਜਾਵੇਗਾ। ਥਾਣਾ ਹੈਬੋਵਾਲ ਦੀ ਪੁਲੀਸ ਨੇ ਡੀਐਮਸੀ ਹਸਪਤਾਲ ਦੇ ਬਾਹਰ ਸੁਰੱਖਿਆ ਪ੍ਰਬੰਧਾਂ ਨੂੰ ਸਖ਼ਤ ਕਰ ਦਿੱਤਾ ਹੈ। ਜੋਗਾ ਸਿੰਘ ਦੀ ਮੌਤ ਦੀ ਖ਼ਬਰ ਸੁਣਦੇ ਹੀ ਸਮਰਥਕ ਹਸਪਤਾਲ ਦੇ ਬਾਹਰ ਇਕੱਠੇ ਹੋ ਗਏ ਤੇ ਸੂਚਨਾ ਮਿਲਦੇ ਹੀ ਪੁਲੀਸ ਫੋਰਸ ਵੀ ਮੌਕੇ 'ਤੇ ਪੁੱਜ ਗਈ। ਸਿੱਖ ਜਥੇਬੰਦੀਆਂ ਨੇ ਪੁਲੀਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਪੁਲੀਸ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦੀ ਹੀ ਇਸ ਮਾਮਲੇ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਕਾਬੂ ਕੀਤਾ ਜਾਵੇ। ਜੋਗਾ ਸਿੰਘ ਖ਼ਾਲਿਸਤਾਨੀ ਦੇ ਸਾਥੀ ਸੁਰਿੰਦਰ ਸਿੰਘ ਨੇ ਕਿਹਾ ਕਿ 30 ਜੂਨ ਨੂੰ ਜੋਗਾ ਸਿੰਘ 'ਤੇ ਜਾਨਲੇਵਾ ਹਮਲਾ ਹੋਇਆ ਸੀ ਤੇ ਇਸ ਮਾਮਲੇ ਵਿੱਚ ਪੁਲੀਸ ਨੇ ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ ਪਰ ਪੁਲੀਸ ਨੇ ਮੁੱਖ ਮੁਲਜ਼ਮ ਸੰਦੀਪ ਸਿੰਘ ਨੂੰ ਕਾਬੂ ਨਹੀਂ ਕੀਤਾ ਸੀ। ਸੁਰਿੰਦਰ ਸਿੰਘ ਨੇ ਕਿਹਾ ਕਿ ਉਹ ਪੁਲੀਸ ਕਾਰਵਾਈ ਤੋਂ ਸੰਤੁਸ਼ਟ ਨਹੀਂ ਹਨ। ਇਸ ਲਈ ਜਦੋਂ ਤੱਕ ਜੋਗਾ ਸਿੰਘ ਦੇ ਕਤਲ ਕੇਸ ਵਿੱਚ ਨਾਮਜ਼ਦ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਜਾਂਦਾ, ਉਦੋਂ ਤੱਕ ਨਾ ਤਾਂ ਧਰਨਾ ਖ਼ਤਮ ਕੀਤਾ ਜਾਵੇਗਾ ਤੇ ਨਾ ਹੀ ਜੋਗਾ ਸਿੰਘ ਦਾ ਸਸਕਾਰ ਕੀਤਾ ਜਾਵੇਗਾ। ਥਾਣਾ ਹੈਬੋਵਾਲ ਦੇ ਐਸ.ਐਚ.ਓ. ਇੰਸਪੈਕਟਰ ਅਮਰਜੀਤ ਸਿੰਘ ਨੇ ਕਿਹਾ ਕਿ ਮੁਲਜ਼ਮ ਸੰਦੀਪ ਸਿੰਘ ਪਹਿਲਾਂ ਮਾਮਲੇ ਦੀ ਜਾਂਚ ਵਿੱਚ ਸ਼ਾਮਲ ਹੋਇਆ ਸੀ। ਹੁਣ ਜੋਗਾ ਸਿੰਘ ਦੀ ਮੌਤ ਹੋ ਗਈ ਹੈ। ਪੁਲੀਸ ਨੇ ਉਸ ਦੀ ਤੇ ਉਸ ਦੇ ਸਾਥੀਆਂ ਦੀ ਭਾਲ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ ਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਅਮਰੀਕੀ ਸੁਰੱਖਿਆ ਬਲਾਂ ਵਿਚ ਸਿੱਖਾਂ ਨੂੰ ਦਸਤਾਰ ਸਜਾਉਣ ਤੇ ਦਾੜ੍ਹੀ ਰੱਖਣ ਦੀ ਮਿਲੀ ਆਗਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਮੰਨਦਿਆਂ ਅਮਰੀਕਾ ਨੇ ਹਥਿਆਰਬੰਦ ਬਲਾਂ ਵਿੱਚ ਸੇਵਾਵਾਂ ਨਿਭਾਅ ਰਹੇ ਸਿੱਖਾਂ ਨੂੰ ਦਸਤਾਰ ਸਜਾਉਣ ਤੇ ਦਾੜ੍ਹੀ ਰੱਖਣ ਸਮੇਤ ਹੋਰ ਧਾਰਮਿਕ ਅਕੀਦੇ ਧਾਰਨ ਕਰਨ ਦੀ ਆਗਿਆ ਦੇ ਦਿੱਤੀ ਹੈ। ਰੱਖਿਆ ਵਿਭਾਗ ਦੇ ਹੁਕਮਾਂ ਮੁਤਾਬਕ ਅਮਰੀਕੀ ਸਿੱਖਾਂ ਤੇ ਹੋਰਾਂ ਨੂੰ ਸੇਵਾਵਾਂ ਦੌਰਾਨ ਆਪਣੇ ਧਾਰਮਿਕ ਅਕੀਦਿਆਂ ਨੂੰ ਬਰਕਰਾਰ ਰੱਖਣ ਦੀ ਆਗਿਆ ਦਿੱਤੀ ਗਈ ਹੈ। ਅਮਰੀਕੀ ਸਿੱਖਾਂ ਵੱਲੋਂ ਇਸ ਸਬੰਧੀ ਮੁਹਿੰਮ ਦੀ ਅਗਵਾਈ ਕਰ ਚੁੱਕੇ ਸੰਸਦ ਮੈਂਬਰ ਜੋਅ ਕ੍ਰੋਅਲੇ ਨੇ ਕਿਹਾ, 'ਅਸੀਂ ਇਕ ਮਜ਼ਬੂਤ ਰਾਸ਼ਟਰ ਅਤੇ ਮਜ਼ਬੂਤ ਸੈਨਾ ਹਾਂ ਕਿਉਂਕਿ ਅਸੀਂ ਧਾਰਮਿਕ ਤੇ ਵਿਅਕਤੀਗਤ ਆਜ਼ਾਦੀ ਦਾ ਸਨਮਾਨ ਕਰਦੇ ਹਾਂ। ਮੈਂ ਇਸ ਗੱਲੋਂ ਖ਼ੁਸ਼ ਹਾਂ ਕਿ ਅਮਰੀਕੀ ਫ਼ੌਜ ਨੇ ਆਪਣੇ ਇਕ ਨਿਰਦੇਸ਼ ਰਾਹੀਂ ਇਸ ਨੂੰ ਮੁੜ ਸਵੀਕਾਰ ਕਰ ਲਿਆ ਹੈ।' ਉਨ੍ਹਾਂ ਕਿਹਾ, 'ਅਮਰੀਕੀ ਸਿੱਖ ਇਸ ਮੁਲਕ ਨੂੰ ਪਿਆਰ ਕਰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਸਾਡੇ ਮੁਲਕ ਦੀ ਫ਼ੌਜ ਵਿੱਚ ਸੇਵਾਵਾਂ ਨਿਭਾਉਣ ਲਈ ਬਰਾਬਰੀ ਦਾ ਮੌਕਾ ਮਿਲ ਸਕੇ। ਮੇਰਾ ਮੰਨਣਾ ਹੈ ਕਿ ਸਾਨੂੰ ਧਾਰਮਿਕ ਆਜ਼ਾਦੀ ਦੀ ਇਸ ਇੱਛਾ ਨੂੰ ਅੰਗੀਕਾਰ ਕਰਨਾ ਚਾਹੀਦਾ ਹੈ ਅਤੇ ਇਸ ਉਤੇ ਪਾਬੰਦੀ ਨਹੀਂ ਲਾਈ ਜਾਣੀ ਚਾਹੀਦੀ।' ਸ੍ਰੀ ਕ੍ਰੋਅਲੇ ਨੇ ਕਿਹਾ ਕਿ ਉਹ ਇਸ ਨਿਰਦੇਸ਼ ਦੀ ਸਾਵਧਾਨੀ ਨਾਲ ਸਮੀਖਿਆ ਕਰਨਾ ਚਾਹੁਣਗੇ। ਹਾਲਾਂਕਿ ਸ਼ੁਰੂ ਵਿੱਚ ਇਹ ਸਹੀ ਦਿਸ਼ਾ ਵਿੱਚ ਉਠਾਇਆ ਗਿਆ ਕਦਮ ਲੱਗ ਰਿਹਾ ਹੈ। ਹੁਣ ਸਿੱਖਾਂ ਤੇ ਹੋਰਾਂ ਨੂੰ ਅਮਰੀਕੀ ਫ਼ੌਜ ਵਿੱਚ ਆਪਣੇ ਧਾਰਮਿਕ ਚਿੰਨ੍ਹਾਂ ਨੂੰ ਬਰਕਰਾਰ ਰੱਖਦੇ ਹੋਏ ਸੇਵਾਵਾਂ ਨਿਭਾਉਣ ਦੀ ਆਗਿਆ ਦਿੱਤੀ ਗਈ ਹੈ। ਇਸ ਤਰ੍ਹਾਂ ਦੀ ਆਗਿਆ ਨਾ ਤਾਂ ਸਥਾਈ ਹੁੰਦੀ ਹੈ ਅਤੇ ਨਾ ਹੀ ਇਨ੍ਹਾਂ ਦੀ ਗਾਰੰਟੀ ਹੁੰਦੀ ਹੈ।

**ਸ਼੍ਰੋਮਣੀ ਕਮੇਟੀ ਵਲੋਂ ਸਵਾਗਤ :**

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਸਿੱਖਾਂ ਦੀ ਚਿਰੋਕਣੀ ਮੰਗ ਨੂੰ ਮੰਨਦਿਆਂ ਆਪਣੀਆਂ ਹਥਿਆਰਬੰਦ ਫੌਜਾਂ ਵਿੱਚ ਸਿੱਖ ਨੌਜਵਾਨਾਂ ਨੂੰ ਸਿੱਖੀ ਸਰੂਪ ਵਿੱਚ ਰਹਿੰਦਿਆਂ ਕੰਮ ਕਰਨ ਦਾ ਅਧਿਕਾਰ ਦੇਣਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇੱਕ ਵਾਰ ਫਿਰ ਧਾਰਮਿਕ ਸਹਿਣਸ਼ੀਲਤਾ ਦਿਖਾਉਂਦਿਆਂ ਸਿੱਖਾਂ ਨੂੰ ਸਨਮਾਨ ਦਿੱਤਾ ਹੈ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਕਾਂਗਰਸ ਮੈਂਬਰ ਜੋਏ ਕਰਾਉਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰੀਕਾ ਵਿੱਚ ਸਿੱਖਾਂ ਨੂੰ ਹੋਰ ਅਦਾਰਿਆਂ ਵਿੱਚ ਵੀ ਸਿੱਖੀ ਸਰੂਪ ਵਿਚ ਕੰਮ ਕਰਨ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ।

# ਅਮਰੀਕਾ ਦੀਆਂ ਧਨੀ ਸ਼ਖ਼ਸੀਅਤਾਂ ਵਿਚ ਪੰਜ ਭਾਰਤੀ ਵੀ ਸ਼ਾਮਲ

**ਨਿਊਯਾਰਕ/ਬਿਊਰੋ ਨਿਊਜ਼ :** ਪੱਤ੍ਰਿਕਾ 'ਫੋਰਬਸ' ਨੇ ਅਮਰੀਕਾ ਦੀ ਸਭ ਤੋਂ ਧਨੀ ਹਸਤੀਆਂ ਦੀ ਜੋ ਸੂਚੀ ਤਿਆਰ ਕੀਤੀ ਹੈ ਉਸ ਵਿਚ ਪੰਜ ਭਾਰਤੀ ਮੂਲ ਦੇ ਅਮਰੀਕੀ ਵਿਅਕਤੀ ਸ਼ਾਮਲ ਹਨ। ਇਸ ਸੂਚੀ ਵਿਚ ਕੁੱਲ ਮਿਲਾ ਕੇ 400 ਹਸਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ।



ਮਾਈਕਰੋਸਾਫਟ ਦੇ ਸਾਥੀ ਸੰਸਥਾਪਕ ਬਿੱਲ ਗੇਟਸ ਲਗਾਤਾਰ 23ਵੇਂ ਸਾਲ ਇਸ ਸੂਚੀ ਵਿਚ ਪਹਿਲੇ ਸਥਾਨ ਉੱਤੇ ਹਨ। 'ਫੋਰਬਸ' ਦੀ ਅਮਰੀਕਾ ਵਿਚ ਸਭ ਤੋਂ ਧਨੀ ਹਸਤੀਆਂ ਦੀ ਸੂਚੀ-2016 ਵਿਚ ਸ਼ਾਮਲ ਹਸਤੀਆਂ ਵਿਚ ਸਿੰਫਨੀ ਟੈਕਨਾਲੋਜੀ ਸੰਸਥਾਨ ਦੇ ਰਮੇਸ਼ ਵਾਧਵਾਨੀ, ਆਊਟਸੋਰਸਿੰਗ ਫਰਮ ਸਿਨਟੇਲ ਭਾਰਤ ਦੇ ਸਾਥੀ ਸੰਸਥਾਪਕ ਨੀਰਜ ਦੇਸਾਈ, ਹਵਾਈ ਆਵਾਜਾਈ ਖੇਤਰ ਦੇ ਰਾਕੇਸ਼ ਗੰਗਵਾਲ, ਉੱਦਮੀ ਜਾਨ ਕਪੂਰ ਅਤੇ ਸਿਲੀਕਾਨ ਵੈਲੀ ਨਿਵੇਸ਼ਕ ਕਵਿਤਰਕ ਰਾਮ ਸ਼੍ਰੀਰਾਮ ਵੀ ਹਨ। ਵਾਧਵਾਨੀ ਨੂੰ ਸੂਚੀ ਵਿਚ 222ਵੇਂ ਸਥਾਨ ਉੱਤੇ ਰੱਖਿਆ ਗਿਆ ਹੈ ਅਤੇ ਉਨ੍ਹਾਂ ਦੀ ਜਾਇਦਾਦ ਤਿੰਨ ਅਰਬ ਡਾਲਰ ਅੰਕੀ ਗਈ ਹੈ। ਇਸੇ ਤਰ੍ਹਾਂ 2.5 ਅਰਬ ਡਾਲਰ ਜਾਇਦਾਦ ਦੇ ਨਾਲ ਦੇਸਾਈ 274ਵੇਂ ਸਥਾਨ ਉੱਤੇ, 2.2 ਅਰਬ ਡਾਲਰ ਜਾਇਦਾਦ ਦੇ ਨਾਲ ਗੰਗਵਾਲ 321ਵੇਂ ਸਥਾਨ ਉੱਤੇ, 2.1 ਅਰਬ ਡਾਲਰ ਦੀ ਜਾਇਦਾਦ ਦੇ ਨਾਲ ਕਪੂਰ 335ਵੇਂ ਸਥਾਨ ਉੱਤੇ ਅਤੇ 1.9 ਅਰਬ ਡਾਲਰ ਜਾਇਦਾਦ ਦੇ ਨਾਲ ਸ਼੍ਰੀਰਾਮ ਨੂੰ 361ਵੇਂ ਸਥਾਨ ਉੱਤੇ ਰੱਖਿਆ ਗਿਆ ਹੈ।

# ਅਧਿਕਾਰੀਆਂ ਦੇ ਤਬਾਦਲੇ ਨੂੰ ਲੈ ਕੇ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਆਹਮੋ-ਸਾਹਮਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿਵਲ ਅਤੇ ਪੁਲੀਸ ਅਧਿਕਾਰੀਆਂ ਦੇ ਤਬਾਦਲਿਆਂ ਸਬੰਧੀ ਅਖ਼ਤਿਆਰ ਕੀਤੇ ਰੁਖ਼ ਤੋਂ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਦਰਮਿਆਨ ਕੁੜੱਤਣ ਵਧਦੀ ਜਾ ਰਹੀ ਹੈ। ਚੋਣਾਂ ਨਾਲ ਸਬੰਧਤ ਅਧਿਕਾਰੀਆਂ ਦੀਆਂ ਤਾਇਨਾਤੀਆਂ ਸਬੰਧੀ 27 ਅਗਸਤ ਦੇ ਹੁਕਮਾਂ ਨੂੰ ਦਰਕਿਨਾਰ ਕਰਨ ਤੋਂ ਬਾਅਦ ਕਮਿਸ਼ਨ ਨੇ ਕੁਝ ਦਿਨ ਪਹਿਲਾਂ ਹੀ ਤਬਾਦਲਿਆਂ ਸਬੰਧੀ ਹਫ਼ਤੇ ਦੀ ਮੋਹਲਤ ਦਿੰਦਿਆਂ ਸਰਕਾਰ ਨੂੰ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕਿਹਾ ਹੈ। ਸਰਕਾਰ ਨੇ ਕਮਿਸ਼ਨ ਦੇ ਤਾਜ਼ਾ ਹੁਕਮਾਂ ਦੀ ਵੀ ਪਰਵਾਹ ਨਹੀਂ ਕੀਤੀ। ਸੂਤਰਾਂ ਦਾ ਦੱਸਣਾ ਹੈ ਕਿ ਰਾਜ ਸਰਕਾਰ ਨੇ ਕੌਮਾਂਤਰੀ ਸਰਹੱਦ 'ਤੇ ਪੈਦਾ ਹੋਏ ਜੰਗੀ ਹਾਲਾਤ ਦੇ ਮੱਦੇਨਜ਼ਰ ਅਫ਼ਸਰਾਂ ਦੇ ਰੁੱਝੇ ਹੋਣ ਦਾ ਤਰਕ ਦੇ ਕੇ ਤਬਾਦਲਿਆਂ ਦੇ ਨਿਰਦੇਸ਼ਾਂ ਤੋਂ ਮੂੰਹ ਮੋੜ ਲਿਆ ਹੈ। ਸਰਕਾਰ ਵੱਲੋਂ ਚੋਣ ਦਫ਼ਤਰ ਨਾਲ ਤਾਇਨਾਤ ਕੀਤੇ ਜਾਣ ਵਾਲੇ ਵਧੀਕ ਡੀਜੀਪੀ ਰੈਂਕ ਦੇ ਅਧਿਕਾਰੀਆਂ ਦਾ ਪੈਨਲ ਭੇਜੇ ਜਾਣ ਦੇ ਮਾਮਲੇ 'ਤੇ ਅਪਣਾਏ ਰਵੱਈਏ ਨੇ ਵੀ ਕਮਿਸ਼ਨ ਦੀ ਨਾਰਾਜ਼ਗੀ ਵਧਾਈ ਹੈ। ਵਿਧਾਨ ਸਭਾ ਚੋਣਾਂ ਦਾ ਜਾਇਜ਼ਾ ਲੈਣ ਲਈ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਸਮੇਤ ਹੋਰ ਚੋਣ ਕਮਿਸ਼ਨਰ 20 ਅਕਤੂਬਰ ਦੇ ਆਸ-ਪਾਸ ਚੰਡੀਗੜ੍ਹ ਆ ਰਹੇ ਹਨ। ਚੋਣ ਕਮਿਸ਼ਨ ਵੱਲੋਂ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਪੁਲੀਸ ਮੁਖੀ ਸੁਰੇਸ਼ ਅਰੋੜਾ ਸਮੇਤ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲੀਸ ਮੁਖੀਆਂ ਨਾਲ ਮੀਟਿੰਗ ਕੀਤੀ ਜਾਣੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਤਬਾਦਲਿਆਂ ਦੇ ਮੁੱਦੇ 'ਤੇ ਮੁੱਖ ਸਕੱਤਰ ਤੇ ਡੀਜੀਪੀ ਦੀ ਖਿਚਾਈ ਵੀ ਹੋ ਸਕਦੀ ਹੈ ਕਿਉਂਕਿ ਸਿਵਲ ਅਫ਼ਸਰਾਂ ਦੀਆਂ ਨਿਯੁਕਤੀਆਂ ਨਾ ਹੋਣ ਕਾਰਨ ਚੋਣ ਅਮਲ 'ਤੇ ਅਸਰ ਪੈ ਰਿਹਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਪ ਚੋਣ ਕਮਿਸ਼ਨਰ ਵੱਲੋਂ 27 ਅਗਸਤ ਨੂੰ ਲਿਖੇ ਪੱਤਰ ਰਾਹੀਂ ਈਆਰਓਜ਼ ਦੀਆਂ ਤਾਇਨਾਤੀਆਂ ਅਤੇ ਜਿਨ੍ਹਾਂ ਅਫ਼ਸਰਾਂ ਨੂੰ ਇੱਕੋ ਥਾਂ 'ਤੇ ਬੈਠਿਆਂ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ, ਨੂੰ ਤਬਦੀਲ ਕਰਨ ਲਈ ਕਿਹਾ ਸੀ। ਇਸ ਪੱਤਰ ਰਾਹੀਂ ਕਮਿਸ਼ਨ ਨੇ ਚੋਣਾਂ ਨਾਲ ਜੁੜੇ ਅਫ਼ਸਰਾਂ ਦੇ ਤਬਾਦਲਿਆਂ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ। ਕਮਿਸ਼ਨ ਨੇ ਤਾਇਨਾਤੀਆਂ ਦਾ ਅਮਲ 7 ਸਤੰਬਰ ਤੱਕ ਮੁਕੰਮਲ ਕਰਨ ਲਈ ਕਿਹਾ ਸੀ ਕਿਉਂਕਿ 7 ਸਤੰਬਰ ਤੋਂ ਵੋਟਰ ਸੂਚੀਆਂ ਦੀ ਸੁਧਾਈ ਦਾ ਅਮਲ ਸ਼ੁਰੂ ਹੋਣਾ ਸੀ। ਚੋਣ ਅਧਿਕਾਰੀਆਂ ਮੁਤਾਬਕ ਸਰਕਾਰ ਨੇ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਸਤੰਬਰ ਦੇ ਅੰਤ ਤੱਕ ਕੋਈ ਅਮਲ ਨਾ ਕੀਤਾ ਤਾਂ ਕੁਝ ਦਿਨ ਪਹਿਲਾਂ ਹੀ ਹਫ਼ਤੇ ਦੀ ਮੋਹਲਤ ਦਿੰਦਿਆਂ ਮੁੜ ਪੱਤਰ ਲਿਖਿਆ ਸੀ। ਮਹੱਤਵਪੂਰਨ ਹੈ ਕਿ ਸਰਕਾਰ ਨੇ ਕਮਿਸ਼ਨ ਦੇ ਤਾਜ਼ਾ ਪੱਤਰ ਦੀ ਵੀ ਪ੍ਰਵਾਹ ਨਹੀਂ ਕੀਤੀ ਤੇ ਇਹ ਮਾਮਲਾ ਚੋਣ ਕਮਿਸ਼ਨ ਦੀ 20 ਅਕਤੂਬਰ ਦੇ ਨਜ਼ਦੀਕ ਚੰਡੀਗੜ੍ਹ ਵਿਚ ਹੋਣ ਵਾਲੀ ਮੀਟਿੰਗ ਦੌਰਾਨ ਭਾਰੂ ਰਹਿਣ ਦੇ ਆਸਾਰ ਬਣ ਗਏ ਹਨ। ਸਰਕਾਰ ਦਾ ਤਰਕ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਉਹ ਕਮਿਸ਼ਨ ਦੇ ਨਿਰਦੇਸ਼ ਮੰਨਣ ਲਈ ਪਾਬੰਦ ਨਹੀਂ ਹੈ। ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਚੋਣਾਂ ਦਾ ਅਮਲ ਸ਼ੁਰੂ ਹੋ ਚੁੱਕਾ ਹੈ ਇਸ ਲਈ ਸਰਕਾਰੀ ਅਫ਼ਸਰਾਂ ਤੋਂ ਹੀ ਚੋਣਾਂ ਦਾ ਕੰਮ ਲੈਣਾ ਹੈ।



### ਅੱਧੀ ਦਰਜਨ ਰਿਟਰਨਿੰਗ ਅਫ਼ਸਰਾਂ ਦੀ ਤਾਇਨਾਤੀ ਬਕਾਇਆ :

ਚੋਣ ਅਧਿਕਾਰੀਆਂ ਮੁਤਾਬਕ ਅੱਧੀ ਦਰਜਨ ਤੋਂ ਵਧੇਰੇ ਰਿਟਰਨਿੰਗ ਅਫ਼ਸਰਾਂ ਦੀਆਂ ਤਾਇਨਾਤੀਆਂ ਹੋਣੀਆਂ ਰਹਿੰਦੀਆਂ ਹਨ। ਕਮਿਸ਼ਨ ਲਈ ਰਿਟਰਨਿੰਗ ਅਫ਼ਸਰਾਂ ਦੀ ਤਾਇਨਾਤੀ ਚੋਣਾਂ ਤੋਂ 6 ਮਹੀਨੇ ਪਹਿਲਾਂ ਜ਼ਰੂਰੀ ਮੰਨੀ ਜਾਂਦੀ ਹੈ ਕਿਉਂਕਿ ਕਮਿਸ਼ਨ ਨੇ ਅਕਤੂਬਰ ਮਹੀਨੇ ਤੋਂ ਸਿਖਲਾਈ ਦੇਣ ਦਾ ਪ੍ਰੋਗਰਾਮ ਸ਼ੁਰੂ ਕਰਨਾ ਹੈ। ਇਸੇ ਤਰ੍ਹਾਂ ਸਿਵਲ ਅਤੇ ਪੁਲੀਸ ਦੇ ਤਿੰਨ ਦਰਜਨ ਤੋਂ ਜ਼ਿਆਦਾ ਅਫ਼ਸਰ ਹਨ ਜਿਨ੍ਹਾਂ ਦੀ ਤਾਇਨਾਤੀ ਨੂੰ ਇੱਕੋ ਥਾਂ 'ਤੇ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ ਜਾਂ ਫਿਰ ਇਸ ਤੋਂ ਪਹਿਲਾਂ ਹੋਈਆਂ ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਦੌਰਾਨ ਸ਼ਿਕਾਇਤ ਦੇ ਆਧਾਰ 'ਤੇ ਤਬਾਦਲਾ ਹੋ ਚੁੱਕਾ ਹੈ। ਇਨ੍ਹਾਂ ਅਫ਼ਸਰਾਂ ਦੇ ਤਬਾਦਲਿਆਂ ਸਬੰਧੀ ਵੀ ਸਰਕਾਰ ਦਾ ਰੁਖ਼ ਨਕਾਰਾਤਮਕ ਹੀ ਦਿਖਾਈ ਦੇ ਰਿਹਾ ਹੈ।

ਕਲਰਕ ਭਰਤੀ ਘੁਟਾਲਾ

## ਹੁਣ ਤੋਤਾ ਸਿੰਘ ਨੂੰ ਬਚਾਉਣ ਲਈ ਵਿਜੀਲੈਂਸ ਬਿਊਰੋ ਨੇ ਚੁੱਪ-ਚਪੀਤੇ ਦਿੱਤੀ ਅਰਜ਼ੀ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਰਜ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਜ਼ਮੀਨ ਘੁਟਾਲੇ ਦੇ ਕੇਸ ਨੂੰ ਬੰਦ ਕਰਨ ਦੀ ਕੀਤੀ ਅਪੀਲ ਤੋਂ ਬਾਅਦ ਹੁਣ ਚੁੱਪ-ਚੁਪੀਤੇ ਸੂਬੇ ਦੇ ਖੇਤੀ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਤੋਤਾ ਸਿੰਘ ਵਿਰੁੱਧ ਮੁਹਾਲੀ ਅਦਾਲਤ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਨੂੰ ਵਾਪਸ ਲੈਣ ਲਈ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪੁਨੀਤ ਮੋਹਨ ਸ਼ਰਮਾ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ। ਵਿਜੀਲੈਂਸ ਦੀ ਇਸ ਕਾਰਵਾਈ ਨੂੰ ਬਾਦਲਾਂ ਅਤੇ ਕੈਪਟਨ ਵਿਚਕਾਰ ਸਿਆਸੀ ਦੋਸਤਾਨਾ ਮੈਚ ਵਜੋਂ ਦੇਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਵਿਜੀਲੈਂਸ ਬਿਊਰੋ ਰਾਹੀਂ ਜਥੇਦਾਰ ਤੋਤਾ ਸਿੰਘ ਸਮੇਤ ਸਿੱਖਿਆ ਬੋਰਡ ਦੇ ਕਈ ਮੌਜੂਦਾ ਤੇ ਸੇਵਾਮੁਕਤ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8, ਮੁਹਾਲੀ ਵਿੱਚ ਕੇਸ ਦਰਜ ਕੀਤਾ ਗਿਆ ਸੀ। ਤੋਤਾ ਸਿੰਘ 'ਤੇ ਇਸ ਤੋਂ ਪਹਿਲੀ ਅਕਾਲੀ-ਭਾਜਪਾ ਸਰਕਾਰ ਵੇਲੇ ਸਿੱਖਿਆ ਮੰਤਰੀ ਹੁੰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਕਥਿਤ ਭ੍ਰਿਸ਼ਟ ਤਰੀਕੇ ਰਾਹੀਂ 134 ਕਲਰਕ ਅਤੇ ਹੈਲਪਰ ਭਰਤੀ ਕਰਨ ਦਾ ਦੋਸ਼ ਹੈ। ਹਾਲਾਂਕਿ ਇਸ ਮਾਮਲੇ ਵਿਚ ਤੋਤਾ ਸਿੰਘ ਅਤੇ ਸਕੂਲ ਬੋਰਡ ਦੇ ਅਧਿਕਾਰੀਆਂ ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਹਨ ਪਰ ਹੁਣ ਵਿਜੀਲੈਂਸ ਨੇ ਸਰਕਾਰੀ ਵਕੀਲ ਰਾਹੀਂ ਸੀਆਰਪੀਸੀ ਦੀ ਧਾਰਾ 321 ਤਹਿਤ ਅਕਾਲੀ ਆਗੂ ਖ਼ਿਲਾਫ਼ ਕੇਸ ਵਾਪਸ ਲੈਣ ਦੀ ਅਰਜ਼ੀ ਦਾਇਰ ਕਰ ਦਿੱਤੀ ਹੈ। ਪਤਾ ਲੱਗਿਆ ਹੈ ਕਿ ਵਿਜੀਲੈਂਸ ਨੇ ਸਿਰਫ਼ ਤੋਤਾ ਸਿੰਘ ਵਿਰੁੱਧ ਹੀ ਕੇਸ ਵਾਪਸ ਲੈਣ ਦੀ ਅਰਜ਼ੀ ਦਿੱਤੀ ਹੈ, ਜਦੋਂਕਿ ਬਾਕੀ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।

ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਖੇਤੀ ਮੰਤਰੀ ਖ਼ਿਲਾਫ਼ ਕੇਸ ਵਾਪਸ ਲੈਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਵਿਜੀਲੈਂਸ ਬਿਊਰੋ ਨੇ ਸੂਬਾ ਸਰਕਾਰ ਕੋਲ ਪੇਸ਼ ਕੀਤੀ ਰਿਪੋਰਟ ਵਿੱਚ ਸਪਸ਼ਟ ਕੀਤਾ ਹੈ ਕਿ ਹੁਣ ਤੱਕ ਦੀ ਪੜਤਾਲ ਦੌਰਾਨ ਖੇਤੀ ਮੰਤਰੀ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲੇ ਹਨ। ਲਿਹਾਜ਼ਾ ਇਸ ਕੇਸ ਨੂੰ ਵਾਪਸ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਸ ਤਰ੍ਹਾਂ ਵਿਜੀਲੈਂਸ ਨੇ ਸਰਕਾਰੀ ਮੋਹਰ ਲੱਗਣ ਤੋਂ ਬਾਅਦ ਸੋਮਵਾਰ ਨੂੰ ਮੁਹਾਲੀ ਅਦਾਲਤ ਵਿੱਚ ਕੇਸ ਵਾਪਸ ਲੈਣ ਦੀ ਅਰਜ਼ੀ ਦਾਇਰ ਕਰ ਦਿੱਤੀ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 5 ਨਵੰਬਰ ਨੂੰ ਰੱਖੀ ਹੈ।

ਬਾਕੀ ਸਫ਼ਾ 33 'ਤੇ

# ਸੁਖਬੀਰ ਬਾਦਲ ਦੀ ਨਾਰਾਜ਼ਗੀ ਨੇ ਵਿਗਾੜੀ ਡਾਕਟਰਾਂ ਦੀ 'ਸਿਹਤ'

*ਦਿੱਲੀ ਦੇ ਪੰਜਾਬ ਭਵਨ 'ਚ ਤੈਨਾਤ ਸਾਰੇ ਡਾਕਟਰਾਂ ਦੇ ਪੰਜਾਬ ਵਿਚ ਤਬਾਦਲੇ*

**ਚੰਡੀਗੜ੍ਹ/ਬਿਊਰੋ ਨਿਊਜ਼ :** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਤਬੀਅਤ ਕੀ ਵਿਗੜੀ ਕਿ ਦਿੱਲੀ ਦੇ ਪੰਜਾਬ ਭਵਨ ਵਿਚ ਤਾਇਨਾਤ ਪੰਜ ਡਾਕਟਰਾਂ ਦੀ ਸ਼ਾਮਤ ਆ ਗਈ। ਉਨ੍ਹਾਂ ਦਾ ਗੁਨਾਹ ਇਹ ਸੀ ਕਿ ਉਹ ਸਮੇਂ 'ਤੇ ਉਪ ਮੁੱਖ ਮੰਤਰੀ ਦਾ ਚੈਕਅੱਪ ਕਰਨ ਲਈ ਨਹੀਂ ਪੁੱਜੇ। ਡਾਕਟਰਾਂ ਦੇ ਇਸ ਰਵੱਈਏ ਨੂੰ ਦੇਖਦਿਆਂ ਸੁਖਬੀਰ ਬਾਦਲ ਰੋਹ ਵਿਚ ਆ ਗਏ ਅਤੇ ਉਨ੍ਹਾਂ ਪੰਜਾਬ ਸਿਹਤ ਵਿਭਾਗ ਤੋਂ ਡੈਪੂਟੇਸ਼ਨ 'ਤੇ ਆਏ ਇਨ੍ਹਾਂ ਡਾਕਟਰਾਂ ਨੂੰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਭੇਜਣ ਦੇ ਹੁਕਮ ਚਾੜ੍ਹ ਦਿੱਤੇ। ਉਂਜ ਸਿਹਤ ਵਿਭਾਗ ਦੇ ਅੱਠ ਡਾਕਟਰ ਡੈਪੂਟੇਸ਼ਨ 'ਤੇ ਤਾਇਨਾਤ ਸਨ। ਸੂਤਰਾਂ ਮੁਤਾਬਕ ਕਰੀਬ ਤਿੰਨ ਹਫ਼ਤੇ ਪਹਿਲਾਂ ਉਪ ਮੁੱਖ ਮੰਤਰੀ ਨੂੰ ਰਾਤ ਦੇ ਸਮੇਂ ਬੇਚੈਨੀ ਮਹਿਸੂਸ ਹੋਈ ਤਾਂ ਸਲਾਹ ਮਸ਼ਵਰੇ ਲਈ ਪੰਜਾਬ ਭਵਨ ਵਿਚ ਰਾਤ ਦੀ ਡਿਊਟੀ 'ਤੇ ਤਾਇਨਾਤ ਡਾਕਟਰ ਦੀ ਭਾਲ ਕੀਤੀ ਗਈ ਪਰ ਉਸ ਦਾ ਕੁਝ ਵੀ ਪਤਾ ਨਹੀਂ ਲੱਗਾ। ਬਾਅਦ ਵਿਚ ਉਨ੍ਹਾਂ ਦੇ ਅਮਲੇ ਨੇ ਜਦੋਂ ਹੋਰ ਡਾਕਟਰਾਂ ਨਾਲ ਸੰਪਰਕ ਕਾਇਮ ਕੀਤਾ ਤਾਂ ਉਹ ਵੀ ਇਕ ਘੰਟੇ ਦੀ ਦੇਰੀ ਮਗਰੋਂ ਉਥੇ ਪੁੱਜੇ। ਪ੍ਰਿੰਸੀਪਲ ਸਕੱਤਰ ਸਿਹਤ ਵਿੰਨੀ ਮਹਾਜਨ ਨੇ 14 ਸਤੰਬਰ ਨੂੰ ਹੁਕਮ ਜਾਰੀ ਕਰ ਕੇ ਡਾਕਟਰਾਂ ਨੂੰ ਆਪਣੀ ਤਾਇਨਾਤੀ ਵਾਲੇ ਸ਼ਹਿਰਾਂ ਵਿਚ ਜਾਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਜਿਥੋਂ ਉਨ੍ਹਾਂ ਨੂੰ ਤਨਖ਼ਾਹ ਮਿਲ ਰਹੀ ਸੀ। ਤਿੰਨ ਮੈਡੀਕਲ ਅਫ਼ਸਰਾਂ ਡਾਕਟਰ ਸੰਗੀਤਾ ਭਗਤ ਨੂੰ ਮਾਨਸਾ, ਡਾਕਟਰ ਸੁਨੀਤ ਪਾਲ ਕੌਰ ਨੂੰ ਫਿਰੋਜ਼ਪੁਰ ਅਤੇ ਡਾਕਟਰ ਰਵਨੀਤ ਕੌਰ ਨੂੰ 16 ਸਤੰਬਰ ਨੂੰ ਬਠਿੰਡਾ ਤਬਦੀਲ ਕਰ ਦਿੱਤਾ ਗਿਆ। ਇਨ੍ਹਾਂ ਤੋਂ ਇਲਾਵਾ ਦੋ ਡੈਂਟਲ ਡਾਕਟਰਾਂ ਸੋਨਾ ਅਲੀ ਸਿੰਘ ਅਤੇ ਮੀਨਾਕਸ਼ੀ ਸੂਦ ਦਾ ਵੀ ਤਬਾਦਲਾ ਕੀਤਾ ਗਿਆ ਹੈ। ਇਨ੍ਹਾਂ ਡਾਕਟਰਾਂ ਦੀ ਡੈਪੂਟੇਸ਼ਨ ਨੂੰ ਤੁਰੰਤ ਪ੍ਰਭਾਵ ਤੋਂ ਰੱਦ ਕਰ ਦਿੱਤਾ ਗਿਆ ਹੈ। ਸੂਤਰਾਂ ਨੇ ਕਿਹਾ ਕਿ ਕੁਝ ਡਾਕਟਰਾਂ ਨੇ ਪੰਜਾਬ ਵਿਚ ਅਜੇ ਡਿਊਟੀ ਜੁਆਇਨ ਨਹੀਂ ਕੀਤੀ ਹੈ ਅਤੇ ਕੁਝ ਨੇ ਸਰਕਾਰ ਕੋਲ ਪਹੁੰਚ ਕੀਤੀ ਹੈ। ਟਰਾਂਸਫਰ ਕੀਤੇ ਗਏ ਇਕ ਡਾਕਟਰ ਦੇ ਪਤੀ ਨੇ ਦੱਸਿਆ ਕਿ ਉਹ ਹੁਣ ਦਿੱਲੀ ਵਿਚ ਵੱਸ ਚੁੱਕੇ ਹਨ ਪਰ ਇਹ ਨੌਕਰੀ ਦਾ ਹਿੱਸਾ ਹੈ। ਸੂਤਰਾਂ ਨੇ ਕਿਹਾ ਕਿ ਪੰਜਾਬ ਭਵਨ ਵਿਚ ਕੋਈ ਮਨਜ਼ੂਰਸ਼ੁਦਾ ਪੋਸਟ ਨਾ ਹੋਣ ਦੇ ਬਾਵਜੂਦ ਪੰਜ ਡਾਕਟਰਾਂ ਨੂੰ ਤਾਇਨਾਤ ਕੀਤਾ ਗਿਆ ਸੀ। ਸ੍ਰੀਮਤੀ ਮਹਾਜਨ ਨੇ ਕਿਹਾ ਕਿ ਪੰਜਾਬ ਭਵਨ ਨੇ ਪੰਜਾਬ ਸਿਹਤ ਵਿਭਾਗ ਤੋਂ ਡਾਕਟਰ ਮੰਗੇ ਸਨ ਅਤੇ ਹੁਣ ਉਨ੍ਹਾਂ ਦੀ ਲੋੜ ਨਹੀਂ ਹੈ। ਉਨ੍ਹਾਂ ਵੱਲੋਂ ਡੈਪੂਟੇਸ਼ਨ ਰੱਦ ਕੀਤੇ ਜਾਣ ਮਗਰੋਂ ਇਨ੍ਹਾਂ ਡਾਕਟਰਾਂ ਨੂੰ ਆਪਣੀ ਆਪਣੀ ਪੋਸਟਿੰਗ ਵਾਲੇ ਟਿਕਾਣੇ 'ਤੇ ਜੁਆਇਨ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਧਰ ਪੰਜਾਬ ਭਵਨ ਦੇ ਰੈਜ਼ੀਡੈਂਟ ਕਮਿਸ਼ਨਰ ਕੇ ਸਿਵਾ ਪ੍ਰਸਾਦ ਨਾਲ ਵਾਰ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ।



# ਛੋਟੇਪੁਰ ਦਾ ਸਟਿੰਗ ਅਪਰੇਸ਼ਨ ਕਰਨ ਵਾਲੇ ਦੇ ਘਰ ਪੁੱਜੇ ਭਗਵੰਤ ਮਾਨ

**ਮਾਨਸਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਸਟਿੰਗ ਅਪਰੇਸ਼ਨ ਕਰਨ ਵਾਲੇ 'ਆਪ' ਦੇ ਆਗੂ ਐਡਵੋਕੇਟ ਗੁਰਲਾਭ ਸਿੰਘ ਮਾਹਲ ਦੇ ਘਰ ਸੰਸਦ ਮੈਂਬਰ ਭਗਵੰਤ ਮਾਨ ਦੀ ਅਚਾਨਕ ਫੇਰੀ ਨੂੰ ਸਿਆਸੀ ਹਲਕਿਆਂ ਵਿੱਚ ਬੜੀ ਅਹਿਮੀਅਤ ਦਿੱਤੀ ਜਾ ਰਹੀ ਹੈ। ਪਾਰਟੀ ਵੱਲੋਂ ਮਾਨਸਾ ਤੋਂ ਐਲਾਨੇ ਉਮੀਦਵਾਰ ਨਾਜਰ ਸਿੰਘ ਮਾਨਸ਼ਾਹੀਆ ਸਮੇਤ ਟਿਕਟ ਦੇ ਹੋਰ ਦਾਅਵੇਦਾਰਾਂ ਨੂੰ ਵੀ ਇਸ ਫੇਰੀ ਦੀ ਭਿਣਕ ਨਹੀਂ ਪੈਣ ਦਿੱਤੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਸੱਦਿਆ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਇਧਰੋਂ ਦੀ ਲੰਘਣ ਕਾਰਨ ਇਥੇ ਰੁਕ ਗਏ ਅਤੇ ਜ਼ਿਆਦਾ ਸਮਾਂ ਨਾ ਹੋਣ ਕਾਰਨ ਪਾਰਟੀ ਦੇ ਹੋਰ ਨੇਤਾਵਾਂ ਨੂੰ ਨਹੀਂ ਬੁਲਾਇਆ ਜਾ ਸਕਿਆ ਹੈ। ਸ੍ਰੀ ਮਾਨਸ਼ਾਹੀਆ ਨੇ ਮੰਨਿਆ ਕਿ ਉਨ੍ਹਾਂ ਨੂੰ ਇਸ ਬਾਰੇ ਸੱਦਿਆ ਹੀ ਨਹੀਂ ਗਿਆ। ਇਸੇ ਦੌਰਾਨ ਸੰਸਦ ਮੈਂਬਰ ਨੇ ਕਿਹਾ ਕਿ ਪਾਰਟੀ ਵਿੱਚ ਟਿਕਟਾਂ ਦੀ ਵੰਡ ਬਾਰੇ ਕੋਈ ਵਿਰੋਧ ਨਹੀਂ ਹੈ। ਉਨ੍ਹਾਂ ਮੁੜ ਕਿਹਾ ਕਿ ਜੇਕਰ ਪਾਰਟੀ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਲੜਣ ਲਈ ਆਦੇਸ਼ ਕਰੇਗੀ ਤਾਂ ਉਹ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਹੀ ਚੋਣ ਲੜਨਗੇ। ਉਹ ਇਸ ਇੱਛਾ ਨੂੰ ਪਹਿਲਾਂ ਵੀ ਪਾਰਟੀ ਕੋਲ ਰੱਖ ਚੁੱਕੇ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ 100 ਤੋਂ ਵੱਧ ਸੀਟਾਂ ਜਿੱਤ ਕੇ ਆਪਣੀ ਸਰਕਾਰ ਬਣਾਵੇਗੀ। ਉਨ੍ਹਾਂ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਹਟਾਇਆ ਗਿਆ ਸੀ ਪਾਰਟੀ ਵਿਚੋਂ ਨਹੀਂ ਕੱਢਿਆ ਗਿਆ ਸੀ ਪਰ ਹੁਣ ਉਨ੍ਹਾਂ ਨੇ ਜਦੋਂ ਆਪਣੀ ਨਵੀਂ ਪਾਰਟੀ ਬਣਾ ਲਈ ਤਾਂ ਉਨ੍ਹਾਂ ਨੂੰ ਕੱਢਿਆ ਜਾਣਾ ਜ਼ਰੂਰੀ ਸੀ।



ਮਾਨਸਾ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਭਗਵੰਤ ਮਾਨ ਅਤੇ ਨਾਲ ਬੈਠੇ ਹਨ ਐਡਵੋਕੇਟ ਗੁਰਲਾਭ ਸਿੰਘ ਮਾਹਲ।

'ਆਪ' ਦੇ ਸਟਿੰਗ ਅਪਰੇਸ਼ਨ ਬਾਰੇ ਮਾਨਸਾ ਦੇ 'ਆਪ' ਆਗੂ ਦੇ ਨਾਂ ਦੀ ਚਰਚਾ ਹੋਣ ਸਬੰਧੀ ਉਨ੍ਹਾਂ ਕਿਹਾ ਕਿ ਇਸ ਵਿੱਚ ਕਿਸੇ ਦਾ ਨਾਂ ਸਾਹਮਣੇ ਨਹੀਂ ਆਇਆ।

# ਪਾਕਿਸਤਾਨੀ ਫ਼ੌਜ ਤੇ ਸਰਕਾਰ ਵਿਚਾਲੇ ਮਤਭੇਦਾਂ ਦੀ ਖ਼ਬਰ ਨਸ਼ਰ ਕਰਨ ਵਾਲੇ ਪੱਤਰਕਾਰ 'ਤੇ ਲੱਗੀਆਂ ਬੰਦਸ਼ਾਂ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਤਾਕਤਵਰ ਖ਼ੁਫ਼ੀਆ ਏਜੰਸੀ ਵੱਲੋਂ ਹੱਕਾਨੀ ਨੈੱਟਵਰਕ ਅਤੇ ਲਸ਼ਕਰ-ਏ-ਤੋਇਬਾ ਵਰਗੇ ਦਹਿਸ਼ਤੀ ਗਰੁੱਪਾਂ ਦੀ ਪੁਸ਼ਤਪਨਾਹੀ ਦੇ ਮਾਮਲੇ ਉਤੇ ਮੁਲਕ ਦੀ ਸਿਵਲ ਤੇ ਮਿਲਟਰੀ ਲੀਡਰਸ਼ਿਪ ਵਿਚਕਾਰ ਮਤਭੇਦਾਂ ਬਾਰੇ ਖ਼ਬਰ ਨਸ਼ਰ ਕਰਨ ਵਾਲੇ ਇਕ ਨਾਮੀ ਪਾਕਿਸਤਾਨੀ ਪੱਤਰਕਾਰ ਦੇ ਦੇਸ਼ ਤੋਂ ਬਾਹਰ ਜਾਣ ਉਤੇ ਪਾਬੰਦੀ ਲਾ ਦਿੱਤੀ ਗਈ ਹੈ। ਰੋਜ਼ਨਾਮਾ 'ਡਾਅਨ' ਦੇ ਰਿਪੋਰਟਰ ਤੇ ਕਾਲਮਨਵੀਸ ਸਾਈਰਿਲ ਅਲਮੇਡਾ ਨੇ ਇਹ ਜਾਣਕਾਰੀ ਟਵਿੱਟਰ ਰਾਹੀਂ ਦਿੱਤੀ ਹੈ। ਗ਼ੌਰਤਲਬ ਹੈ ਕਿ ਆਈਐਸਆਈ ਦੀਆਂ ਇਨ੍ਹਾਂ ਕਾਰਵਾਈਆਂ ਕਾਰਨ ਆਲਮੀ ਭਾਈਚਾਰੇ ਵਿੱਚ ਪਾਕਿਸਤਾਨ ਅਲੱਗ-ਥਲੱਗ ਹੋ ਕੇ ਰਹਿ ਗਿਆ ਹੈ। ਸ੍ਰੀ ਅਲਮੇਡਾ ਨੇ ਆਪਣੀ ਟਵੀਟ ਵਿੱਚ ਲਿਖਿਆ ਹੈ, "ਮੈਨੂੰ ਇਹ ਦੱਸਿਆ ਗਿਆ ਹੈ ਅਤੇ ਇਸ ਦੇ ਸਬੂਤ ਦਿਖਾਏ ਗਏ ਹਨ ਕਿ ਮੈਨੂੰ 'ਐਗਜ਼ਿਟ ਕੰਟਰੋਲ ਲਿਸਟ' (ਵਿਦੇਸ਼ ਜਾਣ ਤੋਂ ਰੋਕੂ ਸੂਚੀ) ਵਿੱਚ ਪਾ ਦਿੱਤਾ ਗਿਆ ਹੈ।" ਸ੍ਰੀ ਅਲਮੇਡਾ ਨੇ ਹੋਰ ਲਿਖਿਆ ਹੈ, "ਮੈਂ (ਇਨ੍ਹਾਂ ਹੁਕਮਾਂ ਤੋਂ) ਹੈਰਾਨ-ਪ੍ਰੇਸ਼ਾਨ ਹਾਂ। ਮੇਰਾ ਕਿਤੇ ਜਾਣ ਦਾ ਇਰਾਦਾ ਨਹੀਂ ਹੈ, ਇਹ ਮੇਰਾ ਘਰ ਹੈ। ਪਾਕਿਸਤਾਨ ਮੇਰਾ ਵਤਨ ਹੈ।" ਗ਼ੌਰਤਲਬ ਹੈ ਕਿ ਪਾਕਿਸਤਾਨ ਹਕੂਮਤ ਨੇ ਇਹ ਪਾਬੰਦੀ ਬਾਰੇ ਤਾਂ ਕੁਝ ਨਹੀਂ ਕਿਹਾ ਪਰ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਇਸ ਕਥਿਤ 'ਜਾਅਲੀ' ਖ਼ਬਰ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ 'ਸਖ਼ਤ ਕਾਰਵਾਈ' ਦੇ ਹੁਕਮ ਦਿੱਤੇ ਸਨ।

# ਪੰਜਾਬ ਵਿਚ ਪਾਣੀ ਦਾ ਸੰਕਟ ਹੋਰ ਡੂੰਘਾ ਹੋਣ ਦੇ ਆਸਾਰ

## *ਇਸ ਵਾਰ 28 ਫ਼ੀਸਦੀ ਮੀਂਹ ਘੱਟ ਪਿਆ*

**ਚੰਡੀਗੜ੍ਹ/ਹਮੀਰ ਸਿੰਘ :** ਮੌਸਮ ਮਾਹਰਾਂ ਦੀ ਬਰਸਾਤ ਸਾਧਾਰਨ ਤੋਂ ਵੱਧ ਰਹਿਣ ਦੀ ਭਵਿੱਖਬਾਣੀ ਦੇ ਉਲਟ ਪੰਜਾਬ ਵਿੱਚ ਸਾਧਾਰਨ ਨਾਲੋਂ 28 ਫ਼ੀਸਦ ਬਰਸਾਤ ਘੱਟ ਹੋਈ ਹੈ। ਮੌਨਸੂਨ ਦੇ ਅਗਲੇ ਦੋ ਦਿਨਾਂ ਅੰਦਰ ਵਾਪਸ ਚਲੇ ਜਾਣ ਦੀ ਸੰਭਾਵਨਾ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਅਤੇ ਟਿਊਬਵੈੱਲ ਡੂੰਘੇ ਕਰਨ ਦੀ ਮਜਬੂਰੀ ਕਾਰਨ ਕਰਜ਼ੇ ਦੇ ਮੱਕੜ ਜਾਲ ਵਿੱਚ ਫਸੀ ਕਿਸਾਨੀ ਦਾ ਸੰਕਟ ਹੋਰ ਵੀ ਗੰਭੀਰ ਹੋ ਸਕਦਾ ਹੈ।

ਮੌਸਮ ਵਿਭਾਗ ਅਨੁਸਾਰ ਪੰਜਾਬ ਵਿੱਚ 1 ਜੂਨ ਤੋਂ 30 ਸਤੰਬਰ ਤੱਕ ਦੇ ਮੌਨਸੂਨ ਸੀਜ਼ਨ ਦੌਰਾਨ 491.5 ਮਿਲੀਮੀਟਰ ਬਰਸਾਤ ਹੁੰਦੀ ਤਾਂ ਇਸ ਨੂੰ ਸਾਧਾਰਨ ਮੰਨਿਆ ਜਾਣਾ ਸੀ, ਪਰ ਇਸ ਸਮੇਂ ਦੌਰਾਨ ਮਹਿਜ਼ 351.44 ਐਮਐਮ ਬਰਸਾਤ ਹੀ ਹੋਈ। ਇਸ ਤਰ੍ਹਾਂ ਕਰੀਬ 28 ਫ਼ੀਸਦ ਘੱਟ ਬਰਸਾਤ ਕਰਕੇ ਸੂਬੇ ਅੰਦਰ ਪਾਣੀ ਦਾ ਸੰਕਟ ਹੋਰ ਡੂੰਘਾ ਹੋਣ ਦੇ ਆਸਾਰ ਹਨ। ਮੌਸਮ ਵਿਭਾਗ ਦੇ ਚੰਡੀਗੜ੍ਹ ਦਫ਼ਤਰ ਦੇ ਡਾਇਰੈਕਟਰ ਸੁਰਿੰਦਰ ਕੁਮਾਰ ਅਨੁਸਾਰ ਬਹੁਤ ਸਾਰੇ ਖੇਤਰਾਂ ਵਿਚੋਂ ਮੌਨਸੂਨ ਵਾਪਸ ਚਲੀ ਗਈ ਹੈ ਜਦਕਿ ਪੰਜਾਬ ਵਿਚੋਂ ਇਹ ਅਗਲੇ ਦੋ ਦਿਨਾਂ ਵਿੱਚ ਰੁਖ਼ਸਤ ਹੋ ਜਾਵੇਗੀ।

ਪੰਜ ਪਾਣੀਆਂ ਵਾਲੇ ਪੰਜਾਬ ਦਾ 73 ਫ਼ੀਸਦ ਰਕਬਾ ਲਗਪਗ 14 ਲੱਖ ਟਿਊਬਵੈੱਲਾਂ ਦੀ ਸਿੰਜਾਈ ਉੱਤੇ ਨਿਰਭਰ ਹੈ ਅਤੇ ਕੇਵਲ 27 ਫੀਸਦੀ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਇਸ ਦੇ ਬਾਵਜੂਦ ਸੂਬਾ ਸਰਕਾਰ ਨੇ ਡੇਢ ਲੱਖ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਦਾ ਵੀ ਫ਼ੈਸਲਾ ਕਰ ਲਿਆ ਹੈ। ਫ਼ਸਲੀ ਵਿਭਿੰਨਤਾ ਦਾ ਪ੍ਰੋਗਰਾਮ ਫੇਲ੍ਹ ਹੋਣ ਦਾ ਇਹ ਸਭ ਤੋਂ ਵੱਡਾ ਸਬੂਤ ਹੈ ਕਿ ਝੋਨੇ ਹੇਠ ਰਕਬਾ 28 ਲੱਖ ਹੈਕਟੇਅਰ ਤੋਂ ਵਧ ਕੇ 30 ਲੱਖ ਹੈਕਟੇਅਰ ਦੇ ਕਰੀਬ ਚਲਾ ਗਿਆ ਹੈ। ਪਾਣੀ ਦੀ ਵਧ ਰਹੀ ਖ਼ਪਤ ਕਾਰਨ ਪੰਜਾਬ ਦੇ 138 ਵਿਚੋਂ 110 ਬਲਾਕ ਅਜਿਹੇ ਹਨ ਜਿਥੇ ਜ਼ਮੀਨੀ ਪਾਣੀ ਦੀ ਇੰਨੀ ਜ਼ਿਆਦਾ ਵਰਤੋਂ ਕੀਤੀ ਗਈ ਹੈ ਕਿ ਇੱਥੇ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਹੈ। ਸੂਬੇ ਵਿਚ ਕੇਵਲ 23 ਬਲਾਕ ਹੀ ਸੁਰੱਖਿਅਤ ਹਨ, ਇਨ੍ਹਾਂ ਵਿਚੋਂ ਵੀ ਜ਼ਿਆਦਾ ਸੇਮ ਪ੍ਰਭਾਵਤ ਖੇਤਰਾਂ ਵਿੱਚ ਹਨ, ਜਿੱਥੇ ਹੇਠਲਾ ਪਾਣੀ ਪੀਣ ਅਤੇ ਫ਼ਸਲਾਂ ਨੂੰ ਲਗਾਉਣ ਦੇ ਯੋਗ ਵੀ ਨਹੀਂ ਹੈ। ਕੇਂਦਰੀ ਗਰਾਊਂਡ ਵਾਟਰ ਅਥਾਰਟੀ ਨੇ ਸੂਬੇ ਦੇ 45 ਬਲਾਕਾਂ ਨੂੰ ਵਿਸ਼ੇਸ਼ ਜ਼ੋਨ ਐਲਾਨਿਆ ਹੋਇਆ ਹੈ।

# ਘਾਨਾ ਦੀ ਯੂਨੀਵਰਸਿਟੀ ਵਿਚੋਂ ਹਟਾਇਆ ਜਾਵੇਗਾ ਗਾਂਧੀ ਦਾ ਬੁੱਤ

## *ਸਿਆਹਫਾਮ ਅਫ਼ਰੀਕੀਆਂ ਪ੍ਰਤੀ ਗਾਂਧੀ ਦਾ ਵਿਹਾਰ ਨਸਲੀ ਸੀ :ਆਲੋਚਕ*



**ਘਾਨਾ/ਬਿਊਰੋ ਨਿਊਜ਼ :** ਦੱਖਣੀ ਅਫ਼ਰੀਕਾ ਦੀ ਰਾਜਧਾਨੀ ਘਾਨਾ ਦੀ ਯੂਨੀਵਰਸਿਟੀ ਵਿਚ ਸਥਾਪਤ ਮਹਾਤਮਾ ਗਾਂਧੀ ਦਾ ਬੁੱਤ ਹਟਾਇਆ ਜਾਵੇਗਾ ਕਿਉਂਕਿ ਆਲੋਚਕਾਂ ਦਾ ਕਹਿਣਾ ਹੈ ਕਿ ਸਿਆਹਫਾਮ ਅਫ਼ਰੀਕੀਆਂ ਪ੍ਰਤੀ ਗਾਂਧੀ ਦਾ ਵਿਹਾਰ ਨਸਲੀ ਸੀ। ਇਸ ਬੁੱਤ ਦੀ ਘੁੰਡ ਚੁਕਾਈ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਹਾਲੇ ਜੂਨ ਵਿਚ ਹੀ ਕੀਤੀ ਸੀ। ਇਹ ਬੁੱਤ ਦੋਹਾਂ ਮੁਲਕਾਂ ਵਿਚਾਲੇ ਦੋਸਤੀ ਦੇ ਪ੍ਰਤੀਕ ਵਜੋਂ ਸਥਾਪਤ ਕੀਤਾ ਗਿਆ ਸੀ। ਪਰ ਘਾਨਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਵਲੋਂ ਇਸ ਬੁੱਤ ਨੂੰ 'ਮੂੰਹ 'ਤੇ ਚਪੇੜ ਵਾਂਗ' ਕਰਾਰ ਦਿੱਤਾ ਗਿਆ ਕਿਉਂਕਿ ਗਾਂਧੀ ਦਾ ਵਿਹਾਰ ਨਸਲੀ ਪੱਖਪਾਤ ਵਾਲਾ ਸੀ। ਉਨ੍ਹਾਂ ਨੇ ਇਸ ਬੁੱਤ ਨੂੰ ਇਥੋਂ ਹਟਾਉਣ ਲਈ ਆਨ ਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਹੋਈ ਹੈ। ਪਟੀਸ਼ਨ, ਜਿਸ ਵਿਚ 1700 ਤੋਂ ਵੱਧ ਸਮਰਥਕਾਂ ਦੇ ਹਸਤਾਖ਼ਰ ਹਨ, ਨੇ ਗਾਂਧੀ ਵਲੋਂ ਦੱਖਣੀ ਅਫਰੀਕਾ ਵਿਚ ਆਪਣੇ ਠਹਿਰਾਅ ਦੌਰਾਨ ਲਿਖੇ ਗਏ ਪੱਤਰਾਂ ਦਾ ਹਵਾਲਾ ਦਿੱਤਾ ਹੈ ਅਤੇ ਇਨ੍ਹਾਂ ਨੂੰ ਸਬੂਤ ਵਜੋਂ ਪੇਸ਼ ਕੀਤਾ ਹੈ ਕਿ ਸਿਆਹਫਾਮ ਅਫਰੀਕੀਆਂ ਦੇ ਮੁਕਾਬਲੇ ਭਾਰਤੀਆਂ ਨੂੰ ਬਿਹਤਰ ਮੰਨਦੇ ਸਨ।

ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਗਾਂਧੀ ਨੇ ਇਨ੍ਹਾਂ ਲੋਕਾਂ ਲਈ ਕਾਫ਼ਰ ਸ਼ਬਦ ਵਰਤ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਵਿਰੋਧ ਕਰ ਰਹੇ ਲੋਕਾਂ ਨੂੰ ਇਸ ਗੱਲ 'ਤੇ ਇਤਰਾਜ਼ ਹੈ ਕਿ ਯੂਨੀਵਰਸਿਟੀ ਕੈਂਪਸ ਵਿਚ ਅਫਰੀਕੀ ਨਾਇਕ ਤੇ ਨਾਇਕਾਵਾਂ ਦੇ ਬੁੱਤ ਬਹੁਤ ਘੱਟ ਲਗਾਏ ਗਏ ਹਨ। ਸੋਸ਼ਲ ਮੀਡੀਆ 'ਤੇ ਪਟੀਸ਼ਨ ਅਤੇ ਵਿਰੋਧ ਹੋਣ ਕਾਰਨ ਘਾਨਾ ਸਰਕਾਰ ਵਿਵਾਦਾਂ ਤੋਂ ਬਚਣ ਲਈ ਇਥੋਂ ਗਾਂਧੀ ਦਾ ਬੁੱਤ ਹਟਾਉਣਾ ਚਾਹੁੰਦੀ ਹੈ। ਗਾਂਧੀ ਨੂੰ ਭਾਵੇਂ ਅਹਿੰਸਾਵਾਦੀ ਵਜੋਂ ਜਾਣਿਆ ਜਾਂਦਾ ਹੈ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਵਿਚ ਅਹਿਮ ਭੂਮਿਕਾ ਨਿਭਾਈ ਪਰ ਪਿਛਲੇ ਵਰ੍ਹੇ ਪ੍ਰਕਾਸ਼ਤ ਹੋਈ ਉਨ੍ਹਾਂ ਦੀ ਜੀਵਨਾ ਵਿਚ ਉਨ੍ਹਾਂ ਦੇ ਅਫਰੀਕਾ ਵਿਚ ਉਸ ਵੇਲੇ ਦੇ ਮਾੜੇ ਪੱਖ ਨੂੰ ਵੀ ਦਰਸਾਇਆ ਗਿਆ ਹੈ।

# ਹੈਤੀ ਵਿਚ ਮੈਥਯੂ ਚੱਕਰਵਾਤ ਨੇ ਲਈਆਂ 300 ਤੋਂ ਵੱਧ ਜਾਨਾਂ

**ਹੈਤੀ/ਬਿਊਰੋ ਨਿਊਜ਼ :** ਹੈਤੀ ਵਿਚ ਆਏ ਮੈਥਯੂ ਚੱਕਰਵਾਤ ਕਾਰਨ ਮਰਨ ਵਾਲਿਆਂ ਦੀ ਸੰਖਿਆ 300 ਤੋਂ ਵੱਧ ਹੋ ਗਈ ਹੈ। ਮੈਥਯੂ ਚੱਕਰਵਾਤ ਨੇ ਦੋ ਦਿਨ ਪਹਿਲਾਂ ਕੈਰੇਬਿਆਈ ਦੇਸ਼ ਵਿਚ ਹੈਤੀ 'ਚ ਕਹਿਰ ਢਾਇਆ ਸੀ, ਜਿੱਥੇ ਸੜਕ ਅਤੇ ਸੰਚਾਰ ਸੰਪਰਕ ਟੁੱਟ ਗਿਆ ਹੈ। ਇਸ ਤੂਫ਼ਾਨ ਨੇ ਫਲੋਰੀਡਾ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਦੇ ਦੱਖਣ-ਪੂਰਬੀ ਤੱਟ ਤੋਂ ਵੀਰਵਾਰ ਨੂੰ ਕਰੀਬ 30 ਲੱਖ ਲੋਕਾਂ ਨੂੰ ਤੁਰੰਤ ਹਟਾ ਲਿਆ ਗਿਆ। ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ ਚੱਕਰਵਾਤ ਅਮਰੀਕਾ ਵਿਚ ਕੇਨ ਕੈਨਾਵੇਰਲ ਨੇੜੇ ਪਹੁੰਚ ਜਾਵੇਗਾ, ਜਿੱਥੇ ਨਾਸਾ ਦਾ ਕੈਨੇਡੀ ਪੁਲਾੜ ਕੇਂਦਰ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਫਲੋਰੀਡਾ ਲਈ



ਐਮਰਜੈਂਸੀ ਐਲਾਨ ਦਿੱਤੀ ਹੈ। ਤੂਫ਼ਾਨ ਤੋਂ ਬਚਣ ਲਈ ਅੰਦਰ ਵੱਲ ਜਾ ਰਹੇ ਲੋਕਾਂ ਕਾਰਨ ਰਾਜ ਮਾਰਗ ਜਾਮ ਹੋ ਚੁੱਕੇ ਹਨ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਚੌਥੇ ਦਰਜੇ ਦਾ ਚੱਕਰਵਾਤ ਹੋਰ ਜ਼ਿਆਦਾ ਵਿਨਾਸ਼ਕਾਰੀ ਤੇ ਖ਼ਤਰਨਾਕ ਸਿੱਧ ਹੋ ਸਕਦਾ ਹੈ। ਤੱਟਾਂ ਤੋਂ ਦੋ ਮੰਜ਼ਿਲਾਂ ਤਕ ਉਚਾਈ ਵਾਲੀਆਂ ਲਹਿਰਾਂ ਉਠ ਰਹੀਆਂ ਹਨ, ਹਵਾਵਾਂ ਏਨੀਆਂ ਤੇਜ਼ ਹਨ ਕਿ ਉਨ੍ਹਾਂ ਕਾਰਨ ਦਰਖ਼ਤ ਤੇ ਘਰਾਂ ਦੀਆਂ ਛੱਤਾਂ ਜਾਂ ਪੂਰੇ ਦੇ ਪੂਰੇ ਘਰ ਜ਼ਮੀਨ ਤੋਂ ਉਖੜ ਗਏ ਹਨ।

ਫਲੋਰੀਡਾ ਦੇ ਗਵਰਨਰ ਰਿਕ ਸਕਾਟ ਨੇ ਮੈਥਯੂ ਤੂਫ਼ਾਨ ਦੇ ਅਸਰ ਵਿਚ ਆਉਣ ਵਾਲੇ ਸੂਬਿਆਂ ਦੇ 15 ਲੱਖ ਲੋਕਾਂ ਨੂੰ ਇਸ ਤੂਫ਼ਾਨ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਸ ਤੂਫ਼ਾਨ ਨਾਲ ਹੋਣ ਵਾਲੇ ਸੰਭਾਵੀ ਨੁਕਸਾਨ ਨੂੰ ਲੈ ਕੇ ਖ਼ਦਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਬਹੁਤ ਗੰਭੀਰ ਹੈ। ਇਹ ਤੂਫ਼ਾਨ ਤੁਹਾਨੂੰ ਮਾਰ ਦਏਗਾ। ਵਕਤ ਖ਼ਤਮ ਹੁੰਦਾ ਜਾ ਰਿਹਾ ਹੈ।

# ਨੈਸ਼ਨਲ ਚੈਨਲਾਂ ਵਾਸਤੇ ਇਸ਼ਤਿਹਾਰਾਂ ਲਈ ਫਰਿਜ਼ਨੋ ਵਿਚ ਫੰਡ ਰੇਜ਼ਰ ਪ੍ਰੋਗਰਾਮ 23 ਅਕਤੂਬਰ ਨੂੰ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਅਮਰੀਕਾ ਵਿੱਚ ਸਿੱਖਾਂ ਵਿਰੁੱਧ ਹੋ ਰਹੇ ਨਸਲੀ ਹਮਲਿਆਂ ਨੂੰ ਮੁੱਖ ਰੱਖ ਕੇ, ਸਿੱਖਾਂ ਦੀ ਪਹਿਚਾਣ ਦਰਸਾਉਂਦਾ ਇਸ਼ਤਿਹਾਰ ਰਾਸ਼ਟਰਪਤੀ ਬਰਾਕ ਓਬਾਮਾ ਦੀ ਮੀਡੀਆ ਟੀਮ ਵਲੋਂ ਤਿਆਰ ਕੀਤਾ ਜਾ ਰਿਹਾ ਹੈ। ਇਹ ਇਸ਼ਤਿਹਾਰ ਸੀ.ਐਨ.ਐਨ., ਫੌਕਸ ਨਿਊਜ਼, ਸ਼ੋਸ਼ਲ ਮੀਡੀਆ ਅਤੇ ਅਮਰੀਕਾ ਦੇ ਹੋਰ ਮਸ਼ਹੂਰ ਨਿਊਜ਼ ਚੈਨਲਾਂ 'ਤੇ ਚੱਲੇਗਾ। ਇਸ ਇਸ਼ਤਿਹਾਰ ਨੂੰ ਚਲਾਉਣ ਲਈ ਬਹੁਤ ਵੱਡੀ ਰਕਮ ਦੀ ਜ਼ਰੂਰਤ ਹੈ ਅਤੇ ਨੈਸ਼ਨਲ ਸਿੱਖ ਕੈਂਪੇਨ ਵੱਲੋਂ ਇਸ ਇਸ਼ਤਿਹਾਰ ਲਈ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਫੰਡ ਰੇਜ਼ਰ ਪ੍ਰੋਗਰਾਮ ਉਲੀਕੇ ਗਏ ਹਨ। ਇਸੇ ਕੜੀ ਤਹਿਤ ਫਰਿਜ਼ਨੋ ਸ਼ਹਿਰ ਦੇ ਕਨਵੈਨਸ਼ਨ ਐਂਡ ਇੰਟਰਟੇਨਮੈਂਟ ਸੈਂਟਰ ਦੀ ਦੂਸਰੀ ਮੰਜ਼ਿਲ (848 M Street 2nd Floor Fresno CA 73721) 'ਤੇ 23 ਅਕਤੂਬਰ ਦਿਨ ਐਤਵਾਰ ਸ਼ਾਮੀ ਸਾਢੇ ਪੰਜ ਵਜੇ ਫੰਡ ਰੇਜ਼ਰ ਪ੍ਰੋਗਰਾਮ ਰੱਖਿਆ ਗਿਆ ਹੈ।



ਇਸੇ ਪ੍ਰੋਗਰਾਮ ਨੂੰ ਪ੍ਰਮੋਟ ਕਰਨ ਲਈ ਗੁਰਨੇਕ ਸਿੰਘ ਬਾਗੜੀ ਨੇ ਆਪਣੇ ਸਾਥੀਆਂ ਸਮੇਤ ਲੰਘੇ ਐਤਵਾਰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਬੂਥ ਵੀ ਲਾਇਆ, ਜਿਥੇ ਸਿੱਖਾਂ ਨੇ ਫੰਡ ਵੀ ਦਿੱਤਾ ਅਤੇ ਸੰਗਤ ਨੂੰ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮੌਕੇ ਗੁਰਨੇਕ ਸਿੰਘ ਬਾਗੜੀ, ਰਛਪਾਲ ਸਿੰਘ ਬੈਂਸ, ਸਮਰਵੀਰ ਸਿੰਘ ਵਿਰਕ ਅਤੇ ਸੁਖਦੀਪ ਸਿੰਘ ਸਿੱਧੂ ਨੇ ਫਰਿਜ਼ਨੋ ਏਰੀਏ ਦੇ ਸਮੂਹ ਭਾਈਚਾਰੇ ਨੂੰ 23 ਅਕਤੂਬਰ ਨੂੰ ਹੋਣ ਜਾ ਰਹੇ ਫੰਡ ਰੇਜ਼ਰ ਪ੍ਰੋਗਰਾਮ ਲਈ ਵੱਧ ਚੜ੍ਹ ਕੇ ਹਿੱਸਾ ਪਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਲੋਕਾਂ ਦੇ ਮਨੋਰੰਜਨ ਲਈ ਇੰਡੀਅਨ ਆਈਡਲ ਫੇਮ ਦਵਿੰਦਰ ਪਾਲ ਸਿੰਘ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਵਧੇਰੇ ਜਾਣਕਾਰੀ ਲਈ (559) 916-6953 ਜਾਂ (559) 916-6720 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਆਪ' ਵੱਲੋਂ ਕਰਤਾਰ ਸਿੰਘ ਪਹਿਲਵਾਨ ਨੂੰ ਟਿਕਟ ਦੇਣ ਉੱਤੇ ਖੁਸ਼ੀ ਦਾ ਪ੍ਰਗਟਾਵਾ

**ਸਿਆਟਲ/ਬਿਊਰੋ ਨਿਊਜ਼:** ਵਿਸ਼ਵ ਚੈਂਪੀਅਨ, ਏਸ਼ੀਅਨ ਗੋਲਡ ਮੈਡਲਿਸਟ, ਰੁਸਤਮ-ਏ-ਹਿੰਦ, ਅਰਜਨਾ ਅਵਾਰਡੀ ਅਤੇ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ ਨੂੰ ਤਰਨ ਤਾਰਨ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਐਲਾਨ ਕੀਤੇ ਜਾਣ ਤੋਂ ਬਾਅਦ ਦੇਸ਼ ਵਿਦੇਸ਼ ਦੇ ਖੇਡ ਪ੍ਰੇਮੀਆਂ, ਦੋਸਤਾਂ ਮਿੱਤਰਾਂ ਤੇ ਸਨੇਹੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਖੇਡ ਮੈਦਾਨ ਦੀ ਤਰ੍ਹਾਂ ਸੱਚੀ ਤੇ ਸੁੱਚੀ ਰਾਜਨੀਤੀ ਕਰਕੇ ਕੌਮ ਦੀ ਸੇਵਾ ਕਰਨ ਦੀ ਆਸ ਪ੍ਰਗਟ ਕੀਤੀ।



ਇਸ ਫੈਸਲੇ ਦਾ ਸਵਾਗਤ ਕਰਦਿਆਂ ਕਰਤਾਰ ਸਿੰਘ ਪਹਿਲਵਾਨ ਦੇ ਹਮਾਇਤੀਆਂ ਨੇ ਕਿਹਾ ਕਿ ਅਜ ਲੋੜ ਹੈ, ਪੰਜਾਬ ਵਿਚ ਰਾਜਨੀਤੀ 'ਚ ਬਦਲਾਉ ਲਿਆ ਕੇ ਸੱਚੇ ਤੇ ਇਮਾਨਦਾਰ ਲੋਕਾਂ ਨੂੰ ਜਿੱਤਾ ਕੇ ਲੋਕਾਂ ਨੂੰ ਇਨਸਾਫ਼ ਤੇ ਉਸਾਰੂ ਕੰਮ ਕਰਨੇ ਚਾਹੀਦੇ ਹਨ। ਪ੍ਰਦੇਸ਼ਾਂ ਵਿਚ ਬੈਠੇ ਪੰਜਾਬੀ ਆਪਣੀ ਧਰਤੀ ਮਾਂ ਨਾਲ ਜੁੜੇ ਹੋਏ ਹਨ ਅਤੇ ਹਮੇਸ਼ਾ ਪੰਜਾਬ ਦੀ ਸੁੱਖ ਤੇ ਤਰੱਕੀ ਮੰਗਦੇ ਹਨ।

ਗੁਰਚਰਨ ਸਿੰਘ ਢਿੱਲੋਂ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਪ੍ਰਵਾਸੀ ਖੇਡ ਪ੍ਰੇਮੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦਸਿਆ ਕਿ ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਤੇ ਲੀਡਰਸ਼ਿਪ ਨੇ ਕਰਤਾਰ ਸਿੰਘ ਪਹਿਲਵਾਨ ਵਰਗੇ ਖਿਡਾਰੀ ਤੇ ਇਮਾਨਦਾਰ ਸਾਊ ਇਨਸਾਨ ਨੂੰ ਉਮੀਦਵਾਰ ਬਣਾ ਕੇ ਸ਼ਲਾਘਾ ਯੋਗ ਕੰਮ ਕੀਤਾ ਹੈ।

# 'ਸਹਾਇਤਾ' ਸੰਸਥਾ ਦੇ ਫੰਡ ਰੇਜ਼ਰ ਪ੍ਰੋਗਰਾਮ 'ਚ ਮੁਟਿਆਰਾਂ ਨੇ ਪੇਸ਼ ਕੀਤੀਆਂ ਕੋਰੀਓਗ੍ਰਾਫੀਆਂ

**ਫਰੀਮਾਂਟ/ਬਿਊਰੋ ਨਿਊਜ਼ :** 'ਸਹਾਇਤਾ' ਸੰਸਥਾ ਦਾ 11ਵਾਂ ਫੰਡ ਰੇਜ਼ਰ ਪ੍ਰੋਗਰਾਮ ਇਥੇ ਪਾਰਾਡੀਜ਼ ਬਾਲਰੂਮ ਵਿਖੇ ਹੋਇਆ। ਇਸ ਫੰਡ ਰੇਜ਼ਰ ਪ੍ਰੋਗਰਾਮ ਵਿਚ ਬੇ ਏਰੀਏ ਦੀਆਂ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਹੋਈਆਂ। ਡਾਕਟਰ ਹਰਕੇਸ਼ ਸਿੰਘ ਸੰਧੂ, ਜੋ ਇਸ ਨੌਨ ਪ੍ਰੋਫਿਟ ਸੰਸਥਾ ਦੇ ਮੋਢੀਆਂ ਵਿੱਚੋਂ ਇਕ ਹਨ, ਨੇ ਸੰਸਥਾ ਦੇ 2005 ਤੋਂ ਲੈ ਕਿ ਹੁਣ ਤੱਕ ਦੇ ਸਫਰ 'ਤੇ ਚਾਨਣਾ ਪਾਇਆ। ਉਨ੍ਹਾਂ ਦੀ ਤਕਰੀਰ ਵਿਚ ਪੰਜਾਬ ਲਈ ਦਰਦ ਸਾਫ ਝਲਕਦਾ ਸੀ। ਉਨ੍ਹਾਂ ਨੇ ਆਪਣੇ ਪੰਜਾਬ ਦੌਰੇ ਦੌਰਾਨ ਹੋਏ ਤਜਰਬੇ ਸਾਰਿਆਂ ਨਾਲ ਸਾਂਝੇ ਕੀਤੇ। ਕਰਜ਼ੇ ਨਾਲ ਜੂਝ ਰਹੇ ਕਿਸਾਨਾਂ ਤੇ ਉਨ੍ਹਾਂ ਦੇ ਘਰਾਂ ਦੇ ਹਾਲਾਤ ਬਾਰੇ ਬਾਰੀਕੀ ਨਾਲ ਜਾਣੂ ਕਰਵਾਇਆ। ਡਾਕਟਰ ਸੰਧੂ ਦੀ ਬੇਟੀ ਸਮਰੀਨ ਸੰਧੂ ਨੇ ਵੀ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਪੰਜਾਬ ਵਿੱਚ ਹੋਏ ਆਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਪੰਜਾਬੀ ਮੁਟਿਆਰਾਂ ਨੇ ਖੂਬਸੂਰਤ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ, ਜਿਸ ਨਾਲ ਸਾਰਾ ਮਾਹੌਲ ਸੰਗੀਤਮਈ ਹੋ ਗਿਆ। ਡੀ.ਜੇ. ਨਿਕ ਬੱਚੂ ਨੇ ਹਰ ਤਰ੍ਹਾਂ ਦੇ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕੀਤਾ। ਮਿੱਕੀ ਸਰਾ ਤੇ ਜਸ ਸੰਧੂ ਨੇ ਬੋਲੀਆਂ ਤੇ ਟੱਪਿਆਂ ਨਾਲ ਪੂਰਾ ਪਿੜ ਬੰਨ੍ਹਿਆ। ਸਰੂਪ ਸਿੰਘ ਝੱਜ ਤੇ ਹਰਕੇਸ਼ ਸਿੰਘ ਸੰਧੂ ਨੇ ਪ੍ਰੋਗਰਾਮ ਵਿੱਚ ਸਹਿਯੋਗ



ਦੇਣ ਵਾਲੇ ਹਰ ਦਾਨੀ ਤੇ ਵਲੰਟੀਅਰ ਦਾ ਤਹਿ ਦਿਲੋਂ ਸ਼ੁਕਰੀਆ ਕੀਤਾ ਤੇ ਅੱਗੇ ਤੋਂ ਵੀ ਇਹੋ ਜਿਹੇ ਹੁੰਗਾਰੇ ਦੀ ਆਸ ਰੱਖੀ। ਰਾਜਾ ਸਵੀਟਸ ਦੇ ਮੱਖਣ ਬੈਂਸ ਵੱਲੋਂ ਸ਼ਾਨਦਾਰ ਖਾਣੇ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਖੂਬਸੂਰਤ ਪਲਾਂ ਨੂੰ ਫਾਇਨਾਂਸ ਪਲੈਨਰ ਰਾਜ ਬੜਵਾਲ ਨੇ ਕੈਮਰੇ ਵਿੱਚ ਕੈਦ ਕੀਤਾ।

# ਸਰਹੱਦੀ ਤਣਾਅ ਕਾਰਨ ਦਰਬਾਰ ਸਾਹਿਬ ਵਿਚ ਸ਼ਰਧਾਲੂਆਂ ਦੀ ਆਮਦ ਘਟੀ

**25 ਫ਼ੀਸਦੀ ਘੱਟ ਤਿਆਰ ਹੋ ਰਿਹੈ ਲੰਗਰ**

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸਰਜੀਕਲ ਅਪਰੇਸ਼ਨ ਮਗਰੋਂ ਭਾਰਤ-ਪਾਕਿ ਸਰਹੱਦ 'ਤੇ ਤਣਾਅ ਦੀਆਂ ਖ਼ਬਰਾਂ ਕਾਰਨ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਵਿੱਚ ਭਾਰੀ ਕਮੀ ਆਈ ਹੈ। ਇਸ ਨਾਲ ਹੋਟਲ ਸਨਅਤ ਤੇ ਹੋਰ ਵਪਾਰ ਪ੍ਰਭਾਵਤ ਹੋਇਆ ਹੈ। ਸਰਹੱਦ 'ਤੇ ਲੋਕਾਂ ਨੂੰ ਰਿਟਰੀਟ ਰਸਮ ਤੋਂ ਰੋਕੇ ਜਾਣ ਮਗਰੋਂ ਸਰਹੱਦੀ ਖੇਤਰ ਵਿੱਚ ਵਪਾਰ ਵੀ ਪ੍ਰਭਾਵਤ ਹੋਇਆ ਹੈ।

ਸਰਜੀਕਲ ਅਪਰੇਸ਼ਨ ਤੋਂ ਬਾਅਦ ਪੰਜਾਬ ਦੀ ਸਰਹੱਦ 'ਤੇ ਦਸ ਕਿਲੋਮੀਟਰ ਦੇ ਰਕਬੇ ਵਿੱਚ ਲੋਕਾਂ ਨੂੰ ਘਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਸਰਹੱਦੀ ਖੇਤਰ ਦੇ ਸਕੂਲ ਬੰਦ ਕਰ ਦਿੱਤੇ ਗਏ ਸਨ ਅਤੇ ਸਰਹੱਦੀ ਪਿੰਡਾਂ ਵਿੱਚ ਬਲੈਕ ਆਊਟ ਦੇ ਆਦੇਸ਼ ਦਿੱਤੇ ਗਏ ਸਨ। ਇਸ ਸਬੰਧੀ ਵੱਡੇ ਪੱਧਰ 'ਤੇ ਪ੍ਰਚਾਰ ਹੋਇਆ, ਜਿਸ ਕਾਰਨ ਪੰਜਾਬ ਆਉਣ ਵਾਲੇ ਯਾਤਰੂਆਂ ਨੇ ਆਪਣੇ ਮਨ ਬਦਲ ਲਏ। ਸਿੱਟੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਯਾਤਰੂਆਂ ਦੀ ਗਿਣਤੀ ਘੱਟ ਹੋ ਜਾਣ ਕਾਰਨ ਵਪਾਰ 'ਤੇ ਵੀ ਅਸਰ ਪਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ ਗੁਰਦੁਆਰੇ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਵਿੱਚ ਦਸ ਫੀਸਦੀ ਤੋਂ ਵਧੇਰੇ ਕਮੀ ਆਈ ਹੈ, ਜਦੋਂ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਵੀ ਲਗਭਗ 25 ਫੀਸਦੀ ਲੰਗਰ ਘੱਟ ਤਿਆਰ ਹੋ ਰਿਹਾ ਹੈ। ਆਮ ਦਿਨਾਂ ਵਿੱਚ ਪਹਿਲਾਂ 65 ਤੋਂ 70 ਕੁਇੰਟਲ ਆਟਾ ਪ੍ਰਸ਼ਾਦਾ ਤਿਆਰ ਕਰਨ ਲਈ ਵਰਤਿਆ ਜਾਂਦਾ ਸੀ, ਜੋ ਪਿਛਲੇ ਦਿਨਾਂ ਤੋਂ 50 ਤੋਂ 55 ਕੁਇੰਟਲ ਵਰਤਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਦਰਸ਼ਨੀ ਡਿਉਢੀ ਤੋਂ ਪੁਲ ਅਤੇ ਦਰਸ਼ਨੀ ਡਿਉਢੀ ਤੋਂ ਬਾਹਰ ਅਕਾਲ ਤਖ਼ਤ ਤਕ ਕਤਾਰਾਂ ਲੱਗੀਆਂ ਰਹਿੰਦੀਆਂ ਸਨ ਪਰ ਹੁਣ ਸ਼ਰਧਾਲੂਆਂ ਦੀ ਆਮਦ ਘਟੀ ਹੈ। ਸ੍ਰੀ ਹਰਿਮੰਦਰ ਸਾਹਿਬ ਨੇੜਲੇ ਹੋਟਲਾਂ ਵਿੱਚ ਵੀ ਯਾਤਰੂਆਂ ਦੀ ਆਮਦ ਘਟੀ ਹੈ। ਹੋਟਲ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਆਖਿਆ ਕਿ ਯਾਤਰੂਆਂ ਦੀ ਗਿਣਤੀ ਵਿੱਚ ਲਗਪਗ 50 ਫੀਸਦੀ ਕਮੀ ਆਈ ਹੈ, ਜਿਸ ਦਿਨ ਤੋਂ ਜੰਗ ਲੱਗਣ ਦੀਆਂ ਖ਼ਬਰਾਂ ਸ਼ੁਰੂ ਹੋਈਆਂ, ਯਾਤਰੂਆਂ ਨੇ ਬੁਕਿੰਗ ਰੱਦ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਆਖਿਆ ਕਿ ਇਹ ਮਹੀਨੇ ਤਿਉਹਾਰਾਂ ਦੇ ਹਨ। ਬੰਗਾਲ ਵਿੱਚ ਪੂਜਾ ਦੀਆਂ ਛੁੱਟੀਆਂ ਹਨ ਅਤੇ ਇਨ੍ਹਾਂ ਛੁੱਟੀਆਂ ਦੌਰਾਨ ਬੰਗਾਲੀ ਯਾਤਰੂ ਵੱਡੀ ਗਿਣਤੀ ਵਿੱਚ ਅੰਮ੍ਰਿਤਸਰ ਆਉਂਦੇ ਹਨ। ਦੱਖਣੀ ਭਾਰਤ ਦਾ ਯਾਤਰੂ ਵੀ ਵੱਡੀ ਗਿਣਤੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਆਉਂਦਾ ਸੀ ਪਰ ਹੁਣ ਯਾਤਰੂਆਂ ਦੀ ਗਿਣਤੀ ਅਚਨਚੇਤ ਘਟ ਗਈ ਹੈ। ਪੰਜਾਬੀ ਜੁੱਤੀ ਅਤੇ ਪੰਜਾਬੀ ਸੂਟ ਵੇਚਣ ਵਾਲੇ ਦੁਕਾਨਦਾਰਾਂ ਨੇ ਆਖਿਆ ਕਿ ਯਾਤਰੂਆਂ ਦੀ ਕਮੀ ਕਾਰਨ ਵਪਾਰ 'ਤੇ ਮਾੜਾ ਅਸਰ ਪਿਆ ਹੈ। ਸਿਵਲ ਲਾਈਨ ਇਲਾਕੇ ਦੇ ਹੋਟਲ ਕਲਾਰਕ ਇਨ ਦੇ ਐਮਡੀ ਚਰਨਜੀਤ ਸਿੰਘ ਚੱਢਾ ਨੇ ਆਖਿਆ ਕਿ ਇਸ ਮਾਹੌਲ ਕਾਰਨ ਲਗਪਗ 30 ਫੀਸਦੀ ਯਾਤਰੂਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਬੁਕਿੰਗਜ਼ ਵੀ ਰੱਦ ਕਰਾਈਆਂ ਜਾ ਰਹੀਆਂ ਹਨ।

ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ (ਰਿਟਰੀਟ ਸੈਰੇਮਨੀ) ਵਿੱਚ ਲੋਕਾਂ ਦੀ ਸ਼ਮੂਲੀਅਤ ਰੋਕਣ ਕਾਰਨ ਸਰਹੱਦੀ ਖੇਤਰ ਦਾ ਵਪਾਰ ਪ੍ਰਭਾਵਤ ਹੋਇਆ ਹੈ। ਇਕ ਟੈਕਸੀ ਚਾਲਕ ਗੁਰਮੀਤ ਸਿੰਘ ਨੇ ਆਖਿਆ ਕਿ ਅੰਮ੍ਰਿਤਸਰ ਆਉਣ ਵਾਲੇ ਵਧੇਰੇ ਯਾਤਰੂ ਸ਼ਾਮ ਨੂੰ ਰਿਟਰੀਟ ਸੈਰੇਮਨੀ ਵੇਖਣ ਲਈ ਸਰਹੱਦ 'ਤੇ ਜਾਂਦੇ ਹਨ ਪਰ ਹੁਣ ਕੋਈ ਵੀ ਟੈਕਸੀ ਸਰਹੱਦ ਵੱਲ ਨਹੀਂ ਜਾ ਰਹੀ। ਅਟਾਰੀ ਜਾਂਦਿਆਂ ਰਸਤੇ ਵਿੱਚ ਬਣੇ ਟੌਲ ਪਲਾਜ਼ਾ ਦੇ ਕਰਮਚਾਰੀਆਂ ਨੇ ਖੁਲਾਸਾ ਕੀਤਾ ਕਿ ਤਣਾਅ ਤੋਂ ਪਹਿਲਾਂ ਰੋਜ਼ਾਨਾ ਲਗਪਗ ਹਜ਼ਾਰ ਵਾਹਨ ਇੱਥੋਂ ਲੰਘਦੇ ਸਨ, ਜਦੋਂ ਕਿ ਹੁਣ ਸਿਰਫ਼ 40-50 ਵਾਹਨ ਲੰਘ ਰਹੇ ਹਨ ਅਤੇ ਇਹ ਵੀ ਇਕ ਪਾਸੇ ਜਾਣ ਵਾਲੇ ਵਾਹਨ ਹਨ। ਅਟਾਰੀ ਸਰਹੱਦ 'ਤੇ ਬਣੇ 'ਸਰਹੱਦ' ਰੈਸਤਰਾਂ ਦੇ ਮਾਲਕ ਅਮਨ ਜਸਪਾਲ ਨੇ ਆਖਿਆ ਕਿ ਤਣਾਅ ਕਾਰਨ ਲਗਭਗ 90 ਫੀਸਦੀ ਵਿਕਰੀ ਘਟੀ ਹੈ। ਦੱਸਣਯੋਗ ਹੈ ਕਿ ਤਣਾਅ ਤੋਂ ਪਹਿਲਾਂ ਆਮ ਦਿਨਾਂ ਵਿੱਚ 10 ਤੋਂ 15 ਹਜ਼ਾਰ ਦਰਸ਼ਕ ਇਹ ਰਸਮ ਦੇਖਣ ਲਈ ਰੋਜ਼ਾਨਾ ਅਟਾਰੀ ਪੁੱਜਦੇ ਸਨ, ਜਦੋਂ ਕਿ ਹਫ਼ਤੇ ਦੇ ਆਖਰੀ ਦਿਨਾਂ, ਛੁੱਟੀਆਂ ਅਤੇ ਤਿਉਹਾਰਾਂ ਦੇ ਦਿਨਾਂ ਵਿੱਚ ਦਰਸ਼ਕਾਂ ਦੀ ਗਿਣਤੀ 20 ਤੋਂ 25 ਹਜ਼ਾਰ ਤੱਕ ਪੁੱਜ ਜਾਂਦੀ ਸੀ।



ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰੇ ਵਿੱਚ ਠਹਿਰੇ ਸਰਹੱਦੀ ਲੋਕ ਆਪਣਾ ਸਾਮਾਨ ਲੈ ਕੇ ਘਰਾਂ ਨੂੰ ਪਰਤਦੇ ਹੋਏ।

## ਸਰਹੱਦ 'ਤੇ ਤਣਾਅ ਕਾਇਮ

**ਜੰਮੂ :** ਪਾਕਿਸਤਾਨੀ ਰੇਂਜਰਾਂ ਵੱਲੋਂ ਬੀਤੇ ਹਫ਼ਤੇ ਤੋਂ ਲਗਾਤਾਰ ਕੀਤੀ ਜਾ ਰਹੀ ਗੋਲੀਬੰਦੀ ਦੀ ਉਲੰਘਣਾ ਬਾਅਦ ਬੁੱਧਵਾਰ ਰਾਤ ਤੋਂ ਬੰਦੂਕਾਂ ਸ਼ਾਂਤ ਰਹੀਆਂ ਪਰ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅਪੂਰਨ ਸ਼ਾਂਤੀ ਹੈ। ਜੰਮੂ, ਪੁਣਛ ਅਤੇ ਰਾਜੌਰੀ ਜ਼ਿਲ੍ਹਿਆਂ ਵਿੱਚ ਕੰਟਰੋਲ ਰੇਖਾ ਕੋਲ ਗੋਲੀਬੰਦੀ ਦੀ ਉਲੰਘਣਾ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ। ਰੱਖਿਆ ਬੁਲਾਰੇ ਨੇ ਕਿਹਾ ਕਿ ਭਾਰਤ ਦੀ ਸਖ਼ਤ ਜੁਆਬੀ ਕਾਰਵਾਈ ਬਾਅਦ ਪਾਕਿਸਤਾਨੀ ਬੰਦੂਕਾਂ ਦੇ ਮੂੰਹ ਬੰਦ ਹੋ ਗਏ। ਪਾਕਿਸਤਾਨ ਬੀਤੇ ਦਿਨਾਂ ਵਿੱਚ ਨਿੱਤ ਗੋਲੀਬੰਦੀ ਦੀ ਉਲੰਘਣਾ ਕਰ ਰਿਹਾ ਸੀ।

## ਪਾਕਿ ਵਲੋਂ ਗੋਲੀਬੰਦੀ ਦੀ ਮੁੜ ਉਲੰਘਣਾ

**ਜੰਮੂ :** ਪਾਕਿਸਤਾਨੀ ਫੌਜ ਨੇ ਇਕ ਵਾਰ ਫੇਰ ਗੋਲੀਬੰਦੀ ਦੀ ਉਲੰਘਣਾ ਕੀਤੀ। ਉਸ ਨੇ ਜੰਮੂ ਕਸ਼ਮੀਰ ਦੇ ਪੁਣਛ, ਰਾਜੌਰੀ ਤੇ ਕੁਪਵਾੜਾ ਜ਼ਿਲ੍ਹਿਆਂ ਵਿੱਚ ਭਾਰਤੀ ਫੌਜੀ ਚੌਕੀਆਂ ਤੇ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਭਾਰੀ ਗੋਲਾਬਾਰੀ ਤੇ ਫਾਇਰਿੰਗ ਕੀਤੀ। ਭਾਰਤੀ ਫੌਜ ਨੇ ਵੀ ਇਸ ਦਾ ਜੁਆਬ ਦਿੱਤਾ। ਇਹ ਗੋਲਾਬਾਰੀ ਸ਼ਾਮ ਪੰਜ ਵਜੇ ਤੋਂ ਸ਼ੁਰੂ ਹੋ ਕੇ ਕਾਫੀ ਦੇਰ ਤੱਕ ਜਾਰੀ ਰਹੀ। ਇਸ ਗੋਲਾਬਾਰੀ ਵਿੱਚ ਜਾਨੀ ਤੇ ਮਾਲੀ ਨੁਕਸਾਨ ਦੀ ਖ਼ਬਰ ਨਹੀਂ ਹੈ। ਪਾਕਿਸਤਾਨ ਵੱਲੋਂ ਸਰਜੀਕਲ ਹਮਲਿਆਂ ਬਾਅਦ ਤੋਂ ਰੋਜ਼ਾਨਾ ਹੀ ਗੋਲੀਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ।

## ਲੋਕ ਘਰਾਂ ਨੂੰ ਪਰਤਣੇ ਸ਼ੁਰੂ

**ਅੰਮ੍ਰਿਤਸਰ :** ਸਰਹੱਦ 'ਤੇ ਤਣਾਅ ਵਾਲੇ ਮਾਹੌਲ ਕਾਰਨ ਘਰ-ਬਾਰ ਛੱਡ ਕੇ ਰਾਹਤ ਕੈਂਪਾਂ ਵਿੱਚ ਆਏ ਲੋਕ ਮਾਹੌਲ ਵਿੱਚ ਸੁਧਾਰ ਹੋਣ ਮਗਰੋਂ ਘਰਾਂ ਨੂੰ ਪਰਤਣ ਲੱਗੇ ਹਨ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੂੰ ਰਾਹਤ ਕੈਂਪਾਂ ਦੀ ਕਾਰਗੁਜ਼ਾਰੀ ਸਬੰਧੀ ਭੇਜੀ ਰਿਪੋਰਟ ਤੋਂ ਹੋਇਆ। ਕਮੇਟੀ ਵੱਲੋਂ ਸਰਹੱਦ 'ਤੇ ਤਣਾਅ ਦੌਰਾਨ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਤੇ ਫਾਜ਼ਿਲਕਾ ਵਿੱਚ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿੱਚ ਘਰ-ਬਾਰ ਛੱਡ ਕੇ ਆਏ ਲੋਕਾਂ ਲਈ ਠਹਿਰਾਅ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਵੱਖ ਵੱਖ ਥਾਵਾਂ 'ਤੇ ਮੈਡੀਕਲ ਕੈਂਪ ਵੀ ਲਾਏ ਗਏ ਹਨ। ਇਹ ਕਾਰਵਾਈ ਲਗਭਗ ਇਕ ਹਫ਼ਤੇ ਤੋਂ ਜਾਰੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੂੰ ਰਾਹਤ ਕੈਂਪਾਂ ਦੀ ਕਾਰਗੁਜ਼ਾਰੀ ਸਬੰਧੀ ਰਿਪੋਰਟ ਭੇਜੀ ਗਈ ਹੈ, ਜਿਸ ਵਿੱਚ ਖੁਲਾਸਾ ਹੋਇਆ ਕਿ ਗੁਰਦੁਆਰਿਆਂ ਵਿੱਚ ਸ਼ਰਨ ਲੈਣ ਲਈ ਆਏ ਲੋਕ ਘਰਾਂ ਨੂੰ ਪਰਤਣੇ ਸ਼ੁਰੂ ਹੋ ਗਏ ਹਨ।

ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਨੇ ਦੱਸਿਆ ਕਿ ਪਠਾਨਕੋਟ ਜ਼ਿਲ੍ਹੇ ਦੇ ਗੁਰਦੁਆਰਾ ਬਾਰਠ ਸਾਹਿਬ ਵਿੱਚ ਇਕ ਹਜ਼ਾਰ ਤੋਂ ਵੱਧ ਸਰਹੱਦੀ ਲੋਕਾਂ ਨੇ ਸ਼ਰਨ ਲਈ ਸੀ। ਇਕ ਹਫ਼ਤੇ ਮਗਰੋਂ ਇੱਥੇ ਠਹਿਰੇ ਸਾਰੇ ਲੋਕ ਪਰਤ ਗਏ ਹਨ। ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਸਥਾਪਤ ਕੈਂਪਾਂ ਵਿੱਚੋਂ ਵੀ ਲੋਕ ਘਰਾਂ ਨੂੰ ਪਰਤ ਗਏ ਹਨ। ਲੋਕਾਂ ਦੇ ਪਰਤਣ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਤਿਆਰ ਕਰਨ ਦਾ ਕੰਮ ਵੀ ਘਟ ਗਿਆ ਹੈ। ਹੁਣ ਸਿਰਫ਼ 20 ਫੀਸਦੀ ਲੰਗਰ ਵਰਤਾਇਆ ਜਾ ਰਿਹਾ ਹੈ। ਪਿੰਡਾਂ ਵਿੱਚ ਲੰਗਰ ਭੇਜ ਕੇ ਵਰਤਾਉਣ ਦੇ ਕੰਮ ਵਿੱਚ ਵੀ ਕਮੀ ਆਈ ਹੈ। ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਕਿ ਸਰਹੱਦੀ ਲੋਕ ਆਪਣੀਆਂ ਫਸਲਾਂ ਅਤੇ ਘਰ-ਬਾਰ ਸਾਂਭਣ ਲਈ ਜਲਦੀ ਘਰਾਂ ਨੂੰ ਪਰਤਣਾ ਚਾਹੁੰਦੇ ਸਨ। ਇਸ ਲਈ ਉਹ ਜਲਦੀ ਰਾਹਤ ਕੈਂਪ ਛੱਡ ਗਏ। ਇਹ ਵੀ ਖੁਲਾਸਾ ਕੀਤਾ ਗਿਆ ਕਿ ਸਰਕਾਰ ਵੱਲੋਂ ਰਾਹਤ ਕੈਂਪ ਲਾਏ ਗਏ ਸਨ ਪਰ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਰਾਹਤ ਕਾਰਜਾਂ ਨੂੰ ਤਰਜੀਹ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਭਰੋਸਾ ਦਿੱਤਾ ਕਿ ਕਮੇਟੀ ਵੱਲੋਂ ਰਾਹਤ ਕਾਰਜਾਂ ਵਿੱਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਜੇ ਲੋੜ ਪਈ ਤਾਂ ਰਾਹਤ ਕਾਰਜਾਂ ਨੂੰ ਮੁੜ ਤੇਜ਼ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਸਰਹੱਦੀ ਖੇਤਰਾਂ ਵਿੱਚ ਹੰਗਾਮੀ ਸੇਵਾਵਾਂ ਲਈ ਭੇਜੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਵੀ ਵਾਪਸ ਆਉਣ ਦੇ ਆਦੇਸ਼ ਦਿੱਤੇ।

# ਭਾਰਤ-ਪਾਕਿ ਤਣਾਅ ਕਾਰਨ ਹਜ਼ੂਰ ਸਾਹਿਬ ਵਿਖੇ ਦੁਸਹਿਰੇ ਮੌਕੇ ਸੰਗਤ ਦੀ ਆਮਦ ਘੱਟ ਰਹੀ

**ਨਾਂਦੇੜ (ਹਜ਼ੂਰ ਸਾਹਿਬ)/ਬਿਊਰੋ ਨਿਊਜ਼ :**

ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਦੁਸਹਿਰੇ ਮੌਕੇ ਹੱਲਾ ਮਹੱਲਾ ਸਜਾਇਆ ਗਿਆ। ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਸਵੇਰੇ ਤੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਹੋਇਆ, ਜਿਸ ਮਗਰੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਹੋਇਆ। ਇਸ ਮੌਕੇ ਦੁਸਹਿਰਾ ਹੱਲੇ ਮਹੱਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਜਥੇਦਾਰ ਕੁਲਵੰਤ ਸਿੰਘ ਨੇ ਸੰਗਤਾਂ ਨੂੰ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਉਨ੍ਹਾਂ ਨਾਲ ਮੀਤ ਜਥੇਦਾਰ ਸੰਤ ਬਾਬਾ ਜੋਤਇੰਦਰ ਸਿੰਘ, ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਕਸ਼ਮੀਰ ਸਿੰਘ, ਮੀਤ ਗ੍ਰੰਥੀ ਭਾਈ ਅਵਤਾਰ ਸਿੰਘ ਸ਼ੀਤਲ ਤੇ ਭਾਈ ਰਾਮ ਸਿੰਘ ਵੀ ਮੌਜੂਦ ਸਨ। ਸ਼ਾਮ ਵੇਲੇ ਤਖ਼ਤ ਸਾਹਿਬ ਤੋਂ ਹੱਲਾ ਮਹੱਲਾ ਸ਼ੁਰੂ ਹੋਇਆ, ਜਿਸ ਵਿਚ ਨਿਸ਼ਾਨ ਸਾਹਿਬ, ਗੁਰੂ ਮਹਾਰਾਜ ਜੀ ਦੇ ਘੋੜੇ, ਕੀਰਤਨੀ ਜਥੇ, ਭਜਨ ਮੰਡਲ, ਨਿਹੰਗ ਸਿੰਘਾਂ ਦੇ ਜੱਥੇ ਤੇ ਇਨ੍ਹਾਂ ਜੱਥਿਆਂ ਦੇ ਮੁਖੀ ਵੀ ਸ਼ਾਮਲ ਹੋਏ। ਇਸ ਮੌਕੇ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਗਾਏ ਗਏ। ਜ਼ਿਕਰਯੋਗ ਹੈ ਕਿ ਭਾਰਤ-ਪਾਕਿ ਵਿਚਾਲੇ ਤਣਾਅ ਦੇ ਚੱਲਦਿਆਂ ਨਗਰ ਕੀਰਤਨ ਵਿਚ ਸੰਗਤ ਦੀ ਸ਼ਮੂਲੀਅਤ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਘੱਟ ਰਹੀ, ਜਿਥੇ ਹਰ ਸਾਲ 3 ਲੱਖ ਦੇ ਕਰੀਬ ਸੰਗਤ ਦੁਸਹਿਰਾ ਹੱਲਾ ਮਹੱਲਾ ਮਨਾਉਣ ਵਾਸਤੇ ਪੁੱਜਦੀ ਹੈ, ਉਥੇ ਇਸ ਸਾਲ ਸੰਗਤਾਂ ਦੀ ਗਿਣਤੀ 1 ਲੱਖ ਦੇ ਕਰੀਬ ਹੀ ਸੀ।

# ਭਾਰਤ-ਪਾਕਿ ਸਰਹੱਦ ਦੋ ਸਾਲਾਂ ਵਿਚ ਸੀਲ ਕੀਤੀ ਜਾਵੇਗੀ : ਰਾਜਨਾਥ




**ਜੈਸਲਮੇਰ/ਬਿਊਰੋ ਨਿਊਜ਼ :** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਸਾਲ-2018 ਤੱਕ ਭਾਰਤ-ਪਾਕਿਸਤਾਨ ਸਰਹੱਦ ਸੀਲ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਉਨ੍ਹਾਂ ਨੇ ਨੇਤਾਵਾਂ ਨੂੰ ਕਿਹਾ ਹੈ ਕਿ ਉਹ ਦੋਵਾਂ ਦੇਸ਼ਾਂ ਦੇ ਤਣਾਅ ਦੌਰਾਨ ਕੁੱਝ ਵੀ ਬੋਲਣ ਵੇਲੇ ਜ਼ਾਬਤੇ ਵਿੱਚ ਰਹਿਣ।

ਇਥੇ ਉਨ੍ਹਾਂ ਕਿਹਾ ਕਿ ਦੇਸ਼ ਦਾ ਕਿਸੇ ਤਰ੍ਹਾਂ ਵੀ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਉੜੀ ਹਮਲੇ ਅਤੇ ਉਸ ਤੋਂ ਬਾਅਦ ਭਾਰਤੀ ਫੌਜ ਵੱਲੋਂ ਕੀਤੇ ਗਏ ਸਰਜੀਕਲ ਹਮਲੇ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਦੌਰਾਨ ਇਥੇ ਪੁੱਜਣ 'ਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਰਾਜਸਥਾਨ, ਪੰਜਾਬ, ਜੰਮੂ ਕਸ਼ਮੀਰ ਅਤੇ ਗੁਜਰਾਤ ਵਿੱਚ ਤਾਜ਼ਾ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨ ਬਾਅਦ ਗ੍ਰਹਿ ਮੰਤਰੀ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸਾਲ-2018 ਤੱਕ ਭਾਰਤ ਪਾਕਿਸਤਾਨ ਦੀ ਸਰਹੱਦ ਪੂਰੀ ਤਰ੍ਹਾਂ ਸੀਲ ਕਰ ਦਿੱਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਬਾਰਡਰ ਸਕਿਓਰਿਟੀ ਗਰਿੱਡ ਬਣਾਈ ਜਾਵੇਗੀ ਅਤੇ ਲਗਾਤਰ ਇਸ ਦੀ ਨਿਗਰਾਨੀ ਕੀਤੀ ਜਾਵੇਗੀ। ਸ੍ਰੀ ਰਾਜਨਾਥ ਸਿੰਘ ਨੇ ਮੰਨਿਆ ਕਿ ਪਾਕਿਸਤਾਨ ਨਾਲ ਤਣਾਅ ਵਧਿਆ ਹੈ ਪਰ ਨਾਲ ਹੀ ਸਪਸ਼ਟ ਕੀਤਾ ਕਿ ਦੇਸ਼ ਨੂੰ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਦੇਸ਼ਵਾਸੀਆਂ ਨੂੰ ਫੌਜ ਤੇ ਜਵਾਨਾਂ ਉਪਰ ਪੂਰਾ ਭਰੋਸਾ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫੌਜ ਤੇ ਜਵਾਨਾਂ ਉਪਰ ਪੂਰੀ ਤਰ੍ਹਾਂ ਵਿਸ਼ਵਾਸ ਤੇ ਭਰੋਸਾ ਹੈ, ਜਿਸ ਤਰ੍ਹਾਂ ਨਾਲ ਕਿਸਾਨ ਆਪਣੀ ਫਸਲ ਦੀ ਰਖਵਾਲੀ ਕਰਦਾ ਹੈ ਉਸੇ ਤਰ੍ਹਾਂ ਜਵਾਨ ਸਰਹੱਦ ਦੀ ਰਾਖੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਇਮ ਕੀਤੀ ਜਾਣ ਵਾਲੀ ਬਾਰਡਰ ਸਕਿਓਰਿਟੀ ਗਰਿੱਡ ਦੀ ਹਰ ਪੱਧਰ 'ਤੇ ਨਿਗਰਾਨੀ ਹੋਵੇਗੀ ਅਤੇ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਉਪਰ ਕੰਮ ਕਰਨਾ ਹੋਵੇਗਾ। ਇਸ ਸਬੰਧੀ ਕੇਂਦਰੀ ਗ੍ਰਹਿ ਸਕੱਤਰ ਤੇ ਰਾਜਾਂ ਦੇ ਮੁੱਖ ਸਕੱਤਰਾਂ ਦੀ ਪੰਦਰਾਂ ਦਿਨਾਂ ਵਿੱਚ ਮੀਟਿੰਗ ਹੋਵੇਗੀ। ਮੰਤਰੀ ਨੇ ਦੱਸਿਆ ਕਿ ਸਰਹੱਦ ਸੀਲ ਕਰਨ ਵਿੱਚ ਉੱਚ ਪੱਧਰ ਦੀ ਤਕਨੀਕ ਦੀ ਵਰਤੋਂ ਵੀ ਕੀਤੀ ਜਾਵੇਗੀ। ਰਾਜਾਂ ਦੀ ਮੀਟਿੰਗ ਦੌਰਾਨ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ, ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਗੁਜਰਾਤ ਦੇ ਰਾਜਸਥਾਨ ਦੇ ਗ੍ਰਹਿ ਮੰਤਰੀ ਅਤੇ ਜੰਮੂ ਕਸ਼ਮੀਰ ਦੇ ਮੁੱਖ ਸਕੱਤਰ ਬ੍ਰਿਜ ਰਾਜ ਸ਼ਰਮਾ ਹਾਜ਼ਰ ਸਨ। ਸਰਹੱਦ 'ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਬਾਰੇ ਇਸ ਮੀਟਿੰਗ ਵਿੱਚ ਬੀਐਸਐਫ ਦੇ ਅਧਿਕਾਰੀ ਵੀ ਸਨ।

ਇਸ ਦੌਰਾਨ ਗ੍ਰਹਿ ਮੰਤਰੀ ਨੇ ਨੇਤਾਵਾਂ ਨੂੰ ਕਿਹਾ ਕਿ ਉਹ ਭਾਰਤ-ਪਾਕਿਸਤਾਨ ਵਿਚਾਲੇ ਵਧੇ ਤਣਾਅ ਦੇ ਮੱਦੇਨਜ਼ਰ ਆਪਣੀ ਬਿਆਨਬਾਜ਼ੀ ਵੇਲੇ ਜ਼ਾਬਤੇ ਤੋਂ ਕੰਮ ਲੈਣ। ਉਨ੍ਹਾਂ ਰਾਹੁਲ ਗਾਂਧੀ ਵੱਲੋਂ ਜਵਾਨਾਂ ਦੀ ਸ਼ਹਾਦਤ ਬਾਰੇ ਕੀਤੀ ਵਿਵਾਦਪੂਰਨ ਟਿੱਪਣੀ ਸਬੰਧੀ ਕੋਈ ਸਿੱਧਾ ਜੁਆਬ ਦੇਣ ਦੀ ਥਾਂ ਇਹ ਕਿਹਾ ਕਿ ਹਰ ਵਰਗ ਦੇ ਨੇਤਾ ਬੋਲਣ ਵੇਲੇ ਜ਼ਾਬਤੇ ਵਿੱਚ ਰਹਿਣ ਤੇ ਦੇਸ਼ ਨੂੰ ਜਵਾਨਾਂ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ ਤੇ ਉਨ੍ਹਾਂ 'ਤੇ ਭਰੋਸਾ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ।

## ਜਨਾਬ ਮੋਦੀ ....ਖੇਤਾਂ 'ਚ ਟੈਂਕ ਚਲਾ ਕੇ ਗ਼ਰੀਬੀ ਖ਼ਤਮ ਨਹੀਂ ਹੁੰਦੀ : ਨਵਾਜ਼ ਸ਼ਰੀਫ਼

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਦਿਆਂ ਕਿਹਾ ਕਿ 'ਖੇਤਾਂ ਵਿੱਚ ਟੈਂਕ ਚਲਾ ਕੇ' ਗਰੀਬੀ ਖ਼ਤਮ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਇਕ ਵਾਰ ਫਿਰ ਹਿਜ਼ਬੁਲ ਮੁਜਾਹਿਦੀਨ ਦੇ ਅਤਿਵਾਦੀ ਬੁਰਹਾਨ ਵਾਨੀ ਨੂੰ 'ਕਸ਼ਮੀਰ ਦਾ ਪੁੱਤ' ਕਹਿ ਕੇ ਭਾਰਤ ਨੂੰ ਮਿਹਣਾ ਮਾਰਨ ਦਾ ਯਤਨ ਕੀਤਾ। ਸ੍ਰੀ ਮੋਦੀ ਨੇ ਪਿਛਲੇ ਮਹੀਨੇ ਭਾਸ਼ਣ ਦਿੰਦਿਆਂ ਪਾਕਿਸਤਾਨ ਨੂੰ ਗਰੀਬੀ ਤੇ ਹੋਰ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨ ਦੀ ਚੁਣੌਤੀ ਦਿੱਤੀ ਸੀ। ਉਸ ਦੇ ਜਵਾਬ ਵਿੱਚ ਸ੍ਰੀ ਸ਼ਰੀਫ਼ ਨੇ ਕਿਹਾ, 'ਜੇ ਉਹ ਚਾਹੁੰਦੇ ਹਨ ਕਿ ਅਸੀਂ ਉਨ੍ਹਾਂ ਨਾਲ ਗਰੀਬੀ ਖਤਮ ਕਰਨ ਦਾ ਮੁਕਾਬਲਾ ਕਰੀਏ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖੇਤਾਂ ਵਿੱਚ ਟੈਂਕ ਚਲਾ ਕੇ ਗਰੀਬੀ ਖਤਮ ਨਹੀਂ ਕੀਤੀ ਜਾ ਸਕਦੀ। ਸੰਸਦ ਦੇ ਵਿਸ਼ੇਸ਼ ਸਾਂਝੇ ਸੈਸ਼ਨ ਵਿੱਚ ਉਨ੍ਹਾਂ ਕਿਹਾ ਕਿ ਭਾਰਤ ਗੱਲਬਾਤ ਤੋਂ ਭੱਜ ਰਿਹਾ ਹੈ ਤੇ ਜੰਗ ਵਾਲਾ ਮਾਹੌਲ ਬਣਾ ਰਿਹਾ ਹੈ।



## ਮੋਦੀ ਜੀ ! ਸਾਡੇ ਜਵਾਨਾਂ ਨੇ ਖ਼ੂਨ ਦਿੱਤਾ, ਤੁਸੀਂ ਉਨ੍ਹਾਂ ਦੀ ਕਰ ਰਹੇ ਹੋ ਦਲਾਲੀ : ਰਾਹੁਲ ਗਾਂਧੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਕਿਸਾਨ ਯਾਤਰਾ ਖ਼ਤਮ ਹੋਣ ਮਗਰੋਂ ਦਿੱਲੀ ਪਹੁੰਚਦੇ ਹੀ ਸੁਰ ਬਦਲ ਗਈ। ਦਿੱਲੀ ਵਿਚ ਪਹੁੰਚਦਿਆਂ ਹੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਾਰ ਕੀਤਾ। ਉਨ੍ਹਾਂ ਕਿਹਾ, "ਜਿਨ੍ਹਾਂ ਨੇ ਹਿੰਦੁਸਤਾਨ ਲਈ ਸਰਜੀਕਲ ਸਟਰਾਈਕ ਕੀਤਾ ਹੈ, ਉਨ੍ਹਾਂ ਦੇ ਖ਼ੂਨ ਪਿਛੇ ਤੁਸੀਂ ਲੁਕੇ ਹੋਏ ਹੋ। ਉਨ੍ਹਾਂ ਦੀ ਤੁਸੀਂ ਦਲਾਲੀ ਕਰ ਰਹੇ ਹੋ। ਇਹ ਬਿਲਕੁਲ ਗਲਤ ਹੈ। ਹਿੰਦੁਸਤਾਨ ਦੀ ਫ਼ੌਜ ਨੇ ਹਿੰਦੁਸਤਾਨ ਦਾ ਕੰਮ ਕੀਤਾ ਹੈ। ਤੁਸੀਂ ਆਪਣਾ ਕੰਮ ਕਰੋ।" ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਰਾਹੁਲ ਨੇ ਸਰਜੀਕਲ ਸਟਰਾਈਕ 'ਤੇ ਮੋਦੀ ਦੀ ਤਾਰੀਫ਼ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੋਦੀ ਨੇ ਢਾਈ ਸਾਲ ਵਿਚ ਪਹਿਲੀ ਵਾਰ ਪ੍ਰਧਾਨ ਮੰਤਰੀ ਵਰਗਾ ਕੰਮ ਕੀਤਾ ਹੈ। ਉਧਰ ਮੋਦੀ ਖ਼ਿਲਾਫ਼ ਦਲਾਲੀ ਸਬੰਧੀ ਟਿੱਪਣੀ ਕਰਨ ਲਈ ਰਾਹੁਲ 'ਤੇ ਪਲਟ ਵਾਰ ਕਰਦਿਆਂ ਭਾਜਪਾ ਨੇ ਕਿਹਾ ਕਿ ਉਨ੍ਹਾਂ ਦੀਆਂ ਟਿੱਪਣੀਆਂ ਭਾਰਤੀ ਸਿਆਸਤ ਵਿਚ ਬੇਹੱਦ ਹੇਠਲੇ ਪੱਧਰ ਦੀਆਂ ਹਨ ਤੇ ਉਹ ਨਿਰਾਸ਼ਾ ਵਿਚ ਬੋਲ ਰਹੇ ਹਨ ਕਿਉਂਕਿ ਫ਼ੌਜ ਨੂੰ ਮਿੱਥੇ ਹਮਲੇ ਕਰਨ ਦੀ ਆਗਿਆ ਦੇਣ ਮਗਰੋਂ ਪ੍ਰਧਾਨ ਮੰਤਰੀ ਦੀ ਵਿਆਪਕ ਸ਼ਲਾਘਾ ਹੋ ਰਹੀ ਹੈ। ਭਾਜਪਾ ਦੇ ਜਨਰਲ ਸਕੱਤਰ ਸ਼੍ਰੀਕਾਂਤ ਸ਼ਰਮਾ ਨੇ ਕਿਹਾ ਕਿ ਇਹ ਬੇਹੱਦ ਸ਼ਰਮਨਾਕ ਹੈ। ਅਜਿਹੀਆਂ ਟਿੱਪਣੀਆਂ ਉਨ੍ਹਾਂ ਦੀ ਮਾਨਸਿਕ ਦੀਵਾਲੀਏਪਣ ਨੂੰ ਜ਼ਾਹਰ ਕਰਦੀਆਂ ਹਨ। ਇਸੇ ਦੌਰਾਨ ਰਾਹੁਲ ਨੇ ਕਿਹਾ, 'ਤੁਸੀਂ ਸਾਰਿਆਂ ਨੂੰ ਬੈਂਕ ਖਾਤਿਆਂ ਦਾ ਵਾਅਦਾ ਕੀਤਾ ਸੀ, ਪਰ ਉਨ੍ਹਾਂ ਖਾਤਿਆਂ ਵਿਚ ਪੈਸੇ ਨਹੀਂ ਹਨ, ਤੁਹਾਡੇ ਸਾਰੇ ਵਾਅਦੇ ਝੂਠੇ ਸਨ। ਇਹ ਦੇਸ਼ ਮੋਦੀ ਜੀ ਤੋਂ ਇਨਸਾਫ਼ ਚਾਹੁੰਦਾ ਹੈ ਤੇ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ, ਕਿੱਥੇ ਹਨ 15 ਲੱਖ ਤੇ ਉਹ ਸਾਰੇ ਵਾਅਦੇ।' ਰਾਹੁਲ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਗ਼ਰੀਬਾਂ, ਬੇਰੁਜ਼ਗਾਰਾਂ ਅਤੇ ਫ਼ੌਜ ਨਾਲ ਨਿਆਂ ਕਰਨਾ ਚਾਹੀਦਾ ਹੈ। ਮੋਦੀ ਜੀ ਦੇਸ਼ ਦੀ ਜਨਤਾ ਇਨਸਾਫ਼ ਚਾਹੁੰਦੀ ਹੈ। ਮੋਦੀ ਨੂੰ ਕੰਮ ਕਰਨਾ ਚਾਹੀਦਾ ਸੀ, ਉਹ ਨਹੀਂ ਕਰ ਰਹੇ। ਉਨ੍ਹਾਂ ਨੇ ਮੇਕ ਇਨ ਇੰਡੀਆ, ਸਟਾਰਟ ਅਪ, ਹਿੰਦੁਸਤਾਨ ਵਿਚ ਸਵੱਛਤਾ ਅਭਿਆਨ, ਦੋ ਕਰੋੜ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਵਰਗੇ ਵਾਅਦੇ ਕੀਤੇ ਸਨ। ਪਰ ਇਨ੍ਹਾਂ ਵਿਚੋਂ ਕੋਈ ਵੀ ਕੰਮ ਮੋਦੀ ਸਰਕਾਰ ਨੇ ਨਹੀਂ ਕੀਤਾ।



### ਨਰਿੰਦਰ ਮੋਦੀ ਨੇ ਆਪਣੇ ਮੰਤਰੀਆਂ ਨੂੰ ਕਿਹਾ

# ਜ਼ਾਬਤੇ 'ਚ ਰਹੋ ਸਰਜੀਕਲ ਹਮਲਿਆਂ ਬਾਰੇ ਸੰਜਮ ਨਾਲ ਟਿੱਪਣੀ ਕਰੋ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਸਰਜੀਕਲ ਹਮਲੇ ਬਾਰੇ ਜਾਰੀ ਬਹਿਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਕੰਟਰੋਲ ਰੇਖਾ ਪਾਰ ਅਤਿਵਾਦੀ ਕੈਂਪਾਂ 'ਤੇ ਫੌਜੀ ਕਾਰਵਾਈ ਬਾਰੇ ਬਹੁਤਾ ਉਤਸ਼ਾਹ ਦਿਖਾਉਣ ਪ੍ਰਤੀ ਸੁਚੇਤ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀਆਂ ਨੂੰ ਜ਼ਬਤ ਵਿਚ ਰਹਿਣ ਦੀ ਸਖ਼ਤ ਤਾਕੀਦ ਕੀਤੀ ਹੈ। ਇਸ ਦੌਰਾਨ ਸੰਸਦ ਦੀ ਰੱਖਿਆ ਮਾਮਲਿਆਂ ਬਾਰੇ ਸਥਾਈ ਕਮੇਟੀ ਦੀ ਭਲਕੇ ਹੋਣ ਵਾਲੀ ਮੀਟਿੰਗ ਹੁਣ 14 ਅਕਤੂਬਰ ਨੂੰ ਹੋਵੇਗੀ। ਸੂਤਰਾਂ ਮੁਤਾਬਕ ਕੈਬਨਿਟ ਦੀ ਬੈਠਕ ਦੌਰਾਨ ਸ੍ਰੀ ਮੋਦੀ ਨੇ ਆਪਣੇ ਮੰਤਰੀਆਂ ਨੂੰ ਕਿਹਾ ਹੈ ਕਿ ਸਰਜੀਕਲ ਹਮਲਿਆਂ ਬਾਰੇ ਸਿਰਫ਼ ਅਧਿਕਾਰਤ ਵਿਅਕਤੀ ਹੀ ਬੋਲੇ ਤੇ ਇਸ ਮਾਮਲੇ ਦੇ ਸੰਦਰਭ ਤੋਂ ਹੱਟ ਕੇ ਬੋਲਣ 'ਤੇ ਗੁਰੇਜ਼ ਕੀਤਾ ਜਾਵੇ। ਪਾਕਿਸਤਾਨ ਦੀ ਕੂੜ ਪ੍ਰਚਾਰ ਮੁਹਿੰਮ ਨੂੰ ਠੱਲ੍ਹ ਪਾਉਣ ਲਈ ਸਰਜੀਕਲ ਹਮਲਿਆਂ ਦੇ ਸਬੂਤ ਪੇਸ਼ ਕਰਨ ਦੀ ਉੱਠ ਰਹੀ ਮੰਗ ਦੇ ਸੰਦਰਭ ਵਿਚ ਪ੍ਰਧਾਨ ਮੰਤਰੀ ਨੇ ਮੰਤਰੀਆਂ ਨੂੰ ਸੁਚੇਤ ਕੀਤਾ ਹੈ। ਇਸ ਮਾਮਲੇ 'ਤੇ ਬਹਿਸ ਸ਼ੁਰੂ ਹੋ ਗਈ ਹੈ ਕਿ ਸਰਜੀਕਲ ਹਮਲੇ ਬਾਰੇ ਸਬੂਤ ਪੇਸ਼ ਕੀਤੇ ਜਾਣੇ ਚਾਹੀਦੇ ਹਨ ਜਾਂ ਨਹੀਂ। ਭਾਜਪਾ ਤੇ ਮਾਹਿਰ ਇਸ ਦਾ ਵੇਰਵਾ ਦੇਣ ਦੇ ਖ਼ਿਲਾਫ਼ ਹਨ।



**ਸਰਜੀਕਲ ਹਮਲਿਆਂ ਦੀ ਵੀਡੀਓ ਸਰਕਾਰ ਨੂੰ ਸੌਂਪੀ :** ਨਵੀਂ ਦਿੱਲੀ : ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅਤਿਵਾਦੀ ਟਿਕਾਣਿਆਂ 'ਤੇ ਫ਼ੌਜੀ ਕਾਰਵਾਈ ਦੇ ਸਬੂਤ ਜਨਤਕ ਕੀਤੇ ਜਾਣ ਦੀ ਮੰਗ ਦੌਰਾਨ ਕੇਂਦਰੀ ਗ੍ਰਹਿ ਰਾਜ ਮੰਤਰੀ ਹੰਸਰਾਜ ਅਹੀਰ ਨੇ ਕਿਹਾ ਹੈ ਕਿ ਥਲ ਸੈਨਾ ਨੇ ਤੈਅ ਪ੍ਰਕਿਰਿਆ ਮੁਤਾਬਕ ਕੰਟਰੋਲ ਰੇਖਾ ਪਾਰ ਅਤਿਵਾਦੀ ਕੈਂਪਾਂ 'ਤੇ ਕੀਤੇ ਹਮਲਿਆਂ ਦੀਆਂ ਵੀਡੀਓ ਕਲਿੱਪਾਂ ਸਰਕਾਰ ਨੂੰ ਸੌਂਪ ਦਿੱਤੀਆਂ ਹਨ। ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁੱਦਿਆਂ ਦੀ ਇਕ ਤੈਅ ਪ੍ਰਕਿਰਿਆ ਹੁੰਦੀ ਹੈ, ਜਿਸ ਦੀ ਪਾਲਣਾ ਫੌਜ ਤੇ ਸਰਕਾਰ ਕਰਦੇ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਵੱਖਰੀ ਜਗ੍ਹਾ ਕਿਹਾ ਕਿ ਸਾਰਿਆਂ ਨੂੰ ਸਰਕਾਰ 'ਤੇ ਭਰੋਸਾ ਹੋਣਾ ਚਾਹੀਦਾ ਹੈ ਤੇ ਫੌਜ ਨੂੰ ਆਪਣੇ ਹਿਸਾਬ ਨਾਲ ਫੈਸਲੇ ਲੈਣ ਦੇਣੇ ਚਾਹੀਦੇ ਹਨ। ਦੋਵਾਂ ਮੰਤਰੀਆਂ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਸਰਕਾਰ ਤੋਂ ਮਕਬੂਜ਼ਾ ਕਸ਼ਮੀਰ ਵਿੱਚ ਅਤਿਵਾਦੀ ਟਿਕਾਣਿਆਂ 'ਤੇ ਫੌਜ ਦੇ ਹਾਲ ਹੀ ਦੇ ਹਮਲਿਆਂ ਦੀ ਫੁਟੇਜ ਜਾਰੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਕਾਂਗਰਸ ਦੇ ਨੇਤਾ ਸੰਜੇ ਨਿਰੂਪਮ ਨੇ ਫੌਜ ਦੀ ਕਾਰਵਾਈ ਨੂੰ ਫਰਜ਼ੀ ਕਰਾਰ ਦਿੱਤਾ ਸੀ ਤੇ ਭਾਜਪਾ ਨੇ ਇਸ ਦੀ ਆਲੋਚਨਾ ਕੀਤੀ ਸੀ, ਜਦਕਿ ਕਾਂਗਰਸ ਨੇ ਇਸ ਬਿਆਨ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਵੀਡੀਓ ਫੁਟੇਜ ਜਾਰੀ ਕਰਨ ਬਾਰੇ ਸਰਕਾਰ ਹਾਲੇ ਵਿਚਾਰ ਕਰ ਰਹੀ ਹੈ ਤੇ ਉਸ ਦੇ ਨੇਤਾ ਸੁਬਰਾਮਨੀਅਨ ਸਵਾਮੀ ਨੇ ਕਾਰਵਾਈ ਦੀ ਵੀਡੀਓ ਦੇ ਕੁੱਝ ਹਿੱਸੇ ਨੂੰ ਜਨਤਕ ਕਰਨ ਦੀ ਵਕਾਲਤ ਕੀਤੀ ਹੈ। ਉਂਜ ਉਨ੍ਹਾਂ ਕਿਹਾ ਕਿ ਇਸ ਅਪਰੇਸ਼ਨ 'ਤੇ ਸਵਾਲ ਖੜ੍ਹੇ ਕਰਨ ਵਾਲਿਆਂ ਨੂੰ ਆਪਣੇ ਦਾਅਵੇ ਦੇ ਸਮਰਥਨ ਵਿੱਚ ਸਬੂਤ ਪੇਸ਼ ਕਰਨੇ ਚਾਹੀਦੇ ਹਨ।

## ਸਰਜੀਕਲ ਸਟਰਾਈਕ ਲਈ ਰੱਖਿਆ ਮੰਤਰੀ ਨੇ ਕੀਤੀ ਮੋਦੀ ਦੀ ਤਾਰੀਫ਼

**ਮੁੰਬਈ/ਬਿਊਰੋ ਨਿਊਜ਼ :** ਇਕ ਪਾਸੇ ਸਰਕਾਰ 'ਤੇ ਇਹ ਦੋਸ਼ ਲੱਗ ਰਹੇ ਹਨ ਕਿ ਉਹ ਬਿਨਾਂ ਵਜ੍ਹਾ ਕੰਟਰੋਲ ਰੇਖਾ 'ਤੇ ਹੋਏ ਸਰਜੀਕਲ ਸਟਰਾਈਕ ਦਾ ਸਿਹਰਾ ਆਪਣੇ ਸਿਰ ਬੰਨ੍ਹ ਰਹੀ ਹੈ, ਉਥੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਕਿਹਾ ਹੈ ਕਿ ਇਸ ਦਾ ਸਭ ਤੋਂ ਜ਼ਿਆਦਾ ਮਾਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਣਾ ਚਾਹੀਦਾ ਹੈ। ਪਾਰੀਕਰ ਨੇ ਆਪਣੀ ਭੂਮਿਕਾ ਦੀ ਗੱਲ ਕਰਦਿਆਂ ਕਿਹਾ, "ਮੈਨੂੰ ਤਾਂ ਫ਼ੈਸਲਾ ਲੈਣ ਦੀ ਕਾਬਲੀਅਤ ਅਤੇ ਯੋਜਨਾ ਲਈ ਹੀ ਵਧਾਈ ਦਿੱਤੀ ਜਾ ਸਕਦੀ ਹੈ।" ਜ਼ਿਕਰਯੋਗ ਹੈ ਕਿ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਸਮੇਤ ਵਿਰੋਧੀ ਧਿਰ ਦੇ ਕਈ ਆਗੂਆਂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕਈ ਸੀਨੀਅਰ ਮੰਤਰੀ 29 ਸਤੰਬਰ ਨੂੰ ਹੋਈ ਫ਼ੌਜੀ ਕਾਰਵਾਈ ਵਿਚ ਸਰਕਾਰ ਦੀ ਭੂਮਿਕਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹਨ। ਹਾਲਾਂਕਿ ਮੋਦੀ ਨੇ ਆਪਣੇ ਮੰਤਰੀਆਂ ਨੂੰ ਇਸ ਮਾਮਲੇ ਵਿਚ ਸਾਵਧਾਨੀ ਵਰਤਣ ਅਤੇ ਸਰਜੀਕਲ ਸਟਰਾਈਕ ਲਈ ਖ਼ੁਦ ਦੀ ਪਿੱਠ ਥਾਪੜਨ ਤੋਂ ਬਚਣ ਲਈ ਕਿਹਾ ਸੀ। ਮੰਗਲਵਾਰ ਨੂੰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਮੋਦੀ ਨੇ ਸਿੱਧ ਕਰ ਦਿੱਤਾ ਹੈ ਕਿ ਭਾਰਤ ਕਮਜ਼ੋਰ ਦੇਸ਼ ਨਹੀਂ ਹੈ। ਉਧਰ ਭਾਜਪਾ ਮੁਖੀ ਅਮਿਤ ਸ਼ਾਹ ਦਾ ਬਿਆਨ ਸੀ ਕਿ ਫ਼ੌਜ ਦੀ ਹਿੰਮਤ ਦੀ ਦਾਦ ਦੇਣੀ ਹੋਵੇਗੀ ਪਰ ਮੋਦੀ ਦੀ ਸਿਆਸੀ ਇੱਛਾ ਸ਼ਕਤੀ ਦਾ ਉਸ ਸਟਰਾਈਕ ਦੀ ਸਫਲਤਾ ਪਿਛੇ ਬਹੁਤ ਵੱਡਾ ਹੱਥ ਹੈ ਜੋ ਕਿ ਸੌ ਫ਼ੀਸਦੀ ਢੁਕਵਾਂ ਸਿੱਧ ਹੋਇਆ। ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਜਦੋਂ ਉਹ ਸੱਤਾ ਵਿਚ ਸੀ ਤਾਂ ਵੀ ਸਰਹੱਦ ਪਾਰ ਛਾਪੇ ਮਾਰੇ ਗਏ ਤਾਂ ਪਾਰਟੀ ਨੇ ਇਸ ਫ਼ੌਜੀ ਕਾਰਵਾਈ ਨੂੰ ਜਨਤਕ ਇਸ ਲਈ ਨਹੀਂ ਕੀਤਾ ਕਿਉਂਕਿ ਉਦੋਂ ਦੀ ਸਰਕਾਰ ਨਹੀਂ ਚਾਹੁੰਦੀ ਸੀ ਕਿ ਪਾਕਿਸਤਾਨ ਨਾਲ ਮਤਭੇਦ ਵਧਣ। ਨਾਲ ਹੀ ਫ਼ੌਜ ਨੂੰ ਵੀ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਆਪਰੇਸ਼ਨ ਕਰਨ ਲਈ ਜ਼ਰੂਰੀ ਗੁਪਤਤਾ ਮਿਲ ਸਕੇ। ਉਧਰ ਪਾਕਿਸਤਾਨ ਨੇ ਕਿਸੇ ਵੀ ਤਰ੍ਹਾਂ ਦੀ ਸਰਜੀਕਲ ਸਟਰਾਈਕ ਦੇ ਹੋਣ ਦੇ ਦਾਅਵੇ ਨੂੰ ਨਕਾਰਿਆ ਹੈ। ਅਰਵਿੰਦ ਕੇਜਰੀਵਾਲ ਸਮੇਤ ਵਿਰੋਧੀ ਧਿਰ ਵਿਚ ਬੈਠੀਆਂ ਪਾਰਟੀਆਂ ਨੇ ਸਰਕਾਰ ਨੂੰ ਸਰਜੀਕਲ ਸਟਰਾਈਕ ਦੇ ਸਬੂਤ ਪੇਸ਼ ਕਰਨ ਲਈ ਕਿਹਾ ਹੈ ਤਾਂ ਕਿ ਪਾਕਿਸਤਾਨ ਦੇ ਝੂਠ ਨੂੰ ਸਾਹਮਣੇ ਲਿਆਂਦਾ ਜਾ ਸਕੇ। ਹਾਲਾਂਕਿ ਕਈ ਮੰਤਰੀਆਂ ਨੇ ਸਬੂਤ ਦੀ ਇਸ ਮੰਗ ਨੂੰ ਪਾਕਿਸਤਾਨ ਦੇ ਸੁਰ ਵਿਚ ਸੁਰ ਮਿਲਾਉਣ ਵਰਗਾ ਦੱਸਿਆ ਹੈ।

## ਜੰਮੂ ਦੇ ਪੰਪੋਰ ਵਿਚ ਅੱਤਵਾਦੀਆਂ ਨਾਲ ਮੁਠਭੇੜ ਖ਼ਤਮ

**ਪੰਪੋਰ/ਬਿਊਰੋ ਨਿਊਜ਼ :** ਜੰਮੂ ਅਤੇ ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ ਨੇੜੇ ਪੰਪੋਰ ਵਿਚ ਇਕ ਸਰਕਾਰੀ ਇਮਾਰਤ ਵਿਚ ਦਾਖ਼ਲ ਅੱਤਵਾਦੀਆਂ ਨਾਲ ਲਗਾਤਾਰ ਕਈ ਘੰਟਿਆਂ ਤੋਂ ਮੁਠਭੇੜ ਖ਼ਤਮ ਹੋ ਗਈ ਹੈ। ਇਸ ਮੁਕਾਬਲੇ ਵਿਚ ਦੋ ਅੱਤਵਾਦੀ ਮਾਰੇ ਜਾ ਚੁੱਕੇ ਹਨ ਅਤੇ ਸੁਰੱਖਿਆ ਬਲਾਂ ਨੇ ਸੱਤ ਮੰਜ਼ਿਲਾ ਇਮਾਰਤ ਵਿਚ ਪ੍ਰਵੇਸ਼ ਕਰ ਲਿਆ ਹੈ।

ਇਹ ਜਾਣਕਾਰੀ ਫ਼ੌਜ ਨੇ ਦਿੱਤੀ ਹੈ। ਮੁਠਭੇੜ ਦੌਰਾਨ ਇਕ ਅੱਤਵਾਦੀ ਮੰਗਲਵਾਰ ਨੂੰ ਮਾਰਿਆ ਗਿਆ ਸੀ, ਜਦਕਿ ਇਕ ਨੂੰ ਬੁੱਧਵਾਰ ਨੂੰ ਢੇਰ ਕੀਤਾ ਗਿਆ। ਸੁਰੱਖਿਆ ਬਲ ਹੁਣ ਇਮਾਰਤ ਵਿਚ ਮੌਜੂਦ ਤੀਸਰੇ ਸੰਭਾਵੀ ਅੱਤਵਾਦੀ ਦੀ ਖੋਜ ਕਰ ਰਹੇ ਹਨ। ਕਸ਼ਮੀਰੀ ਨੌਜਵਾਨਾਂ ਨੂੰ ਵੋਕੇਸ਼ਨਲ ਟਰੇਨਿੰਗ ਦੇਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਇਸ ਇਮਾਰਤ ਵਿਚ ਲੁਕਾ ਕੇ ਬੈਠੇ ਅੱਤਵਾਦੀਆਂ ਨੂੰ ਬਾਹਰ ਕੱਢਣ ਜਾਂ ਮਾਰਨ ਦੀ ਕੋਸ਼ਿਸ਼ ਵਿਚ ਸੁਰੱਖਿਆ ਬਲਾਂ ਨੇ ਹੁਣ ਤਕ 50 ਤੋਂ ਜ਼ਿਆਦਾ ਰਾਕੇਟ, ਮਸ਼ੀਨਗਨਾਂ ਅਤੇ ਹੋਰ ਧਮਾਕਾਖੇਜ਼ ਸਮੱਗਰੀ ਦਾ ਇਸਤੇਮਾਲ ਕੀਤਾ ਹੈ। ਸੋਮਵਾਰ ਨੂੰ ਸ਼ੁਰੂਆਤੀ ਗੋਲੀਬਾਰੀ ਵਿਚ ਫ਼ੌਜ ਦਾ ਇਕ ਜਵਾਨ ਜ਼ਖ਼ਮੀ ਹੋ ਗਿਆ ਸੀ। ਉਦੋਂ ਤੋਂ ਹੀ ਫ਼ੌਜ ਨੇ 9 ਪੈਰਾ ਯੂਨਿਟ ਦੀ ਵਿਸ਼ੇਸ਼ ਫੋਰਸ ਨੂੰ ਵੀ ਆਪਰੇਸ਼ਨ ਲਈ ਤੈਨਾਤ ਕਰ ਦਿੱਤਾ ਹੈ। ਇਸ ਯੂਨਿਟ ਦੇ ਕਮਾਂਡੋ ਨੇ ਹੀ ਪਿਛਲੇ ਮਹੀਨੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਸਰਜੀਕਲ ਸਟਰਾਈਕ ਕੀਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮੁਠਭੇੜ ਏਨੇ ਲੰਬੇ ਸਮੇਂ ਤਕ ਇਸ ਲਈ ਖਿੱਚੀ ਗਈ ਹੈ ਕਿਉਂਕਿ ਇਸ ਇਮਾਰਤ ਵਿਚ ਅੱਤਵਾਦੀਆਂ ਨੂੰ ਲੁਕਣ ਲਈ 'ਬੰਕਰ' ਵਰਗੀ ਸੁਰੱਖਿਆ ਮਿਲ ਰਹੀ ਹੈ।

## ਡੀ ਐਫ਼ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਖੇਡ ਮੇਲਾ 22 ਅਕਤੂਬਰ ਸ਼ਨਿਚਰਵਾਰ ਨੂੰ

**ਡੈਲਸ ਟੈਕਸਸ/ਹਰਜੀਤ ਸਿੰਘ ਢੇਸੀ:** ਸਥਾਨਕ ਡੀ ਐਫ਼ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਸਾਲਾਨਾ ਖੇਡ ਮੇਲਾ 22 ਅਕਤੂਬਰ ਦਿਨ ਸ਼ਨਿਚਰਵਾਰ 2016 ਨੂੰ ਸਿੱਖ ਟੈਂਪਲ ਆਫ ਨੌਰਥ ਟੈਕਸਸ (506 GATEWOOD RD.GARLAND, TX 75043) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਸਵੇਰੇ 10:00 ਵਜੇ ਸ਼ੁਰੂ ਹੋ ਕੇ ਤੋਂ ਸ਼ਾਮੀ ਦੇਰ ਤੱਕ ਚੱਲੇਗਾ। ਮੇਲੇ ਦੀਆਂ ਤਿਆਰੀਆਂ ਬੜੇ ਜੋਰਾਂ ਉੱਤੇ ਭਾਰੀ ਉਤਸ਼ਾਹ ਨਾਲ ਚੱਲ ਰਹੀਆਂ ਹਨ। ਪਿਛਲੇ ਦਿਨੀਂ ਇਕ ਮੀਟਿੰਗ ਦੌਰਾਨ ਮੇਲੇ ਦੀਆਂ ਤਿਆਰੀਆਂ ਦੀ ਰੂਪ ਰੇਖਾ ਉਲੀਕੀ ਗਈ। ਪ੍ਰਬੰਧਕਾਂ ਨੇ ਦਸਿਆ ਕਿ ਇਸ ਮੇਲੇ ਵਿਚ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਖੇਡ ਮੇਲੇ ਵਿਚ ਪ੍ਰਮੁੱਖ ਮੁਕਾਬਲੇ ਕਬੱਡੀ ਅਤੇ ਵਾਲੀਵਾਲ ਦੀਆਂ ਟੀਮਾਂ ਦੇ ਹੋਣਗੇ ਇਸ ਤੋਂ ਇਲਾਵਾ ਦੌੜਾਂ, ਗੋਲਾ ਸੁੱਟਣਾ ਮਿਊਜ਼ੀਕਲ ਚੇਅਰ TUG of WAR ਹੋਣਗੀਆਂ. ਇਸ ਵਿਚ ਬੱਚਿਆਂ ਦੇ ਮਨੋਰੰਜਨ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਸਭ ਲਈ ਖਾਣਾ ਕੰਪਲੀਮੈਂਟਰੀ ਹੋਵੇਗਾ ਜਿਸ ਵਿਚ ਜਲੇਬੀਆਂ, ਪਾਣੀ ਪੂਰੀ, ਸੌਫਟ ਡਿਰਿੰਕਸ ਹੋਣਗੇ। ਡੀ ਐਫ਼ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਦੀ ਪੂਰੀ ਟੀਮ ਵੱਲੋਂ ਆਪ ਸਭ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਕੇ ਇਸ ਦੀ ਰੌਣਕਾਂ ਨੂੰ ਵਧਾਉਣ।



ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਜਾ ਨਸ਼ਾ ਕਰਕੇ ਆਉਣਾ ਸਖ਼ਤ ਮਨ੍ਹਾ ਹੈ। ਹੋਰ ਜਾਣਕਾਰੀ ਲਈ ਇਨ੍ਹਾਂ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। 972-800-4040,469-222-4038,903-744-2131, 832-955-5555,469-463-1816,972-951-0005

# ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਰਹੀਆਂ ਸਿੱਖ ਜਥੇਬੰਦੀਆਂ, ਜਿਨ੍ਹਾਂ ਵਿੱਚ ਪੰਥਕ ਤਾਲਮੇਲ ਸੰਗਠਨ ਅਤੇ ਅਕਾਲ ਪੁਰਖ ਕੀ ਫੌਜ ਵੀ ਸ਼ਾਮਲ ਹਨ, ਵੱਲੋਂ ਇੱਥੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੰਮ੍ਰਿਤਸਰ ਦੇ ਬਾਨੀ ਤੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ 17 ਅਕਤੂਬਰ ਨੂੰ ਹੈ। ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਇਥੇ ਸਿੱਖ ਜਥੇਬੰਦੀਆਂ ਵੱਲੋਂ ਸਵੇਰੇ ਪ੍ਰਭਾਤ ਫੇਰੀ ਕੱਢੀ ਗਈ। ਇਹ ਪ੍ਰਭਾਤ ਫੇਰੀ ਰੂਪ ਨਗਰ ਤੋਂ ਆਰੰਭ ਹੋ ਕੇ ਕਟੜਾ ਕਰਮ ਸਿੰਘ, ਨਮਕ ਮੰਡੀ, ਦਾਲ ਮੰਡੀ, ਛੌਂਕੀ ਖੂਹੀ ਚੌਕ ਵਿਚੋਂ ਹੁੰਦੀ ਹੋਈ ਸ੍ਰੀ ਹਰਿਮੰਦਰ ਸਾਹਿਬ ਪੁੱਜੀ। ਪ੍ਰਭਾਤ ਫੇਰੀ ਦੀ ਅਗਵਾਈ ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਕਰ ਰਹੇ ਸਨ। ਪ੍ਰਭਾਤ ਫੇਰੀ ਵਿੱਚ ਵੱਡੀ ਗਿਣਤੀ ਵਿੱਚ ਸਕੂਲੀ ਬੱਚੇ, ਬੈਂਡ ਪਾਰਟੀਆਂ, ਗਤਕਾ ਪਾਰਟੀਆਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਸਮੇਤ ਸ਼ਬਦੀ ਜਥੇ ਸ਼ਾਮਲ ਹੋਏ। ਪ੍ਰਭਾਤ ਫੇਰੀ ਦੇ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਾਏ ਗਏ ਸਨ। ਸਮਾਗਮ ਬਾਰੇ ਜਸਵਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਸਿੱਖ ਜਥੇਬੰਦੀਆਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ ਮਨਾਇਆ ਗਿਆ। ਰਾਤ ਨੂੰ ਰਣਜੀਤ ਐਵੀਨਿਊ ਵਿਖੇ ਕੀਰਤਨ ਦਰਬਾਰ ਕੀਤਾ ਗਿਆ। ਸੰਗਤ ਵੱਲੋਂ ਘਰਾਂ ਵਿੱਚ ਦੀਪਮਾਲਾ ਕੀਤੀ ਗਈ ਉਨ੍ਹਾਂ ਆਖਿਆ ਕਿ ਸੰਗਤ ਨੇ ਸੋਧੇ ਹੋਏ ਕੈਲੰਡਰ ਨੂੰ ਰੱਦ ਕੀਤਾ ਹੈ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਹੈ। ਜਥੇਬੰਦੀ ਆਗੂ ਕੁਲਜੀਤ ਸਿੰਘ ਨੇ ਆਖਿਆ ਕਿ ਕੀਰਤਨ ਸਮਾਗਮ ਵਿਚ ਕਈ ਰਾਗੀ ਜਥਿਆਂ ਨੇ ਕੀਰਤਨ ਕੀਤਾ ਅਤੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ।



## ਸ੍ਰੀ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਤਹਿਤ ਸ਼ਹਿਰ ਨੂੰ ਮਿਲੇਗੀ ਵਿਰਾਸਤੀ ਦਿੱਖ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਉਣ ਵਾਲੇ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਣ ਵਾਲੇ ਯਾਤਰੂਆਂ ਨੂੰ ਇਸ ਇਲਾਕੇ ਵਿਚ ਨਵੀਂ ਦਿਖ ਦੇਖਣ ਨੂੰ ਮਿਲੇਗੀ। ਇਥੇ ਚੱਲ ਰਹੀ ਸ੍ਰੀ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਹੇਠ ਇਸ ਇਲਾਕੇ ਨੂੰ ਇਕ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਟਾਊਨ ਹਾਲ ਦੀ ਇਮਾਰਤ ਨੇੜਿਉਂ ਹੀ ਇਸ ਯੋਜਨਾ ਹੇਠ ਚਲ ਰਹੇ ਕੰਮ ਦਾ ਪ੍ਰਭਾਵ ਦਿਖਾਈ ਦੇਣ ਲੱਗ ਪੈਂਦਾ ਹੈ। ਸੁੰਦਰੀਕਰਨ ਯੋਜਨਾ ਹੇਠ ਸ੍ਰੀ ਹਰਿਮੰਦਰ ਸਾਹਿਬ



ਨੂੰ ਆਉਂਦੇ ਹਾਲ ਬਾਜ਼ਾਰ ਵਾਲੇ ਮੁੱਖ ਰਸਤੇ ਨੂੰ ਵਿਰਾਸਤੀ ਦਿੱਖ ਦਿੱਤੀ ਜਾ ਰਹੀ ਹੈ। ਪਹਿਲੇ ਪੜਾਅ ਵਿਚ ਟਾਊਨ ਹਾਲ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਦੇ ਰਸਤੇ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ ਜਦੋਂਕਿ ਦੂਜੇ ਪੜਾਅ ਵਿਚ ਟਾਊਨ ਹਾਲ ਤੋਂ ਹਾਲ ਗੇਟ ਤਕ ਦੇ ਰਸਤੇ ਦਾ ਸੁੰਦਰੀਕਰਨ ਹੋਵੇਗਾ। ਇਸ ਯੋਜਨਾ ਹੇਠ ਰਸਤੇ ਵਿਚ ਆਉਂਦੀਆਂ ਦੋਵੇਂ ਪਾਸੇ ਦੀਆਂ ਦੁਕਾਨਾਂ ਨੂੰ ਪੁਰਾਤਨ ਤੇ ਵਿਰਾਸਤੀ ਦਿੱਖ ਦਿੱਤੀ ਗਈ ਹੈ। ਕੁਝ ਥਾਵਾਂ 'ਤੇ ਨਾਨਕਸ਼ਾਹੀ ਇੱਟਾਂ ਦੀ ਉਸਾਰੀ ਦਿਖਾਈ ਗਈ ਹੈ। ਦੁਕਾਨਾਂ ਦੇ ਬਾਹਰ ਇਕੋ ਰੰਗ ਕੀਤਾ ਗਿਆ ਹੈ ਅਤੇ ਇਕੋ ਆਕਾਰ ਦੇ ਬੋਰਡ ਲਾਏ ਗਏ ਹਨ। ਬੋਰਡਾਂ ਉਪਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਦੁਕਾਨਾਂ ਦੇ ਨਾਂ ਲਿਖੇ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਨੇੜੇ ਦੁਕਾਨਾਂ ਅਤੇ ਘਰਾਂ ਦੇ ਬਾਹਰ ਟੀਨ ਦੇ ਛੱਜੇ ਬਣਾਏ ਗਏ ਹਨ, ਜੋ ਇਸ ਇਲਾਕੇ ਨੂੰ ਪੁਰਾਤਨ ਦਿੱਖ ਮੁਹੱਈਆ ਕਰਦੇ ਹਨ। ਟਾਊਨ ਹਾਲ ਦੀ ਇਮਾਰਤ ਨੂੰ ਵੀ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਇਥੇ ਭਾਰਤ-ਪਾਕਿ ਵੰਡ ਨਾਲ ਸਬੰਧਤ ਅਜਾਇਬ ਘਰ ਬਣਾਇਆ ਜਾ ਰਿਹਾ ਹੈ। ਪਹਿਲਾਂ ਇਥੇ ਨਗਰ ਨਿਗਮ ਦਾ ਦਫਤਰ ਸੀ, ਜਿਸ ਨੂੰ ਇਥੋਂ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਆਲੇ ਦੁਆਲੇ ਦੀ ਚਾਰ ਦੀਵਾਰੀ ਨੂੰ ਤੋੜ ਕੇ ਲੋਹੇ ਦੀ ਗਰਿੱਲ ਲਾਈ ਗਈ ਹੈ। ਸਾਰਾਗੜ੍ਹੀ ਗੁਰਦੁਆਰੇ ਨੇੜਿਉਂ ਬੁਤ ਮਲਕਾਂ ਚੌਕ ਨੂੰ ਵੀ ਨਵੀਂ ਦਿੱਖ ਦਿੱਤੀ ਗਈ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦਾ ਇਕ ਵੱਡਾ ਬੁੱਤ ਸਥਾਪਤ ਕੀਤਾ ਗਿਆ ਹੈ, ਜਿਸ ਦੇ ਦੁਆਲੇ ਫੁਹਾਰੇ ਹੋਣਗੇ। ਧਰਮ ਸਿੰਘ ਮਾਰਕੀਟ ਦੀ ਬਾਹਰੀ ਦਿੱਖ ਨੂੰ ਪੁਰਾਤਨ ਸਰੂਪ ਦਿੱਤਾ ਗਿਆ ਹੈ। ਇਤਿਹਾਸਕ ਜਲਿਆਂਵਾਲਾ ਬਾਗ ਦੇ ਬਾਹਰ ਵੀ ਇਕ ਬੁੱਤ ਸਥਾਪਤ ਕੀਤਾ ਗਿਆ ਹੈ, ਜਿਸ ਰਾਹੀਂ ਅੰਗਰੇਜ਼ ਹਾਕਮ ਵਲੋਂ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਇਸ ਸਾਰੇ ਰਸਤੇ ਵਿਚ ਵਧੀਆ ਪੱਥਰ ਲਾਇਆ ਗਿਆ ਹੈ ਅਤੇ ਆਉਂਦੇ ਦਿਨਾਂ ਵਿਚ ਇਸ ਨੂੰ ਪੈਦਲ ਰਸਤਾ ਬਣਾ ਦਿੱਤਾ ਜਾਵੇਗਾ।

## ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ 'ਬਰੇਲ ਲਿਪੀਅੰਤਰਣ' ਰਿਲੀਜ਼

**ਪਟਿਆਲਾ/ਬਿਊਰੋ ਨਿਊਜ਼ :**
ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਇੱਥੇ ਗੁਰਮਤਿ ਸੰਗੀਤ ਭਵਨ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ 'ਬਰੇਲ ਲਿਪੀਅੰਤਰਣ' ਰਿਲੀਜ਼ ਕੀਤਾ ਗਿਆ। ਇਹ ਕਾਰਜ ਭਾਈ ਗੁਰਮੇਜ ਸਿੰਘ, ਸਾਬਕਾ ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵੱਲੋਂ ਕੀਤਾ ਗਿਆ ਹੈ।
ਇਸ ਮੌਕੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਇਸ ਨੂੰ ਅਲੌਕਿਕ ਅਤੇ ਸ਼ਾਨਦਾਰ ਕਾਰਜ ਦੱਸਿਆ, ਜੋ ਰੱਬੀ ਮਿਹਰ ਸਦਕਾ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਗੁਰੂ ਗ੍ਰੰਥ ਸਾਹਿਬ ਪੜ੍ਹਨ ਵਿੱਚ ਸਹੂਲਤ ਮਿਲੇਗੀ। ਭਾਈ ਗੁਰਮੇਜ ਸਿੰਘ ਦੇ ਇਸ ਕਾਰਜ ਤੋਂ ਬਿਨਾਂ ਸਿੱਖ ਇਤਿਹਾਸ ਦਾ ਭਵਿੱਖ ਅਧੂਰਾ ਅਤੇ ਦਿਸ਼ਾਹੀਣ ਹੋਣਾ ਸੀ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਗੁਰਮਤਿ ਸੰਗੀਤ ਅਤੇ ਗੁਰਮਤਿ ਸੰਗੀਤ ਚੇਅਰ ਦੇ ਮੁਖੀ ਡਾ. ਗੁਰਨਾਮ ਸਿੰਘ ਨੂੰ ਸਿੱਖ ਰੂਹਾਨੀ ਸੰਗੀਤ ਦਾ ਵੱਖ ਵੱਖ ਮਾਧਿਅਮਾਂ ਰਾਹੀਂ ਵਿਕਾਸ ਕਰਨ 'ਤੇ ਵਧਾਈ ਦਿੱਤੀ। ਇਸ ਤੋਂ ਪਹਿਲਾਂ ਡਾ. ਗੁਰਨਾਮ ਸਿੰਘ



ਨੇ ਸਵਾਗਤੀ ਭਾਸ਼ਣ ਦਿੰਦਿਆਂ ਇਸ ਕਾਰਜ ਨੂੰ ਸਿੱਖ ਪ੍ਰੰਪਰਾ ਅਤੇ ਸਭਿਆਚਾਰ ਦੇ ਪ੍ਰਸੰਗ ਵਿੱਚ ਵੱਡੀ ਪ੍ਰਾਪਤੀ ਦੱਸਿਆ। ਇਹ ਸਿੱਖ ਇਤਿਹਾਸ ਵਿੱਚ ਨਿਵੇਕਲੀ ਕਿਸਮ ਦਾ ਇਤਿਹਾਸਕ ਮਹੱਤਤਾ ਵਾਲਾ ਕਾਰਜ ਹੈ। ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਗੁਰਮਤਿ ਪ੍ਰੰਪਰਾ ਦੇ ਮਾਮਲੇ ਵਿੱਚ ਗੁਰਮਤਿ ਸੰਗੀਤ ਵਿਭਾਗ ਫਿਰ ਅੱਗੇ ਆਇਆ ਹੈ। ਇਸ ਕਾਰਜ ਨਾਲ ਸਿੱਖ ਪ੍ਰੰਪਰਾ ਨੂੰ ਹੋਰ ਹਰਮਨ-ਪਿਆਰਾ ਬਣਾਉਣ ਵਿੱਚ ਮਦਦ ਮਿਲੇਗੀ। ਇਸ ਮੌਕੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਸੈਂਟਰ ਫ਼ਾਰ ਐਡਵਾਂਸਡ ਮੀਡੀਆ ਸਟੱਡੀਜ਼ (ਕੈਮਜ਼) ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਚੀਮਾ ਵੱਲੋਂ ਤਿਆਰ ਕੀਤੀ ਗਈ ਇੱਕ ਦਸਤਾਵੇਜ਼ੀ ਫ਼ਿਲਮ ਵੀ ਰਿਲੀਜ਼ ਕੀਤੀ, ਜਿਸ ਦੀ ਸਕ੍ਰਿਪਟ ਅਤੇ ਵੀ.ਓ. ਮੀਡੀਆ ਸੈਂਟਰ ਦੇ ਪ੍ਰੋਡਿਊਸਰ ਤੇਜਿੰਦਰ ਸ਼ਰਮਾ ਵੱਲੋਂ ਬਣਾਈ ਗਈ ਹੈ ਅਤੇ ਫ਼ਿਲਮ ਦਾ ਸੰਗੀਤ ਜਸਵਿੰਦਰ ਸਿੰਘ ਅਤੇ ਕੁਲਦੀਪ ਪਵਾਰ ਵੱਲੋਂ ਦਿੱਤਾ ਗਿਆ ਹੈ।

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਹਾਕੀ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਚੇਅਰ ਕਾਇਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਮਹੱਤਵਪੂਰਨ ਫ਼ੈਸਲਾ ਲੈਂਦਿਆਂ ਹਾਕੀ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਚੇਅਰ ਕਾਇਮ ਕਰ ਦਿੱਤੀ ਹੈ। ਚੇਅਰ ਦੇ ਮੁਖੀ ਦੀ ਜ਼ਿੰਮੇਵਾਰੀ ਸ਼ੂਟਰ ਅਭਿਨਵ ਬਿੰਦਰਾ ਨੂੰ ਦੇਣ ਬਾਰੇ ਵਿਚਾਰ ਵਟਾਂਦਰਾ ਹੋਇਆ ਹੈ। ਸਿੰਡੀਕੇਟ ਵੱਲੋਂ ਯੂਨੀਵਰਸਿਟੀ ਦੇ ਫ਼ੈਸਲੇ 'ਤੇ ਮੋਹਰ ਲਾ ਦਿੱਤੀ ਗਈ ਹੈ। ਉਲੰਪੀਅਨ ਬਲਬੀਰ ਸਿੰਘ ਪਹਿਲੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਆਪਣੇ ਨਾਂ 'ਤੇ ਸਥਾਪਤ ਹੋਈ ਚੇਅਰ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ।



ਯੂਨੀਵਰਸਿਟੀ ਵੱਲੋਂ ਪਿਛਲੀ ਮੀਟਿੰਗ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਚੇਅਰ ਕਾਇਮ ਕੀਤੀ ਗਈ ਸੀ, ਜਿਸ ਦੇ ਚੇਅਰਪਰਸਨ ਦੇ ਅਹੁਦੇ ਦੀ ਪੇਸ਼ਕਸ਼ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇ.ਜੇ. ਸਿੰਘ ਨੂੰ ਕੀਤੀ ਗਈ ਸੀ। ਇਸ ਤੋਂ ਪਹਿਲਾਂ ਜਵਾਹਰਲਾਲ ਨਹਿਰੂ ਦੇ ਨਾਂ 'ਤੇ ਸਥਾਪਤ ਚੇਅਰ ਦਾ ਮੁਖੀ ਸਾਬਕਾ ਪ੍ਰਧਾਨ ਮੰਤਰੀ ਅਤੇ ਉੱਘੇ ਅਰਥਸ਼ਾਸਤਰੀ ਡਾਕਟਰ ਮਨਮੋਹਨ ਸਿੰਘ ਨੂੰ ਲਾਇਆ ਗਿਆ ਹੈ। ਫ਼ਿਲਮ ਜਗਤ ਦੀ ਉੱਘੀ ਹਸਤੀ ਗੁਲਜ਼ਾਰ ਨੂੰ ਰਬਿੰਦਰਨਾਥ ਟੈਗੋਰ ਚੇਅਰ ਦੇ ਮੁਖੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਯੂਨੀਵਰਸਿਟੀ ਵੱਲੋਂ ਚੇਅਰਾਂ ਦੇ ਮੁਖੀਆਂ ਨੂੰ ਇੱਥੇ ਫੇਰੀ ਲਈ ਜਹਾਜ਼ ਦਾ ਕਿਰਾਇਆ, ਪੰਜ ਹਜ਼ਾਰ ਰੁਪਏ ਨਗਦ ਅਤੇ ਗੈਸਟ ਹਾਊਸ ਵਿੱਚ ਮੁਫ਼ਤ ਰਹਿਣ ਦੀ ਸਹੂਲਤ ਦਿੱਤੀ ਜਾਂਦੀ ਹੈ। ਸਿੰਡੀਕੇਟ ਨੇ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਚੇਅਰ ਕਾਇਮ ਕਰਨ ਦੀ ਰਸਮੀ ਪ੍ਰਵਾਨਗੀ ਲਈ 9 ਅਕਤੂਬਰ ਨੂੰ ਮੀਟਿੰਗ ਰੱਖੀ ਗਈ ਹੈ। ਸਿੰਡੀਕੇਟ ਦੀ ਮੀਟਿੰਗ ਵਿੱਚ ਯੂਨੀਵਰਸਿਟੀ ਦੇ ਚੀਫ਼ ਸਕਿਉਰਿਟੀ ਅਫ਼ਸਰ ਦੀ ਰੈਗੂਲਰ ਭਰਤੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਅਗਲਾ ਫ਼ੈਸਲਾ ਲਏ ਜਾਣ ਤਕ ਪ੍ਰੋ. ਜਤਿੰਦਰ ਗਰੋਵਰ ਇਸ ਅਹੁਦੇ 'ਤੇ ਬਣੇ ਰਹਿਣਗੇ।

## ਦਰਬਾਰ ਸਾਹਿਬ ਵਿਚ ਔਰਤਾਂ ਨੂੰ ਧਰਨਾ ਦੇਣ ਤੋਂ ਰੋਕਿਆ

### ਬੀਬੀਆਂ ਨੇ ਦੁਰਵਿਹਾਰ ਦਾ ਲਾਇਆ ਦੋਸ਼, ਸ਼੍ਰੋਮਣੀ ਕਮੇਟੀ ਨੇ ਦੋਸ਼ਾਂ ਤੋਂ ਇਨਕਾਰ ਕੀਤਾ



**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀਆਂ ਵੱਲੋਂ ਕਥਿਤ ਦੁਰਵਿਹਾਰ ਕਰਨ ਅਤੇ ਹੋਰ ਮੰਗਾਂ ਸਬੰਧੀ ਇੱਕ ਬੀਬੀ ਹਰਮਨ ਕੌਰ ਤੇ ਉਸ ਦੀਆਂ ਸਾਥਣਾਂ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਭੁੱਖ ਹੜਤਾਲ 'ਤੇ ਬੈਠਣ ਦਾ ਯਤਨ ਕੀਤਾ ਪਰ ਸ਼੍ਰੋਮਣੀ ਕਮੇਟੀ ਦੀਆਂ ਮਹਿਲਾ ਕਰਮਚਾਰੀਆਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।
ਇਹ ਔਰਤਾਂ ਟਾਊਨ ਹਾਲ ਨੇੜੇ ਇਕੱਠੀਆਂ ਹੋਈਆਂ ਅਤੇ ਮਾਰਚ ਕਰਦੀਆਂ ਹੋਈਆ ਸ੍ਰੀ ਦਰਬਾਰ ਸਾਹਿਬ ਸਮੂਹ ਪੁੱਜੀਆਂ, ਜਿਥੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਭੁੱਖ ਹੜਤਾਲ 'ਤੇ ਬੈਠਣ ਦਾ ਯਤਨ ਕੀਤਾ। ਮੌਕੇ 'ਤੇ ਹਾਜ਼ਰ ਸ਼੍ਰੋਮਣੀ ਕਮੇਟੀ ਮਹਿਲਾ ਕਰਮਚਾਰੀਆਂ ਨੇ ਇਨ੍ਹਾਂ ਔਰਤਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਅਤੇ ਵਾਪਸ ਭੇਜ ਦਿੱਤਾ। ਭੁੱਖ ਹੜਤਾਲ 'ਤੇ ਬੈਠਣ ਆਈ ਬੀਬੀ ਹਰਮਨ ਕੌਰ ਨੇ ਆਖਿਆ ਕਿ ਭਾਵੇਂ ਉਸ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਨਹੀਂ ਬੈਠਣ ਦਿੱਤਾ ਗਿਆ ਪਰ ਉਹ ਰਾਮਬਾਗ ਵਿਖੇ ਭੁੱਖ ਹੜਤਾਲ 'ਤੇ ਬੈਠੇਗੀ। ਉਸ ਨੇ ਆਪਣੀਆਂ ਮੰਗਾਂ ਬਾਰੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਬੰਦ ਕਰ ਦਿੱਤਾ ਗਿਆ ਹੈ, ਆਟਾ ਮੰਡੀ ਵਾਲੇ ਪਾਸੇ ਬੀਬੀਆਂ ਲਈ ਬਣੇ ਗੁਸਲਖਾਨੇ ਬੰਦ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ ਗਈ ਹੈ। ਉਹ ਨਿੱਤ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਜਾਂਦੇ ਹਨ ਪਰ ਉਥੇ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਵੱਲੋਂ ਕਈ ਵਾਰ ਦੁਰਵਿਹਾਰ ਕੀਤਾ ਗਿਆ ਹੈ।
ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਸੇਵਾ ਦੇ ਬਹਾਨੇ ਪ੍ਰਬੰਧ ਵਿੱਚ ਕਿਸੇ ਨੂੰ ਦਖ਼ਲ ਦੇਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਆਖਿਆ ਕਿ ਬੀਬੀ ਹਰਮਨ ਕੌਰ ਨੂੰ ਕਦੇ ਸੇਵਾ ਕਰਨ ਤੋਂ ਨਹੀਂ ਰੋਕਿਆ ਗਿਆ ਅਤੇ ਉਸ ਦੇ ਦੋਸ਼ ਬੇਬੁਨਿਆਦ ਹਨ। ਮਾਣ-ਮਰਿਆਦਾ ਦੀ ਉਲੰਘਣਾ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਵੱਲੋਂ ਖ਼ੁਦ ਜਾਂਚ ਕੀਤੀ ਗਈ ਹੈ ਅਤੇ ਦੋਸ਼ਾਂ ਸਬੰਧੀ ਕੋਈ ਤੱਥ ਸਾਹਮਣੇ ਨਹੀਂ ਆਏ ਹਨ।

# ਪਰਵਾਸੀ ਭਾਰਤੀਆਂ ਨੂੰ ਵੀ ਨਿਜ਼ਾਮ ਸੁਧਾਰ ਦਾ ਪੂਰਾ ਹੱਕ




**ਸੱਚ ਹੈ ਕਿ ਸਾਰਿਆਂ ਦੀ ਨਜ਼ਰ ਪਰਵਾਸੀ ਭਾਰਤੀਆਂ ਦੇ ਨੋਟਾਂ 'ਤੇ ਹੈ ਨਾ ਕੇ ਉਨ੍ਹਾਂ ਦੀਆਂ ਵੋਟਾਂ 'ਤੇ। ਸਿਆਸੀ ਲੋਕ ਨਹੀਂ ਚਾਹੁੰਦੇ ਕਿ ਪਰਵਾਸੀ ਪੰਜਾਬੀ ਪੰਜਾਬ ਦੀ ਚੋਣ ਦਾ ਹਿੱਸਾ ਬਣਨ। ਪਰਵਾਸੀਆਂ ਨੂੰ ਖ਼ੁਦ ਆਪਣੀ ਵੋਟ ਬਣਾਉਣੀ ਅਤੇ ਪੋਲ ਕਰਨੀ ਚਾਹੀਦੀ ਹੈ।**

**ਪਰਮਿੰਦਰ ਸਿੰਘ ਟਿਵਾਣਾ**
(ਮੋਬਾਈਲ : 98157-94469)

ਸਾਲ 2010 ਵਿੱਚ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਨੇ ਵਿਦੇਸ਼ਾਂ ਵਿਚ ਵਸਦੇ ਭਾਰਤੀ ਪਾਸਪੋਰਟ ਵਾਲੇ ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਸੀ। ਪਰ ਇਸ ਵਿਚ ਇੱਕ ਖ਼ਾਮੀ ਸੀ ਕਿ ਇਨ੍ਹਾਂ ਭਰਤੀਆਂ ਨੂੰ ਵੋਟ ਪਾਉਣ ਵਾਸਤੇ ਭਾਰਤ ਆਉਣਾ ਪੈਣਾ ਸੀ। ਇਸ ਸਮੱਸਿਆ ਨੂੰ ਅਬੂਧਾਬੀ ਵਸਦੇ ਅਤੇ ਕੇਰਲਾ ਨਾਲ ਸਬੰਧਤ ਡਾਕਟਰ ਸ਼ਮਸ਼ੇਰ ਵੀ.ਪੀ. ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ, ਜਿਸ 'ਤੇ ਸੁਣਵਾਈ ਕਰਦਿਆਂ ਜਨਵਰੀ 2015 ਨੂੰ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਅੱਠ ਹਫ਼ਤਿਆਂ ਦੇ ਅੰਦਰ ਇਹ ਰੂਪ-ਰੇਖਾ ਸਪਸ਼ਟ ਕਰੇ ਕਿ ਪਰਵਾਸੀ ਭਾਰਤੀ ਕਿਸ ਤਰ੍ਹਾਂ ਵਿਦੇਸ਼ ਵਿਚੋਂ ਹੀ ਆਪਣੀ ਵੋਟ ਪਾ ਸਕਣ। ਇਸ ਫ਼ੈਸਲੇ ਨੂੰ ਡੇਢ ਸਾਲ ਹੋਣ ਦੇ ਬਾਵਜੂਦ ਕਿਸੇ ਰਾਜਸੀ ਪਾਰਟੀ ਨੇ ਅਗਾਂਹ ਗੱਲ ਨਹੀਂ ਤੋਰੀ। ਅਸਲ ਵਿਚ ਪੰਜਾਬ ਵਿੱਚ ਪਰਵਾਸੀਆਂ ਦੀ ਵੋਟ ਭਾਜਪਾ, ਅਕਾਲੀ ਤੇ ਕਾਂਗਰਸ ਨੂੰ ਤਾਂ ਘੱਟ ਮਿਲਣੀ ਹੈ ਜਦੋਂਕਿ ਆਮ ਆਦਮੀ ਪਾਰਟੀ (ਆਪ) ਨੂੰ ਵੱਧ ਮਿਲਣੀ ਹੈ, ਪਰ 'ਆਪ' ਨੇ ਵੀ ਇਸ ਬਾਰੇ ਹਾਲੇ ਤਕ ਕੁਝ ਨਹੀਂ ਕੀਤਾ।

ਇਸ ਵਕਤ ਸਿਰਫ਼ 11,000 ਦੇ ਕਰੀਬ ਰਜਿਸਟਰਡ ਪਰਵਾਸੀ ਭਾਰਤੀ ਵੋਟਰ ਦੁਨੀਆ ਦੇ ਅਲੱਗ ਅਲੱਗ ਦੇਸ਼ਾਂ ਵਿਚ ਵਸਦੇ ਹਨ ਪਰ ਜੇ ਇਨ੍ਹਾਂ ਪਰਵਾਸੀ ਭਾਰਤੀਆਂ ਨੂੰ ਭਾਰਤ ਆਏ ਬਗ਼ੈਰ ਆਨਲਾਈਨ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਹੈ ਤਾਂ ਇਨ੍ਹਾਂ ਪਰਵਾਸੀ ਭਾਰਤੀ ਵੋਟਰਾਂ ਦੀ ਗਿਣਤੀ 1,00,37,761 ਦੇ ਕਰੀਬ ਹੋ ਸਕਦੀ ਹੈ। ਇਹ ਅੰਕੜੇ 2014 ਦੇ ਹਨ ਅਤੇ ਹੁਣ ਗਿਣਤੀ ਹੋਰ ਵਧ ਗਈ ਹੈ। ਵਿਦੇਸ਼ੀਂ ਵਸਦੇ ਪੰਜਾਬੀਆਂ ਦੀ ਗਿਣਤੀ ਵੀ 50 ਲੱਖ ਦੇ ਕਰੀਬ ਹੈ। ਇਸ ਵਕਤ ਪੰਜਾਬ ਵਿੱਚ 178 ਦੇ ਕਰੀਬ ਪਰਵਾਸੀ ਭਾਰਤੀ ਪੰਜਾਬੀ ਵੋਟਰ ਹਨ। ਇਸ ਤੋਂ ਇਲਾਵਾ ਜਿਨ੍ਹਾਂ ਵੀ ਪਰਵਾਸੀ ਪੰਜਾਬੀਆਂ ਨੇ ਆਪਣੀਆਂ ਵੋਟਾਂ ਭਾਰਤ ਵਿਚ ਬਣਵਾਈਆਂ ਹੋਈਆ ਹਨ, ਉਨ੍ਹਾਂ ਨੇ ਵੋਟਾਂ ਐਨ.ਆਰ.ਆਈ. ਸ਼੍ਰੇਣੀ ਵਿਚ ਨਹੀਂ ਬਣਵਾਈਆਂ ਹੋਈਆਂ, ਜਿਸ ਕਾਰਨ ਉਨ੍ਹਾਂ ਦੇ ਭਾਰਤ ਛੱਡ ਜਾਣ ਤੋਂ ਬਾਅਦ ਵਿਰੋਧੀ ਉਨ੍ਹਾਂ ਦੀ ਵੋਟ ਕਟਵਾ ਦਿੰਦੇ ਹਨ। ਪਰ ਹੁਣ ਜੇ ਪਰਵਾਸੀ ਭਾਰਤੀ ਫਾਰਮ 6-ਏ ਭਰ ਕੇ ਆਪਣੀ ਵੋਟ ਪਰਵਾਸੀ ਭਾਰਤੀ ਸ਼੍ਰੇਣੀ ਵਿੱਚ ਬਣਵਾਉਣ ਤਾਂ ਉਹ ਕਿਸੇ ਵੀ ਹਾਲਤ ਵਿਚ ਕਦੇ ਵੀ ਕੱਟੀ ਨਹੀਂ ਜਾ ਸਕਦੀ। ਇਸ ਵਕਤ ਦੁਨੀਆ ਭਰ ਦੇ 20 ਏਸ਼ੀਅਨ ਦੇਸ਼ਾਂ ਸਮੇਤ 114 ਮੁਲਕਾਂ ਨੇ ਬਾਹਰੀ ਦੇਸ਼ਾਂ ਤੋਂ ਆਪਣੀ ਵੋਟ ਪਾਉਣ ਦੀ ਪ੍ਰਣਾਲੀ ਅਪਣਾ ਲਈ ਹੈ। ਇਸ ਸੰਦਰਭ ਵਿੱਚ ਭਾਰਤ ਸਰਕਾਰ ਨੂੰ ਵੀ ਵਿਦੇਸ਼ਾਂ ਵਿਚ ਵਸਦੇ ਪਰਵਾਸੀ ਭਾਰਤੀ ਵੋਟਰਾਂ ਨੂੰ ਵਿਦੇਸ਼ਾਂ ਵਿਚੋਂ ਹੀ ਆਨਲਾਈਨ, ਭਾਰਤੀ ਹਾਈ ਕਮਿਸ਼ਨਾਂ ਜਾਂ ਪ੍ਰੌਕਸੀ ਰਾਹੀਂ ਭਾਰਤ ਵਿਚ ਆਪਣੀ ਵੋਟ ਪਾਉਣ ਦਾ ਹੱਕ ਦੇਣਾ ਚਾਹੀਦਾ ਹੈ। ਅਕਤੂਬਰ 2014 ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਮੁਲਕ ਦੇ ਚੋਣ ਕਮਿਸ਼ਨ ਦੀ ਇੱਕ ਕਮੇਟੀ ਨੇ ਸੁਪਰੀਮ ਕੋਰਟ ਵਿੱਚ ਰਿਪੋਰਟ ਪੇਸ਼ ਕੀਤੀ ਸੀ, ਜਿਸ ਵਿਚ ਕਮੇਟੀ ਨੇ ਇਸ ਗੱਲ ਉੱਤੇ ਮੋਹਰ ਲਾ ਦਿੱਤੀ ਸੀ ਕਿ ਪਰਵਾਸੀ ਭਾਰਤੀਆਂ ਦੀ ਵੋਟ ਉਨ੍ਹਾਂ ਦੇ ਭਾਰਤ ਆਏ ਬਗ਼ੈਰ ਪ੍ਰੌਕਸੀ ਰਾਹੀਂ ਜਾਂ ਇਲੈਕਟ੍ਰਾਨਿਕ ਪੋਸਟਲ ਬੈਲਟ ਪੇਪਰ ਰਾਹੀਂ ਪੋਲ ਕਰਵਾਈ ਜਾ ਸਕਦੀ ਹੈ।

ਇਸ ਵੇਲੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਉਲੰਘਣਾ ਦੇ ਮਾਮਲੇ ਅਤੇ ਦੇਰੀ ਨੂੰ ਅਦਾਲਤੀ ਤੌਹੀਨ ਦੀ ਰੰਗਤ ਦੇ ਕੇ ਭਾਰਤ ਸਰਕਾਰ ਨੂੰ ਘੇਰਿਆ ਜਾ ਸਕਦਾ ਹੈ ਕਿਉਂਕਿ ਡੇਢ ਸਾਲ ਬੀਤਣ ਦੇ ਬਾਵਜੂਦ ਇਸ ਬਾਰੇ ਭਾਰਤ ਸਰਕਾਰ ਨੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਇਸ ਤੋਂ ਨਾ ਕੇਵਲ ਸਰਕਾਰ ਹੀ ਟਾਲਾ ਵੱਟ ਰਹੀ ਹੈ ਬਲਕਿ 'ਆਪ' ਅਤੇ ਪਰਵਾਸੀ ਪੰਜਾਬੀ ਵੀ ਇਸ ਪਾਸੇ ਗ਼ੌਰ ਨਹੀਂ ਕਰ ਰਹੇ। ਇਹ ਵੀ ਸੱਚ ਹੈ ਕਿ ਸਾਰਿਆਂ ਦੀ ਨਜ਼ਰ ਪਰਵਾਸੀ ਭਾਰਤੀਆਂ ਦੇ ਨੋਟਾਂ 'ਤੇ ਹੈ ਨਾ ਕੇ ਉਨ੍ਹਾਂ ਦੀਆਂ ਵੋਟਾਂ 'ਤੇ। ਸਿਆਸੀ ਲੋਕ ਨਹੀਂ ਚਾਹੁੰਦੇ ਕਿ ਪਰਵਾਸੀ ਪੰਜਾਬੀ ਪੰਜਾਬ ਦੀ ਚੋਣ ਦਾ ਹਿੱਸਾ ਬਣਨ। ਪਰਵਾਸੀਆਂ ਨੂੰ ਖ਼ੁਦ ਆਪਣੀ ਵੋਟ ਬਣਾਉਣੀ ਅਤੇ ਪੋਲ ਕਰਨੀ ਚਾਹੀਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਵਿਦੇਸ਼ ਰਹਿੰਦੇ ਪੰਜਾਬੀ ਆਪਣੀ ਵੋਟ ਆਨਲਾਈਨ ਵੀ ਬਣਾ ਸਕਦੇ ਹਨ। ਪੰਜਾਬ ਵਿਚ 7 ਅਕਤੂਬਰ ਤਕ ਵੋਟ ਬਣਾਉਣ ਦੇ ਫਾਰਮ ਮਿਲ ਰਹੇ ਹਨ। ਚੋਣਾਂ ਵਾਸਤੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ 10 ਦਿਨ ਪਹਿਲਾਂ ਤਕ ਵੀ ਵੋਟਾਂ ਬਣ ਸਕਦੀਆਂ ਹਨ। ਇਸ ਲਈ ਬਿਨਾਂ ਦੇਰੀ ਕੀਤਿਆਂ ਪੰਜਾਬ ਤੋਂ ਬਾਹਰ ਵੱਸਦੇ ਭਾਰਤੀ ਆਪਣੇ ਪਾਸਪੋਰਟ ਤੇ ਵੀਜ਼ਾ ਦੀ ਫੋਟੋ ਕਾਪੀ ਫਾਰਮ 6-ਏ ਨਾਲ ਜਮ੍ਹਾਂ ਕਰਾ ਕੇ ਐਨ.ਆਰ.ਆਈ. ਕੈਟੇਗਰੀ ਵਿਚ ਆਪਣੀ ਵੋਟ ਬਣਾਉਣ। ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਐਨ.ਆਰ.ਆਈ. ਵੋਟ ਵਾਸਤੇ ਫਾਰਮ 6-ਏ ਡਾਊਨਲੋਡ ਕਰਕੇ ਉਸ ਨਾਲ ਆਪਣੇ ਭਾਰਤੀ ਪਾਸਪੋਰਟ ਦੀ ਫੋਟੋ ਕਾਪੀ ਤੇ ਵੀਜ਼ਾ ਸਟੇਟਸ ਦੇ ਸਬੂਤ ਦੀ ਫੋਟੋ ਕਾਪੀ ਲੈ ਕੇ ਖ਼ੁਦ ਹੀ ਅਟੈਸਟ ਕਰਕੇ ਡਾਕ ਰਾਹੀਂ ਜਾਂ ਕਿਸੇ ਰਿਸ਼ਤੇਦਾਰ ਰਾਹੀਂ ਪੰਜਾਬ ਵਿੱਚ ਆਪਣੇ ਹਲਕੇ ਦੇ ਐੱਸ.ਡੀ.ਐੱਮ. ਜਾਂ ਬਲਾਕ ਚੋਣ ਅਧਿਕਾਰੀ ਕੋਲ ਭੇਜ ਕੇ ਆਪਣੀ ਵੋਟ ਬਣਾਈ ਜਾ ਸਕਦੀ ਹੈ। ਆਪਣੀ ਮਾਤਭੂਮੀ ਅਤੇ ਮੁਲਕ ਦੇ ਨਿਜ਼ਾਮ ਵਿੱਚ ਸੁਧਾਰ ਲਈ ਚੰਗਾ ਨੇਤਾ ਚੁਣਨ ਲਈ ਅਜਿਹਾ ਕਰਨਾ ਜ਼ਰੂਰੀ ਹੈ।

# ਪੰਜਾਬੀ ਨਾਲ ਆਪਣੇ ਹੀ ਘਰ ਬੇਇਨਸਾਫ਼ੀ ਤੇ ਧੱਕਾ ਕਿਉਂ ?

**ਮੈਨੂੰ ਸੁਤੇਸਿਧ ਇਕ ਲੋਕਗੀਤ ਯਾਦ ਆ ਜਾਂਦਾ ਹੈ, "ਅੱਧੀ ਤੇਰੀ ਹਾਂ ਮੁਲਾਹਜੇਦਾਰਾ, ਅੱਧੀ ਹਾਂ ਮੈਂ ਹੌਲਦਾਰ ਦੀ !" ਜਦੋਂ ਤੋਂ ਬਾਦਲ ਜੀ ਨੇ ਬੀਜੇਪੀ ਨਾਲ ਨਹੁੰ-ਮਾਸੀ ਰਿਸ਼ਤਾ ਬਣਾਇਆ ਹੈ, ਉਹ ਪੰਜਾਬ ਦੇ ਤਾਂ ਅੱਧੇ ਹੀ ਰਹਿ ਗਏ ਹਨ, ਬਾਕੀ ਅੱਧੇ ਆਰ. ਐਸ.ਐਸ/ਬੀਜੇਪੀ ਦੇ ਹੋ ਗਏ ਹਨ। ਤੇ ਉਹ ਅੱਧੋ-ਅੱਧ ਦਾ ਇਹ ਧਰਮ ਪੂਰੇ ਸਿਦਕ-ਸਿਰੜ ਨਾਲ ਨਿਭਾਉਂਦੇ ਆਏ ਹਨ।**



**ਗੁਰਬਚਨ ਸਿੰਘ ਭੁੱਲਰ**
(ਮੋਬਾਈਲ : 011-42502364)



ਇਹ ਪੰਜਾਬੀ ਸੂਬੇ ਦੀ ਪੰਜਾਹਵੀਂ ਵਰੇਗੰਢ ਦਾ ਵਰ੍ਹਾ ਹੈ। ਇਨ੍ਹਾਂ ਪੰਜਾਹ ਸਾਲਾਂ ਵਿਚ ਪੰਜਾਬ ਉੱਤੇ ਮੁੱਖ ਰੂਪ ਵਿਚ ਅਕਾਲੀਆਂ ਤੇ ਕਾਂਗਰਸੀਆਂ ਨੇ ਬਦਲ ਬਦਲ ਕੇ ਰਾਜ ਕੀਤਾ ਹੈ। ਹੋਰ ਗੱਲਾਂ ਬਾਰੇ ਇਨਾਂ ਦੀਆਂ ਪਹੁੰਚਾਂ ਵਿਚ ਫ਼ਰਕ ਹੋ ਸਕਦੇ ਹਨ ਪਰ ਭਾਸ਼ਾ ਤੇ ਵਿਦਿਆ ਵੱਲ ਰਵੱਈਏ ਦੇ ਪੱਖੋਂ ਦੋਵੇਂ ਵੱਡੀ ਹੱਦ ਤੱਕ ਪੱਕੇ ਤੇ ਸਕੇ ਮਸੇਰੇ ਭਰਾ ਸਿੱਧ ਹੋਏ ਹਨ। "ਵੱਡੀ ਹੱਦ ਤੱਕ" ਮੈਂ ਇਸ ਲਈ ਕਿਹਾ ਹੈ ਕਿ ਦੋਵਾਂ ਦੀ ਪਹੁੰਚ ਵਿਚ ਇਕ ਫ਼ਰਕ ਜ਼ਰੂਰ ਦੇਖਿਆ ਜਾ ਸਕਦਾ ਹੈ। ਜਿਥੇ ਕਾਂਗਰਸੀ ਪੰਜਾਬੀ ਭਾਸ਼ਾ ਵੱਲ ਨਾਸਮਝੀ ਤੇ ਅਣਗਹਿਲੀ ਦਿਖਾ ਕੇ ਇਹਦਾ ਨੁਕਸਾਨ ਕਰਦੇ ਰਹੇ ਹਨ, ਅਕਾਲੀਆਂ ਦੀ ਪਹੁੰਚ ਪੰਜਾਬੀ ਭਾਸ਼ਾ ਨਾਲ ਬੇਇਨਸਾਫ਼ੀ ਤੇ ਧੱਕੇ ਵਾਲੀ ਰਹੀ ਹੈ। ਮੇਰਾ ਯਕੀਨ ਅਤੇ ਦਾਅਵਾ ਹੈ ਕਿ ਜੇ ਲਛਮਣ ਸਿੰਘ ਗਿੱਲ ਅਨ-ਅਕਾਲੀ ਬਣ ਕੇ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਨਾ ਦਿੰਦਾ, ਕਿਸੇ ਅਕਾਲੀ ਜਾਂ ਕਾਂਗਰਸੀ ਸਰਕਾਰ ਨੇ ਅੱਜ ਤੱਕ ਵੀ ਅਜਿਹਾ ਨਹੀਂ ਸੀ ਕਰਨਾ। ਲੇਖਕਾਂ ਤੇ ਬੁੱਧੀਮਾਨਾਂ ਨੇ ਇਸ ਮੰਗ ਨੂੰ ਲੈ ਕੇ ਮਟਕਾ ਚੌਕ ਵਿਚ ਉਸੇ ਤਰਾਂ ਧਰਨੇ ਦਿੰਦੇ ਤੇ ਪੁਲੀਸ ਦੀ ਕੁੱਟ ਖਾਂਦੇ ਰਹਿਣਾ ਸੀ ਜਿਵੇਂ ਉਹ ਪੰਜਾਬੀ ਦੀ ਵਰਤੋਂ ਨਾ ਕਰਨ ਵਾਲੇ ਅਧਿਕਾਰੀਆਂ ਨੂੰ ਸਜ਼ਾ ਵਾਲੀ ਧਾਰਾ ਲਾਗੂ ਕਰਵਾਉਣ ਵਾਸਤੇ ਖੱਜਲ ਹੁੰਦੇ ਰਹਿੰਦੇ ਹਨ।

ਇਹ ਤੱਥ ਸਭ ਜਾਣਦੇ ਹਨ ਕਿ ਦੁਨੀਆ ਭਰ ਦੇ ਭਾਸ਼ਾ-ਵਿਗਿਆਨੀ ਬੱਚੇ ਦੀ ਮੁੱਢਲੀ ਪੜਾਈ ਸਿਰਫ਼ ਮਾਤਭਾਸ਼ਾ ਵਿਚ ਕਰਵਾਉਣ ਦੀ ਵਾਜਬਤਾ ਬਾਰੇ ਇਕ-ਮੱਤ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਦੇ ਸਮੇਂ ਵਿਚ ਗਿਆਨ-ਵਿਗਿਆਨ ਨਾਲ ਜੁੜਨ ਲਈ ਅੰਗਰੇਜ਼ੀ ਦੀ ਜਾਣਕਾਰੀ ਤੇ ਜੇ ਹੋ ਸਕੇ ਮੁਹਾਰਤ, ਵਿਹਾਰਕ ਪੱਖੋਂ ਜ਼ਰੂਰੀ, ਸਗੋਂ ਲਾਜ਼ਮੀ ਹੋ ਗਈ ਹੈ। ਇਹ ਇਕ ਵੱਖਰਾ ਵਿਸ਼ਾ ਹੈ ਕਿ ਅੰਗਰੇਜ਼ੀ ਕਿਵੇਂ, ਕਿਸ ਅਕਾਦਮਿਕ ਹੈਸੀਅਤ ਨਾਲ ਤੇ ਕਿਹੜੀ ਜਮਾਤ ਤੋਂ ਪੜਾਉਣੀ ਚਾਹੀਦੀ ਹੈ। ਪਿਛਲੇ ਇਕ ਲੇਖ ਵਿਚ ਮੈਂ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਪੜ੍ਹਾਉਣ ਦੇ ਅਕਾਲੀਆਂ ਦੇ ਤੋਤਾ ਸਿੰਘੀ ਫ਼ੈਸਲੇ ਦਾ ਜ਼ਿਕਰ ਕੀਤਾ ਸੀ। ਇਹ ਫ਼ੈਸਲਾ ਲੈਣਾ ਹੀ ਪੰਜਾਬੀ-ਵਿਰੋਧੀ ਕਦਮ ਸੀ ਪਰ ਇਹਦਾ ਐਲਾਨ ਚੰਡੀਗੜ ਵਿਚ ਕਰਨ ਦੀ ਥਾਂ ਪੰਜਾਬੀ ਮਾਂ ਦੇ ਸੱਚੇ ਸਪੂਤ ਲਛਮਣ ਸਿੰਘ ਗਿੱਲ ਦੇ ਪਿੰਡ ਜਾ ਕੇ ਕਰਨਾ ਪੰਜਾਬੀ ਨਾਲ ਘੋਰ ਬੇਇਨਸਾਫ਼ੀ ਤੇ ਧੱਕੇ ਦਾ ਪ੍ਰਮਾਣ ਸੀ।

ਆਪਣੀ ਨਿੱਜੀ ਲਾਇਬਰੇਰੀ ਵਿਚੋਂ ਭਾਸ਼ਾ ਤੇ ਸਭਿਆਚਾਰ ਬਾਰੇ ਅਕਾਲੀ ਤੇ ਕਾਂਗਰਸੀ ਸਰਕਾਰਾਂ ਦੇ ਕਾਰਨਾਮਿਆਂ ਦੀ ਮੋਟੀ ਕਾਲੀ ਫ਼ਾਈਲ ਫਰੋਲਦਿਆਂ ਇਕ ਅਹਿਮ ਕਤਰਨ ਮੇਰੇ ਹੱਥ ਲੱਗ ਗਈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਖ਼ਬਾਰਾਂ ਨੂੰ ਜਾਰੀ ਕੀਤਾ ਹੋਇਆ ਇਕ ਇਸ਼ਤਿਹਾਰ ਹੈ ਜੋ ਸੰਤ ਫ਼ਤਹਿ ਸਿੰਘ ਨਾਲ ਸੰਬੰਧ ਰੱਖਦਾ ਹੈ। ਪੰਜਾਬੀ ਸੂਬਾ ਬਣਵਾਉਣ ਵਿਚ ਸੰਤ ਜੀ ਦੀ ਦੇਣ ਬਹੁਤ ਵੱਡੀ ਰਹੀ। ਮੈਨੂੰ ਬਚਪਨ ਤੋਂ ਹੀ ਉਨਾਂ ਬਾਰੇ ਸੁਣਨ-ਜਾਣਨ ਦਾ ਮੌਕਾ ਮਿਲਦਾ ਰਿਹਾ ਸੀ। ਉਨਾਂ ਦਾ ਟਿਕਾਣਾ ਤਾਂ ਰਾਜਸਥਾਨ ਵਿਚ ਬੁੱਢਾ ਜੌਹੜ ਸੀ ਪਰ ਜਨਮ-ਪਿੰਡ ਬਦਿਆਲਾ ਸੀ ਜੋ ਮੇਰੇ ਪਿੰਡ ਤੋਂ ਕੁੱਲ ਦੋ ਕੋਹ ਵਾਟ ਅੱਗੇ ਹੈ। ਉਹ ਹੋਰ ਮੌਕਿਆਂ ਤੋਂ ਇਲਾਵਾ ਹਰ ਸਾਲ ਪਾਠ ਕਰਵਾਉਣ ਵਾਸਤੇ ਪਿੰਡ ਜ਼ਰੂਰ ਆਉਂਦੇ। ਉਨਾਂ ਦੇ ਪਿੰਡ ਦੇ ਹੀ ਨਹੀਂ ਸਗੋਂ ਇਲਾਕੇ ਦੇ ਲੋਕਾਂ ਦੀ ਚਿਰੋਕਣੀ ਮੰਗ ਰਹੀ ਹੈ ਕਿ ਪੰਜਾਬੀ ਸੂਬੇ ਲਈ ਉਨਾਂ ਦੀ ਦੇਣ ਦਾ ਆਦਰ ਕਰਦਿਆਂ ਉਨਾਂ ਦੀ ਯਾਦਗਾਰ ਵਜੋਂ ਸੰਸਥਾਵਾਂ ਉਸਾਰੀਆਂ ਜਾਣ। ਸਮੇਂ ਸਮੇਂ ਆਈਆਂ ਅਕਾਲੀ ਸਰਕਾਰਾਂ ਨੇ ਕਈ ਵਾਰ ਕਈ ਕਈ ਐਲਾਨ ਕੀਤੇ ਜੋ ਨਾ ਕਦੀ ਪੂਰੇ ਹੋਣੇ ਸਨ ਤੇ ਨਾ ਹੀ ਹੋਏ। ਇਕ ਖੋਖਲਾ ਵਾਅਦਾ ਸਰਕਾਰੀ ਕਾਲਜ ਖੋਲਣ ਦਾ ਸੀ। ਜਦੋਂ ਲੋਕਾਂ ਵਿਚ ਰੋਸ ਵਧਣ ਲੱਗਿਆ ਤਾਂ ਸਰਕਾਰੀ ਕਾਲਜ ਦੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿੰਡ ਵਿਚ 'ਸੰਤ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ' ਖੋਲਣ ਦਾ ਐਲਾਨ ਕਰ ਕੇ ਕੰਮ ਸਾਰ ਦਿੱਤਾ।

ਕਮੇਟੀ ਨੇ 7 ਮਾਰਚ 2010 ਦੇ ਪੰਜਾਬੀ ਅਖ਼ਬਾਰਾਂ ਵਿਚ ਇਸ ਸਕੂਲ ਦਾ ਜੋ ਇਸ਼ਤਿਹਾਰ ਛਪਵਾਇਆ, ਉਹ ਮੇਰੇ ਸਾਹਮਣੇ ਪਿਆ ਹੈ ਤੇ ਗ਼ੌਰ ਦੇ ਕਾਬਿਲ ਹੈ। ਸਿਰਲੇਖ ਵਜੋਂ ਤਿੰਨ ਸਤਰਾਂ ਅੰਗਰੇਜ਼ੀ ਅੱਖਰਾਂ ਵਿਚ ਹਨ। ਅੱਗੇ 'ਵਜ਼ੀਫ਼ਾ' ਤੇ 'ਜਮਾਤਾਂ' ਜਿਹੇ ਪ੍ਰਚੱਲਤ ਸ਼ਬਦ ਵਰਤਣ ਦੀ ਥਾਂ ਗੁਰਮੁਖੀ ਵਿਚ 'ਸਕਾਲਰਸ਼ਿਪ' ਤੇ 'ਕਲਾਸਾਂ' ਜਿਹੇ ਸ਼ਬਦ ਲਿਖੇ ਗਏ ਹਨ। ਦਿਲਚਸਪ ਗੱਲ ਦੇਖੋ, 'ਜਥੇਦਾਰ ਅਵਤਾਰ ਸਿੰਘ' ਸੰਤ ਜੀ ਦੇ ਨਾਂ ਨਾਲੋਂ ਮੋਟੇ ਅੱਖਰਾਂ ਵਿਚ ਛਪਿਆ ਹੋਇਆ ਹੈ। ਉਹਦੀ ਮਹਿਮਾ ਵੀ "ਮਾਨਵਤਾ ਦੀ ਭਲਾਈ ਤੇ ਸੇਵਾ ਵਿਚ ਪ੍ਰਤੀਬੱਧਤਾ ਰੱਖਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸੁਚੱਜੀ, ਦੂਰ-ਅੰਦੇਸ਼ ਅਤੇ ਸੁਯੋਗ ਸਰਪ੍ਰਸਤੀ ਅਧੀਨ ਵਿਦਿਆ ਦੇ ਮਿਆਰ ਵਿਚ ਗੁਣਾਤਮਕ ਸੁਧਾਰ ਲਿਆਉਣ ਹਿਤ" ਲਿਖ ਕੇ ਕੀਤੀ ਗਈ ਹੈ। ਇਸ ਦੇ ਉਲਟ ਸੰਤ ਜੀ ਦੇ ਨਾਂ ਨਾਲ ਇਕ ਵੀ ਉਸਤਤੀ ਸ਼ਬਦ ਨਹੀਂ ਲਾਇਆ ਗਿਆ। ਉਨਾਂ ਦਾ ਨਾਂ ਵੀ ਸਿਰਫ਼ ਸਕੂਲ ਦੇ ਨਾਂ 'ਸੰਤ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ' ਵਿਚ ਹੀ ਆਇਆ ਹੈ। ਪੂਰੇ ਇਸ਼ਤਿਹਾਰ ਵਿਚ ਹੋਰ ਕਿਤੇ ਉਨਾਂ ਦਾ ਕੋਈ ਜ਼ਿਕਰ ਨਹੀਂ। ਤਸਵੀਰ ਵੀ ਸਿਰਫ਼ ਪ੍ਰਧਾਨ ਜੀ ਦੀ ਹੀ ਹੈ, ਸੰਤ ਜੀ ਦਾ ਚਿਹਰਾ ਗ਼ੈਰਹਾਜ਼ਰ ਹੈ। ਇਸ਼ਤਿਹਾਰ ਦੀ ਸਭ ਤੋਂ ਸ਼ਰਮਨਾਕ ਗੱਲ, ਜਿਸ ਕਰਕੇ ਹਰ ਪੰਜਾਬੀ ਨੂੰ ਆਪਣਾ ਸਿਰ ਨੀਵਾਂ ਕਰ ਲੈਣਾ ਚਾਹੀਦਾ ਹੈ, ਉਸ ਵਿਚ ਛਪੀ ਹੋਈ ਇਹ ਸੂਚਨਾ ਹੈ, "ਪੜ੍ਹਾਈ ਅੰਗਰੇਜ਼ੀ ਮਾਧਿਅਮ ਵਿਚ ਕਰਵਾਈ ਜਾਵੇਗੀ। ਬੱਚਿਆਂ ਤੇ ਅਧਿਆਪਕਾਂ ਲਈ ਸਕੂਲ ਵਿਚ ਅੰਗਰੇਜ਼ੀ ਬੋਲਣਾ ਲਾਜ਼ਮੀ ਹੋਵੇਗਾ।" ਇਸ ਸੂਚਨਾ ਦੇ ਬਾਵਜੂਦ ਵਿਦਿਆਰਥੀਆਂ ਨੂੰ ਸਾਹਿਤ, ਧਰਮ, ਵਿਰਸੇ ਤੇ ਕਦਰਾਂ-ਕੀਮਤਾਂ ਨਾਲ ਜੋੜਨ ਲਈ ਵਿਸ਼ੇਸ਼ ਯਤਨਾਂ ਦਾ ਦਮਗਜਾ ਵੀ ਮਾਰਿਆ ਗਿਆ

ਬਾਕੀ ਸਫ਼ਾ 31 'ਤੇ

Sir Speedy Tustin® Printers to the Community

Outdoor 3'x11' Promo Flag
Only $29/-
Pole & Spike $55/-

GURU NANAK SIKH TEMPLE FAIRFIELD Visit Our Website: www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-

Receipt Books
Customized with your information and design. 2 part carbonless with numbering and perforation.
Call for Price

Retractable 33"x 80" Banner
Includes stand and carry bag. Hi-res imaging, durable and Brilliant colors!
Only $225/-

All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4

ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99

1 color in 1 position. Min Qty. 100
Your Printed Caps
Only $4.99

DAILY TRIP ENVELOPE
Trip Envelopes Qty 1000
Only $199/-

What we can do for you today?
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the Lowest Health Insurance Premiums available
Some Households qualify for FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

### ਸ਼ਰਾਬ ਮਾਫ਼ੀਏ ਨੇ ਦਲਿਤ ਨੌਜਵਾਨ ਦਾ ਟੋਟੇ ਟੋਟੇ ਕਰਕੇ ਕੀਤਾ ਕਤਲ

ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ, ਜੋ ਮਾਨਸਾ ਦੇ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਪਈ ਹੈ।

ਥਾਣਾ ਕੋਟਧਰਮੂ ਦੀ ਪੁਲੀਸ ਨੇ ਜਿਨ੍ਹਾਂ 6 ਮੁਲਜ਼ਮਾਂ 'ਤੇ ਕਤਲ ਦਾ ਕੇਸ ਦਰਜ ਕੀਤਾ ਹੈ, ਉਨ੍ਹਾਂ ਵਿਚ 2 ਅਕਾਲੀ ਸਰਪੰਚ ਸਰਦੂਲ ਸਿੰਘ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਡਰਾਈਵਰ ਨਿਰੰਜਨ ਸਿੰਘ ਦੇ ਰਿਸ਼ਤੇਦਾਰ ਹਨ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਪਹਿਲਾਂ ਤਾਂ ਪੁਲੀਸ ਨੇ ਕੇਸ ਦਰਜ ਕਰਨ ਆਨਾਕਾਨੀ ਕੀਤੀ ਤੇ ਹੁਣ ਗ੍ਰਿਫ਼ਤਾਰ ਨਹੀਂ ਕਰ ਰਹੀ।

ਸੁਖਚੈਨ ਦੀ ਮਾਂ ਕਰਮਜੀਤ ਕੌਰ ਨੇ ਕਿਹਾ, 'ਅਸੀਂ ਲਾਸ਼ ਕਿਵੇਂ ਲੈ ਸਕਦੇ ਹਾਂ ਅਤੇ ਪੁੱਤ ਦਾ ਬਿਨਾਂ ਲੱਤ ਤੋਂ ਸਸਕਾਰ ਕਿਵੇਂ ਕਰ ਸਕਦੇ ਹਾਂ? ਮੈਂ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੀ ਸੀ ਕਿ ਸ਼ੈਤਾਨਾਂ ਵੱਲੋਂ ਦੁਸਹਿਰੇ ਦੀ ਪੂਰਬਲੀ ਸ਼ਾਮ ਨੂੰ ਮੇਰੇ ਪੁੱਤ ਨੂੰ ਸਾਡੇ ਪਿੰਡ ਵਿੱਚ ਹੀ ਟੋਟੇ ਟੋਟੇ ਕਰ ਦਿੱਤਾ ਜਾਵੇਗਾ।' ਕਰਮਜੀਤ, ਉਸ ਦੇ ਪੁੱਤਰ ਸੁਖਬੀਰ ਸਿੰਘ ਤੇ ਹੋਰ ਰਿਸ਼ਤੇਦਾਰਾਂ ਨੇ ਹਮਲਾਵਰਾਂ ਦੀ ਪਛਾਣ ਬਲਬੀਰ ਸਿੰਘ ਉਰਫ਼ ਕਾਲਾ, ਹਰਦੀਪ ਸਿੰਘ ਉਰਫ਼ ਕਾਲਾ, ਬਿੱਟਾ ਸਿੰਘ, ਸਾਧੂ ਸਿੰਘ ਵਾਸੀਆਨ ਘਰਾਂਗਣਾ, ਬਿੱਟੂ ਸਿੰਘ ਵਾਸੀ ਛੋਟੇ ਨੰਗਲ, ਸੀਤਾ ਸਿੰਘ ਵਾਸੀ ਪਿੰਡ ਮਾਖਾ ਵਜੋਂ ਕੀਤੀ ਹੈ ਜਦੋਂ ਕਿ ਇਨ੍ਹਾਂ ਦੇ 20 ਸਾਥੀਆਂ ਦੀ ਹਾਲੇ ਪਛਾਣ ਨਹੀਂ ਹੋਈ ਹੈ।

ਹਰਦੀਪ ਤੇ ਉਸ ਦਾ ਭਰਾ ਬਿੱਟਾ ਸਿੰਘ ਪਿੰਡ ਘਰਾਂਗਣਾ ਦੇ ਅਕਾਲੀ ਸਰਪੰਚ ਸਰਦੂਲ ਸਿੰਘ ਦੇ ਭਤੀਜੇ ਹਨ। ਸਰਦੂਲ ਸਿੰਘ ਦਾ ਪਿਤਾ ਨਿਰੰਜਣ ਸਿੰਘ ਘਰਾਂਗਣਾ ਮੁੱਖ ਮੰਤਰੀ ਬਾਦਲ ਦਾ ਡਰਾਈਵਰ ਹੈ। ਇਹ ਦਿਲ ਨੂੰ ਦਹਿਲਾ ਦੇਣ ਵਾਲੀ ਵਾਰਦਾਤ ਉਸ ਵੇਲੇ ਵਾਪਰੀ ਜਦੋਂ ਸੁਖਚੈਨ ਸਿੰਘ ਆਪਣੇ ਦੋ-ਤਿੰਨ ਦੋਸਤਾਂ, ਜਿਨ੍ਹਾਂ ਵਿੱਚ ਗੁਰਸੇਵਕ ਸਿੰਘ ਵੀ ਸ਼ਾਮਲ ਸੀ, ਨਾਲ ਆਪਣੇ ਘਰ ਨੂੰ ਬਲੈਰੋ ਗੱਡੀ ਵਿੱਚ ਆ ਰਿਹਾ ਸੀ।

ਸੁਖਬੀਰ ਸਿੰਘ ਨੇ ਦੱਸਿਆ, 'ਬਲਬੀਰ ਸਿੰਘ ਤੇ ਉਸ ਦੇ ਸਾਥੀਆਂ ਨੇ ਸੁਖਚੈਨ ਨੂੰ ਘੇਰ ਕੇ ਅਗਵਾ ਕਰ ਲਿਆ ਜਦੋਂ ਕਿ ਸੁਖਚੈਨ ਦੇ ਦੋਸਤ ਭੱਜ ਗਏ। ਉਹ ਸੁਖਚੈਨ ਨੂੰ ਸੁੰਨ-ਸਾਨ ਪਲਾਟ ਵਿੱਚ ਲੈ ਗਏ ਅਤੇ ਉਥੇ ਤੇਜ਼ਧਾਰ ਹਥਿਆਰਾਂ ਨਾਲ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਮੇਰੇ ਭਰਾ ਦੀ ਹਿੱਕ ਵਿੱਚ ਸੱਬਲ ਮਾਰੀ। ਇਸ ਬਾਰੇ ਪਤਾ ਲੱਗਣ 'ਤੇ ਅਸੀਂ ਪੁਲੀਸ ਨੂੰ 100 ਅਤੇ ਹੋਰ ਨੰਬਰਾਂ 'ਤੇ ਕਾਲ ਕੀਤੀ ਪਰ ਪੁਲੀਸ ਡੇਢ ਘੰਟੇ ਬਾਅਦ ਪੁੱਜੀ। ਜਦੋਂ ਅਸੀਂ ਪਲਾਟ ਵਿਚ ਗਏ ਤਾਂ ਘਾਹ ਖੂਨ ਲਿਬੜਿਆ ਹੋਇਆ ਸੀ ਪਰ ਉਥੇ ਲਾਸ਼ ਨਹੀਂ ਸੀ। ਭੰਨੀ-ਤੋੜੀ ਬਲੈਰੋ ਗੱਡੀ ਖੜ੍ਹੀ ਸੀ। ਜਦੋਂ ਅਸੀਂ ਮਗਰਲੀ ਗਲੀ ਵਿੱਚ ਗਏ ਤਾਂ ਸਾਨੂੰ ਗੋਡਾ ਅਤੇ ਕੁੱਝ ਹੋਰ ਮਨੁੱਖੀ ਅੰਗ ਮਿਲੇ। ਬਾਅਦ ਵਿੱਚ ਪੁਲੀਸ ਅਫ਼ਸਰਾਂ ਨਾਲ ਅਸੀਂ ਬਲਬੀਰ ਸਿੰਘ ਦੇ ਘਰੋਂ ਮੇਰੇ ਭਰਾ ਦੀ ਵੱਢੀ ਟੁੱਕੀ ਲਾਸ਼ ਬਰਾਮਦ ਕੀਤੀ। ਉਸ ਦੀ ਖੱਬੀ ਲੱਤ ਗਾਇਬ ਸੀ।' ਪਿੰਡ ਦੇ ਦਲਿਤਾਂ ਨੇ ਕਿਹਾ ਕਿ ਜਦੋਂ ਤਕ ਪੁਲੀਸ ਲੱਤ ਨਹੀਂ ਲੱਭਦੀ ਉਹ ਸਸਕਾਰ ਨਹੀਂ ਕਰਨਗੇ।

### ਮੁਲਜ਼ਮਾਂ ਨੂੰ ਸੁਖਚੈਨ 'ਤੇ ਮੁਖ਼ਬਰੀ ਦਾ ਸ਼ੱਕ ਸੀ :

ਸੁਖਬੀਰ ਤੇ ਉਸ ਦੀ ਮਾਂ ਨੇ ਦੱਸਿਆ ਕਿ ਸੁਖਚੈਨ ਸਿੰਘ ਤੇ ਬਲਬੀਰ ਸਿੰਘ ਦਰਮਿਆਨ ਪਿੰਡ ਵਿਚ ਨਾਜਾਇਜ਼ ਸ਼ਰਾਬ ਵੇਚਣ ਕਾਰਨ ਦੁਸ਼ਮਣੀ ਸੀ। ਤਕਰੀਬਨ ਸਾਢੇ ਤਿੰਨ ਮਹੀਨੇ ਪਹਿਲਾਂ ਪੁਲੀਸ ਵੱਲੋਂ ਕੁੱਟਮਾਰ ਕੀਤੇ ਜਾਣ ਤੇ ਕੇਸ ਦਰਜ ਕੀਤੇ ਜਾਣ ਬਾਅਦ ਸੁਖਚੈਨ ਨੇ ਇਹ ਧੰਦਾ ਛੱਡ ਦਿੱਤਾ ਸੀ। ਇਸ ਲਈ ਉਸ ਦੀ ਪੁਰਾਣੀ ਸਾਥੀ ਹਰਦੀਪ ਸਿੰਘ, ਬਿੱਟਾ ਸਿੰਘ, ਸਾਧੂ ਸਿੰਘ, ਬਲਬੀਰ ਕਾਲਾ, ਬਿੱਟੂ ਸਿੰਘ ਤੇ ਸੀਤਾ ਸਿੰਘ ਨਾਲ ਝਗੜਾ ਸੀ। ਉਨ੍ਹਾਂ ਲੋਕਾਂ ਨੂੰ ਸ਼ੱਕ ਸੀ ਕਿ ਸੁਖਚੈਨ ਉਨ੍ਹਾਂ ਦੇ ਧੰਦੇ ਦੀ ਖ਼ਬਰ ਪੁਲੀਸ ਨੂੰ ਦਿੰਦਾ ਹੈ। ਸੋਮਵਾਰ ਰਾਤ 8.15 ਵਜੇ ਜਦੋਂ ਸੁਖਚੈਨ ਬਲੈਰੋ ਗੱਡੀ 'ਤੇ ਆਪਣੇ ਦੋਸਤਾਂ ਨਾਲ ਘਰ ਪਰਤ ਰਿਹਾ ਸੀ ਤਾਂ ਮੁਲਜ਼ਮਾਂ ਨੇ ਉਸ ਨੂੰ ਘੇਰ ਲਿਆ ਤੇ ਉਸ ਦੀਆਂ ਲੱਤਾਂ-ਬਾਹਾਂ ਵੱਢ ਕੇ ਉਸ ਦਾ ਕਤਲ ਕਰ ਦਿੱਤਾ।

### ਸਰਦੂਲ ਨੇ ਕਿਹਾ-ਮੇਰਾ ਕੋਈ ਸਬੰਧ ਨਹੀਂ

ਘਰਾਂਗਣਾ ਦੇ ਸਰਪੰਚ ਸਰਦੂਲ ਸਿੰਘ ਨੇ ਕਿਹਾ, 'ਹਰਦੀਪ ਤੇ ਬਿੱਟੂ ਮੇਰੇ ਬਾਬੇ ਦੇ ਪੋਤੇ ਹਨ, ਪਰ ਸਾਡਾ ਉਨ੍ਹਾਂ ਨਾਲ ਲੰਬੇ ਸਮੇਂ ਤੋਂ ਕੋਈ ਸਬੰਧ ਨਹੀਂ। ਮੇਰੇ ਪਿਤਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਹੁੰਦੇ ਹਨ ਪਰ ਕੇਸ ਦਾ ਕੋਈ ਸਿਆਸੀ ਸਬੰਧ ਨਹੀਂ ਹੈ।

### ਐਸ.ਪੀ. (ਡੀ) ਨੇ ਕਿਹਾ-ਮੁਲਜ਼ਮਾਂ ਨੂੰ ਜਲਦੀ ਗ੍ਰਿ.ਫ਼ਤਾਰ ਕਰਾਂਗੇ :

ਮਾਨਸਾ ਦੇ ਐਸਪੀ (ਡੀ) ਨਰਿੰਦਰਪਾਲ ਸਿੰਘ ਨੇ ਦੱਸਿਆ, 'ਇਸ ਮਾਮਲੇ ਵਿੱਚ ਛੇ ਵਿਅਕਤੀਆਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਕੁੱਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਸਾਰੇ ਮੁਲਜ਼ਮ ਜਲਦੀ ਗ੍ਰਿਫ਼ਤਾਰ ਕਰ ਲਏ ਜਾਣਗੇ। ਸਾਨੂੰ ਨਹੀਂ ਪਤਾ ਕਿ ਕੋਈ ਮੁਲਜ਼ਮ ਕਿਸੇ ਅਕਾਲੀ ਸਰਪੰਚ ਜਾਂ ਆਗੂ ਦਾ ਰਿਸ਼ਤੇਦਾਰ ਹੈ।'

### ਸ਼ਰਾਬ ਮਾਫ਼ੀਆ ਨੂੰ ਸਿਆਸੀ ਸ਼ਹਿ ਦੇ ਦੋ ਵੱਡੇ ਕੇਸ :

10 ਦਸੰਬਰ 2015 ਨੂੰ ਅਬੋਹਰ ਵਿਚ ਸ਼ਰਾਬ ਕਾਰੋਬਾਰੀ ਤੇ ਅਕਾਲੀ ਨੇਤਾ ਸ਼ਿਵਲਾਲ ਡੋਡਾ ਦੇ ਫਾਰਮ ਹਾਊਸ ਵਿਚ ਦਲਿਤ ਨੌਜਵਾਨ ਭੀਮ ਟਾਂਕ ਦਾ ਹੱਥ-ਪੈਰ ਵੱਢ ਕੇ ਕਤਲ ਕਰ ਦਿੱਤਾ ਗਿਆ। 31 ਦਸਬੰਰ 20 15 ਨੂੰ ਸੰਗਰੂਰ ਵਿਚ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਜਨਰਲ ਸਕੱਤਰ ਦੀ ਸ਼ਹਿ 'ਤੇ ਪੁਲੀਸ ਦੁਕਾਨਦਾਰ ਨੂੰ ਚੁੱਕ ਲਿਆਈ ਤੇ ਉਸ ਨੂੰ ਬੁਰੀ ਤਰ੍ਹਾਂ ਟਾਰਚਰ ਕੀਤਾ। ਇਹ ਕੇਸ ਵੀ ਪੈਂਡਿੰਗ ਹੈ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ਼ਹੀਦ ਭਾਈ ਸੁੱਖਾ-ਜਿੰਦਾ ਨੂੰ ਯਾਦ ਕੀਤਾ



ਸ਼ਹੀਦੀ ਸਮਾਗਮ 'ਚ ਜੁੜੀਆਂ ਸੰਗਤਾਂ

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਪੰਜਾਬ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਨੇ 5 ਅਕਤੂਬਰ ਨੂੰ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਦਾ ਸ਼ਹੀਦੀ ਦਿਹਾੜਾ ਯੂਨੀਵਰਸਿਟੀ ਕੈਂਪਸ 'ਚ ਮਨਾਇਆ।

ਯੂਨੀਵਰਸਿਟੀ ਸਥਿਤ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ 'ਚ ਵਿਦਿਆਰਥੀਆਂ ਨੇ ਸ਼ਹੀਦ ਭਾਈ ਸੁੱਖਾ-ਜਿੰਦਾ ਦੀ ਯਾਦ 'ਚ ਸੁਖਮਨੀ ਸਾਹਿਬ ਦਾ ਪਾਠ ਕੀਤਾ। ਸਮਾਗਮ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਨੇ ਅਰਦਾਸ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਨੇ ਗੁਰੂ ਸਾਹਿਬ ਦੇ ਸਤਿਕਾਰ ਅਤੇ ਸੱਚ ਦੇ ਹੱਕ 'ਚ ਗਵਾਹੀ ਦਿੰਦਿਆਂ ਆਪਣਾ ਜੀਵਨ ਵਾਰ ਦਿੱਤਾ। ਉਨ੍ਹਾਂ ਕਿਹਾ ਕਿ ਅਰੁਣ ਵੈਦਿਆ ਦੇ ਕੇਸ ਨਾਲ ਸੰਬੰਧਤ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਭਾਈ ਸੁੱਖਾ ਭਾਈ ਜਿੰਦਾ ਕੋਲ ਆਪਣੀ ਜ਼ਿੰਦਗੀ ਬਚਾਉਣ ਦਾ ਮੌਕਾ ਸੀ ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਬਚਾਉਣ ਨਾਲੋਂ ਸ਼ਹਾਦਤ ਦਾ ਰਾਹ ਚੁਣਿਆ ਅਤੇ ਇਤਿਹਾਸ ਬਣਾਇਆ।

### ਭਾਈ ਜਿੰਦਾ-ਸੁੱਖਾ ਦੇ ਸ਼ਹੀਦੀ ਦਿਹਾੜੇ ਮੌਕੇ ਅਕਾਲ ਤਖ਼ਤ ਸਾਹਿਬ ਵਿਖੇ ਸਮਾਰੋਹ

ਭਾਈ ਸਤਵੰਤ ਸਿੰਘ ਦੇ ਭਰਾ ਭਾਈ ਵਰਿਆਮ ਸਿੰਘ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੂੰ ਸਿਰੋਪੇ ਬਖ਼ਸ਼ਿਸ਼ ਕੀਤੇ ਗਏ।

ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦਾਂ ਦੇ ਇਸ ਯਾਦਗਾਰੀ ਸਮਾਗਮ ਵਿੱਚ ਸਿੱਖ ਜਥੇਬੰਦੀਆਂ ਦਲ ਖ਼ਾਲਸਾ ਵੱਲੋਂ ਦਲ ਖਾਲਸਾ ਦੇ ਭਾਈ ਕੰਵਰਪਾਲ ਸਿੰਘ, ਜਥੇਦਾਰ ਬਲਦੇਵ ਸਿੰਘ ਸਿਰਸਾ, ਸਿੱਖ ਯੂਥ ਆਫ ਪੰਜਾਬ ਦੇ ਸ. ਗਗਨਦੀਪ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਅਕਾਲੀ ਦਲ ਅੰਮ੍ਰਿਤਸਰ ਦੇ ਦਿਹਾਤੀ ਪ੍ਰਧਾਨ ਭਾਈ ਅਮਰੀਕ ਸਿੰਘ ਨੰਗਲ, ਸ. ਸਤਨਾਮ ਸਿੰਘ ਕਾਹਲੋਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਭਾਈ ਸੁਖਵਿੰਦਰ ਸਿੰਘ ਨਾਗੋਕੇ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ ਸਟਾਫ ਸਹਿਤ ਮੌਜੂਦ ਸਨ।

ਅਖੰਡ ਪਾਠ ਦੀ ਸਮਾਪਤੀ ਤੋਂ ਬਾਅਦ ਰਾਗੀ ਸਿੰਘਾਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਹੁਕਮਨਾਮਾ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਲਿਆ।

### ਗਦਲੀ ਪਿੰਡ 'ਚ ਸ਼ਹੀਦੀ ਸਮਾਗਮ

ਇਸੇ ਤਰ੍ਹਾਂ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਪਿੰਡ ਗਦਲੀ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਨੂੰ ਸਮਰਪਿਤ ਸਮਾਗਮ ਕੀਤਾ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਾਰਗ ਕੀਤੇ ਗਏ ਪੰਜ ਪਿਆਰੇ ਅਤੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਮੋਹਕਮ ਸਿੰਘ ਤੇ ਹੋਰ ਸ਼ਾਮਲ ਹੋਏ। ਭੋਗ ਮਗਰੋਂ ਭਾਈ ਦਾਦੂਵਾਲ ਨੇ ਸੱਦਾ ਦਿੱਤਾ ਕਿ 10 ਨਵੰਬਰ ਨੂੰ ਹੋਣ ਵਾਲੇ ਸਰਬੱਤ ਖ਼ਾਲਸਾ ਵਿੱਚ ਵੱਡੀ ਗਿਣਤੀ ਸਿੱਖ ਸੰਗਤਾਂ ਸ਼ਾਮਲ ਹੋਣ। ਇਸ ਵਿੱਚ ਕਈ ਪੰਥਕ ਫ਼ੈਸਲੇ ਲਏ ਜਾਣਗੇ। ਪੰਜ ਪਿਆਰਿਆਂ ਨੇ ਆਖਿਆ ਕਿ ਪੰਥ ਅਤੇ ਭਾਈ ਹਵਾਰਾ ਵੱਲੋਂ ਸਰਬੱਤ ਖ਼ਾਲਸਾ ਸਬੰਧੀ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਸਿੱਖ ਕੌਮ ਦੇ ਸਹਿਯੋਗ ਨਾਲ ਪੂਰਾ ਕਰਨ ਦਾ ਯਤਨ ਕਰਨਗੇ।

### ਪੰਜਾਬੀ ਨਾਲ ਆਪਣੇ ਹੀ ਘਰ ਬੇਇਨਸਾਫ਼ੀ ਤੇ ਧੱਕਾ ਕਿਉਂ ?

ਹੈ। ਜ਼ਾਹਰ ਹੈ, ਇਹ ਯਤਨ "ਬੋਲੀ ਅਵਰ ਤੁਮਾਰੀ" ਅੰਗਰੇਜ਼ੀ ਰਾਹੀਂ ਕੀਤੇ ਜਾਣਗੇ। ਅਰਥਾਤ, ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਪਰਪੱਕ ਬਣਾਉਣ ਲਈ ਬਾਣੀ ਅੰਗਰੇਜ਼ੀ ਰਾਹੀਂ ਦ੍ਰਿੜ ਕਰਵਾਈ ਜਾਵੇਗੀ ਅਤੇ ਸਾਹਿਤ ਦੀ ਜਾਣਕਾਰੀ ਦੇਣ ਲਈ ਵਾਰਿਸ, ਬੁੱਲ੍ਹਾ, ਗੁਰਬਖ਼ਸ਼ ਸਿੰਘ ਵਰਗੇ ਰਚਨਕਾਰਾਂ ਦੀਆਂ ਰਚਨਾਵਾਂ ਅੰਗਰੇਜ਼ੀ ਵਿਚ ਸਮਝਾਈਆਂ ਜਾਣਗੀਆਂ। ਪੰਜਾਬੀ ਕਦਰਾਂ-ਕੀਮਤਾਂ ਸਿਖਾਉਣ ਲਈ ਦਾਦੇ, ਦਾਦੀ, ਪਿਤਾ, ਮਾਤਾ, ਭਰਾ, ਭੈਣ ਵਾਸਤੇ ਪਿਆਰ-ਸਤਿਕਾਰ ਦੀ ਗੁੜ੍ਹਤੀ ਸਕੂਲ ਵਿਚ ਗਰੈਂਡਪਾ ਡੇਅ, ਗਰੈਨੀ ਡੇਅ, ਫ਼ਾਦਰਜ਼, ਮਦਰਜ਼, ਬ੍ਰਦਰਜ਼ ਤੇ ਸਿਸਟਰਜ਼ ਡੇਅ ਮਨਾ ਕੇ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦਾ ਆਪਣੇ ਅਧੀਨ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਖੋਲਣ ਦਾ ਫ਼ੈਸਲਾ ਲੈਣਾ ਹੀ ਪੰਜਾਬੀ-ਵਿਰੋਧੀ ਕਦਮ ਸੀ ਪਰ ਅਜਿਹਾ ਸਕੂਲ ਪੰਜਾਬੀ ਸੂਬੇ ਦੇ ਸੰਘਰਸ਼ ਦੇ ਮੋਹਰੀ ਪੰਜਾਬੀ ਮਾਂ ਦੇ ਸੱਚੇ ਸਪੂਤ ਸੰਤ ਫ਼ਤਹਿ ਸਿੰਘ ਦੇ ਨਾਂ ਉੱਤੇ ਉਹਦੇ ਪਿੰਡ ਖੋਲਣਾ ਪੰਜਾਬੀ ਨਾਲ ਘੋਰ ਬੇਇਨਸਾਫ਼ੀ ਤੇ ਧੱਕੇ ਦਾ ਪ੍ਰਮਾਣ ਹੈ। ਪੰਜਾਬੀ ਦੇ ਠੇਕੇਦਾਰ ਤੇ ਰਖਵਾਲੇ ਹੋਣ ਦਾ ਵਿਖਾਵਾ ਕਰਨ ਵਾਲੇ ਇਨਾਂ ਕਮੇਟੀਬਾਜ਼ਾਂ ਨੂੰ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਰਖਦਿਆਂ ਅਤੇ ਬੱਚਿਆਂ ਤੇ ਅਧਿਆਪਕਾਂ ਲਈ ਅੰਗਰੇਜ਼ੀ ਬੋਲਣੀ ਲਾਜ਼ਮੀ ਕਰਾਰ ਦਿੰਦਿਆਂ ਕੋਈ ਲਾਜ ਨਹੀਂ ਆਈ।

ਬਾਦਲ ਅਕਾਲੀ ਦਲ ਕੇਂਦਰ ਸਮੇਤ ਐਨਡੀਏ ਵਿਚ ਸੱਤਾ ਦਾ ਭਾਈਵਾਲ ਹੈ। ਕੁਦਰਤੀ ਹੈ ਕਿ ਪੰਜਾਬ ਦੇ ਰਾਜ-ਭਾਗ ਵਿਚ ਬੀਜੇਪੀ ਬਰਾਬਰ ਦੀ ਹਿੱਸੇਦਾਰ ਹੈ। ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਕਿਸੇ ਵੀ ਸੰਗਤ ਦਰਸ਼ਨ, ਸਭਾ, ਪ੍ਰੈੱਸ ਕਾਨਫ਼ਰੰਸ ਵਿਚ ਬੋਲ ਰਹੇ ਹੋਣ, ਉਹ ਹੋਰ ਕੁਝ ਕਹਿਣਾ ਤਾਂ ਬੇਸ਼ੱਕ ਭੁੱਲ ਜਾਣ ਪਰ ਸਰਕਾਰ ਚਲਾਉਣ ਵਿਚ ਬੀਜੇਪੀ ਨਾਲ ਨਹੁੰ-ਮਾਸ ਵਾਲੇ ਅਟੁੱਟ ਰਿਸ਼ਤੇ ਉੱਤੇ ਜ਼ੋਰ ਦੇਣਾ ਨਹੀਂ ਭੁੱਲਦੇ। ਅਜਿਹੇ ਵੇਲੇ ਮੈਨੂੰ ਸੁਤੇਸਿਧ ਇਕ ਲੋਕਗੀਤ ਯਾਦ ਆ ਜਾਂਦਾ ਹੈ, "ਅੱਧੀ ਤੇਰੀ ਹਾਂ ਮੁਲਾਹਜੇਦਾਰਾ, ਅੱਧੀ ਹਾਂ ਮੈਂ ਹੌਲਦਾਰ ਦੀ!" ਜਦੋਂ ਤੋਂ ਬਾਦਲ ਜੀ ਨੇ ਬੀਜੇਪੀ ਨਾਲ ਨਹੁੰ-ਮਾਸੀ ਰਿਸ਼ਤਾ ਬਣਾਇਆ ਹੈ, ਉਹ ਪੰਜਾਬ ਦੇ ਤਾਂ ਅੱਧੇ ਹੀ ਰਹਿ ਗਏ ਹਨ, ਬਾਕੀ ਅੱਧੇ ਆਰ.ਐਸ.ਐਸ/ਬੀਜੇਪੀ ਦੇ ਹੋ ਗਏ ਹਨ। ਤੇ ਉਹ ਅੱਧੋ-ਅੱਧ ਦਾ ਇਹ ਧਰਮ ਪੂਰੇ ਸਿਦਕ-ਸਿਰੜ ਨਾਲ ਨਿਭਾਉਂਦੇ ਆਏ ਹਨ। ਕੁਦਰਤੀ ਹੈ ਕਿ ਬੀਜੇਪੀ ਦੇ ਆਗੂ ਅਕਾਲੀਆਂ ਦੇ ਮੰਚਾਂ ਦੀ ਸ਼ੋਭਾ ਵਧਾਉਂਦੇ ਹਨ ਅਤੇ ਅਕਾਲੀ ਆਗੂ ਉਨ੍ਹਾਂ ਦੇ ਮੰਚਾਂ ਦੀ ਰੌਣਕ ਬਣਦੇ ਹਨ। ਜੇ ਇਨਾਂ ਵਿਚੋਂ ਕਿਸੇ ਇਕ ਪਾਰਟੀ ਦੇ ਮੰਚ ਉੱਤੇ ਦੂਜੀ ਪਾਰਟੀ ਦਾ ਕੋਈ ਆਗੂ ਨਾ ਪਹੁੰਚੇ, ਅਖ਼ਬਾਰਾਂ ਵਿਚ ਘੁਸਰ-ਮੁਸਰ ਹੋਣ ਲਗਦੀ ਹੈ।

ਵੈਸੇ ਇਸ ਅਕਾਲੀ-ਬੀਜੇਪੀ "ਨਹੁੰ-ਮਾਸੀ ਅਟੁੱਟ ਰਿਸ਼ਤੇ" ਦਾ ਹੀਜ-ਪਿਆਜ ਇਹ ਹੈ ਕਿ ਭਾਵੇਂ ਪੰਜਾਬ ਦੇ ਨਵੇਂ ਹਾਲਾਤ ਤੋਂ ਮਜਬੂਰ ਹੋ ਕੇ ਬੀਜੇਪੀ ਨੇ ਆਪਣੇ ਪਹਿਲੇ ਅਵਤਾਰ ਜਨਸੰਘ ਵਾਂਗ ਪੰਜਾਬੀ ਨੂੰ ਮਾਤਭਾਸ਼ਾ ਮੰਨਣ ਤੋਂ ਨੰਗਾ-ਚਿੱਟਾ ਇਨਕਾਰ ਕਰਨਾ ਤਾਂ ਛੱਡ ਦਿੱਤਾ ਹੈ ਪਰ ਦਿਲੋਂ ਅਜੇ ਵੀ ਮਾਤਭਾਸ਼ਾ ਵਜੋਂ ਪਰਵਾਨ ਨਹੀਂ ਕੀਤਾ। ਇਕ ਮਿਸਾਲ ਦੇਖੋ, ਪਤਾ ਨਹੀਂ ਕਿਥੋਂ ਲਏ, ਮੇਰੇ ਈਮੇਲ ਪਤੇ ਉੱਤੇ ਪੰਜਾਬ ਬੀਜੇਪੀ ਦੇ ਇਕ ਮੁੱਖ ਆਗੂ ਤੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਦੇ ਨੋਟ ਆਉਂਦੇ ਰਹਿੰਦੇ ਹਨ। ਉਹ ਅੰਗਰੇਜ਼ੀ ਤੇ ਹਿੰਦੀ ਵਿਚ ਹੀ ਹੁੰਦੇ ਹਨ। "ਹਿੰਦੀ, ਹਿੰਦੂ, ਹਿੰਦੁਸਤਾਨ" ਵਾਲੀ ਹਿੰਦੀ ਦੀ ਵਰਤੋਂ ਤਾਂ ਭਲਾ ਸਮਝ ਆਉਂਦੀ ਹੈ ਪਰ ਜੇ ਉਨਾਂ ਨੂੰ ਗੋਰਿਆਂ ਦੀ ਭਾਸ਼ਾ ਵਰਤਣ ਤੋਂ ਸੰਕੋਚ ਨਹੀਂ ਤਾਂ ਪੰਜਾਬੀਆਂ ਤੱਕ ਆਪਣੀ ਗੱਲ ਮਾਤਭਾਸ਼ਾ ਪੰਜਾਬੀ ਵਿਚ ਪਹੁੰਚਦੀ ਕਰਨ ਵਿਚ ਮਾਨਸਿਕ ਕਸ਼ਟ ਕਿਉਂ ਹੁੰਦਾ ਹੈ? ਮਨ ਵਿਚ ਸਵਾਲ ਪੈਦਾ ਹੋ ਸਕਦਾ ਹੈ ਕਿ ਬਾਦਲ ਬੀਜੇਪੀ ਨਾਲ ਪੰਜਾਬੀ ਦਾ ਮੁੱਦਾ ਕਿਉਂ ਨਹੀਂ ਉਠਾਉਂਦੇ? ਪਹਿਲੀ ਗੱਲ ਤਾਂ ਇਹ ਕਿ ਉਹ ਅਜਿਹਾ ਤਦ ਕਰਨ ਜੇ ਆਪ ਪੰਜਾਬੀ ਦੇ ਦਰਦਮੰਦ ਹੋਣ। ਇਹਦੇ ਨਾਲ ਹੀ ਬਾਦਲ ਜੀ ਇਹ ਸੋਚਦੇ ਹੋਣਗੇ, ਤੇ ਸ਼ਾਇਦ ਠੀਕ ਹੀ ਸੋਚਦੇ ਹੋਣਗੇ ਕਿ ਨਹੁੰ-ਮਾਸੀ ਬੀਜੇਪੀ ਨਾਲ ਪੰਜਾਬੀ ਜਿਹੀ ਮਾਮੂਲੀ ਗੱਲ ਦਾ ਪੰਗਾ ਛੇੜ ਕੇ ਬੀਬੀ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਤਾਂ ਨਹੀਂ ਗੁਆਉਣੀ!

ਇਨੀਂ ਦਿਨੀਂ ਅਕਾਲੀਆਂ ਵਲੋਂ ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਮਨਾਉਣ ਦੇ ਫੋਕੇ ਐਲਾਨ ਕੀਤੇ ਜਾ ਰਹੇ ਹਨ। ਅਸਲ ਹਾਲਤ ਇਹ ਹੈ ਕਿ ਸਰਕਾਰ ਦੇ ਭਾਸ਼ਾ ਵਿਭਾਗ ਕੋਲ ਇਹ ਦਿਨ ਮਨਾਉਣ ਲਈ ਧੇਲਾ ਵੀ ਨਹੀਂ। ਦੂਜੇ ਪਾਸੇ ਅਕਾਲੀਆਂ ਦੀ ਅਰਬਪਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਵਾਰ ਤਾਰੀਖ਼ਾਂ ਐਲਾਨਣ ਦੇ ਬਾਵਜੂਦ ਇਸ ਮੌਕੇ ਲਈ ਵਿਉਂਤਿਆ ਗਿਆ ਆਨੰਦਪੁਰ ਸਾਹਿਬ ਵਾਲਾ ਇਕ 'ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ' ਵੀ ਨਹੀਂ ਕਰਵਾ ਸਕੀ। ਪਹਿਲਾਂ ਕਈ ਵਾਰ ਮੁਲਤਵੀ ਕੀਤੇ ਗਏ ਇਸ ਸੰਮੇਲਨ ਦੇ ਸੱਦਾ-ਪੱਤਰ ਆਖ਼ਰ ਕੁਝ ਦਿਨ ਪਹਿਲਾਂ ਲੇਖਕਾਂ ਤੇ ਵਿਦਵਾਨਾਂ ਤੱਕ ਪਹੁੰਚ ਹੀ ਗਏ ਸਨ। ਪਰ ਅਕਸਰ ਅਕਾਲੀਆਂ ਦੇ ਸਿਆਸੀ ਇਕੱਠਾਂ ਦੇ ਪ੍ਰਬੰਧ ਦੀ ਮੁਹਾਰਤ ਦਿਖਾਉਂਦੀ ਰਹਿਣ ਵਾਲੀ ਸ਼੍ਰੋਮਣੀ ਕਮੇਟੀ ਦੀ ਨਾਅਹਿਲੀਅਤ ਦੀ ਹੱਦ ਦੇਖੋ ਕਿ ਲਿਖਤੀ ਸੱਦਾ-ਪੱਤਰ ਭੇਜੇ ਜਾਣ ਮਗਰੋਂ ਹੁਣ ਅਸੰਭਵ ਕੰਮ ਆਖ ਕੇ ਤੇ ਹੱਥ ਖੜੇ ਕਰ ਕੇ ਇਹ ਸੰਮੇਲਨ ਮੁਲਤਵੀ ਨਹੀਂ ਸਗੋਂ ਰੱਦ ਹੀ ਕਰ ਦਿੱਤਾ ਗਿਆ ਹੈ। ਕਿਤੇ ਅਕਾਲੀ ਆਗੂਆਂ ਨੂੰ ਉਥੇ ਕੁਝ ਲੇਖਕਾਂ ਤੇ ਵਿਦਵਾਨਾਂ ਵਲੋਂ ਪੰਜਾਬੀ ਦੇ ਅਸਲ ਮਸਲੇ ਤੇ ਮੁੱਦੇ ਸਾਹਮਣੇ ਲਿਆਂਦੇ ਜਾਣ ਦੀ ਸੰਭਾਵਨਾ ਦਾ ਭੈ ਤਾਂ ਨਹੀਂ ਸੀ ਖਾਣ ਲਗਿਆ?

ਮੈਂ ਬਾਦਲ ਸਰਕਾਰ ਦੀ, ਇਸ ਵਾਰ ਭਿਆਨਕ ਰੂਪ ਧਾਰ ਕੇ ਭੈਭੀਤ ਕਰ ਰਹੀਆਂ, ਚੋਣਾਂ ਦੀ ਮਜਬੂਰੀ ਸਮਝਦਾ ਹਾਂ। ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਮਨਾ ਕੇ ਪੈਸਾ ਫ਼ਜ਼ੂਲ ਰੋੜਨ ਨਾਲੋਂ ਵੋਟਰਾਂ ਨੂੰ ਪਤੀਲੇ-ਕੜਛੀਆਂ ਤੇ ਸਿਲਾਈ ਮਸ਼ੀਨਾਂ ਵਗ਼ੈਰਾ ਵੰਡ ਕੇ ਅਤੇ ਯਾਤਰਾ-ਬੱਸਾਂ ਦੇ ਝੂਟੇ ਦੁਆ ਕੇ ਵੋਟ ਅਕਾਲੀਆਂ ਨੂੰ ਪਾਉਣ ਦੀਆਂ ਸਹੁੰਆਂ ਖੁਆਉਣਾ ਕਰੋੜੀ ਹੋਏ ਚੋਣ-ਭਵਸਾਗਰ ਨੂੰ ਪਾਰ ਕਰਨ ਵਾਸਤੇ ਸ਼ਾਇਦ ਗਊ ਦੀ ਪੂਛ ਸਿੱਧ ਹੋ ਸਕੇ! ਪਰ ਮੁੱਖ ਮੰਤਰੀ ਜੀ ਨੂੰ ਮੈਂ ਇਹ ਬੇਨਤੀ ਜ਼ਰੂਰ ਕਰਨੀ ਚਾਹਾਂਗਾ ਕਿ ਇਸ ਸ਼ੁਭ ਮੌਕੇ ਉਹ ਇਕ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਅਠਾਰਾਂ ਸਾਲਾਂ ਤੋਂ ਦੱਬਿਆ ਹੋਇਆ ਮੁਹਾਲੀ ਵਾਲਾ ਪਲਾਟ ਜ਼ਰੂਰ ਖਾਲੀ ਕਰ ਦੇਣ। ਦੂਜੇ, ਉਹ ਪਤੀਲੇ-ਕੜਛੀਆਂ ਭਾਵੇਂ ਵੀਹ-ਪੰਜਾਹ ਗਰਾਮ ਹਲਕੇ ਬਣਵਾ ਕੇ ਮਾਇਆ ਬਚਾਉਣ ਪਰ ਉਪਰੋਕਤ ਪਲਾਟ ਵਿਚ ਦਫ਼ਤਰ ਉਸਾਰਨ ਲਈ ਐਲਾਨਿਆ ਪੈਸਾ, ਤਤਕਾਲੀ ਮੰਤਰੀ ਉਪਿੰਦਰਜੀਤ ਕੌਰ ਦਾ ਕੁਝ ਸਾਹਿਤਕ ਸੰਸਥਾਵਾਂ ਲਈ ਪਰਵਾਨਿਆ ਪੈਸਾ ਅਤੇ 2010 ਵਿਚ ਆਪਣੇ ਦਫ਼ਤਰ ਵਿਚ ਲੇਖਕਾਂ ਨਾਲ ਹੋਈ ਮੁਲਾਕਾਤ ਸਮੇਂ ਇਕਰਾਰਿਆ ਪੈਸਾ ਔਖੇ-ਸੌਖੇ ਸਾਨੂੰ ਜ਼ਰੂਰ ਦੇ ਦੇਣ!

# Classified

## Bride WANTED

Looking a match for My Nephew, A Saini Sikh, 25 years old, 5 '10" Computer Engineer, completing higher studies in Canada. Girl from California will be prefered. Call at 510 557 6988 or email me Raj@gfbontime.com.

**For Classified Contact**

**510.240.5949**


## ਭਾਈ ਜਿੰਦਾ ਤੇ ਭਾਈ ਸੁੱਖਾ ਦਾ ਸ਼ਹੀਦੀ ਸਮਾਗਮ ਉਤਸ਼ਾਹ, ਵੈਰਾਗ ਅਤੇ ਚੜ੍ਹਦੀ ਕਲਾ ਨਾਲ ਮਨਾਇਆ

ਉਪਰੰਤ ਸਟੇਜ ਸਕੱਤਰ ਭਾਈ ਦਵਿੰਦਰ ਸਿੰਘ ਨੇ ਭਾਈ ਜਿੰਦਾ ਤੇ ਭਾਈ ਸੁੱਖਾ ਦੀਆਂ ਜੇਲ੍ਹ ਚਿੱਠੀਆਂ ਵਾਲੀ ਕਿਤਾਬ ਵਿਚੋਂ ਕੁਝ ਕੀਮਤੀ ਬੋਲ ਸੰਗਤਾਂ ਨਾਲ ਸਾਂਝੇ ਕਰਦਿਆਂ ਉਨ੍ਹਾਂ ਦਾ ਨਿਸ਼ਾਨਾ ਖਾਲਿਸਤਾਨ ਤੇ ਕੌਮ ਦੀ ਆਜ਼ਾਦੀ ਦੱਸਿਆ। ਬੱਦੋਵਾਲ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸ਼ਹੀਦੀ ਪ੍ਰਸੰਗ ਵਿਚ ਸ਼ਹੀਦ ਤੇ ਸ਼ਹੀਦਾਂ ਦੀ ਅਮਰ ਗਾਥਾ ਸੰਗਤਾਂ ਨੂੰ ਚੜ੍ਹਦੀ ਕਲਾ ਵਿਚ ਸੁਣਾ ਕੇ ਨਿਹਾਲ ਕੀਤਾ। ਦੀਵਾਨ ਹਾਲ ਦੇ ਬਾਹਰ ਬੱਚਿਆਂ ਨੇ ਗਤਕੇ ਦੇ ਜੌਹਰ ਵਿਖਾਏ। ਸ਼ਹੀਦਾਂ ਦੀ ਬੋਲੀ ਨਾਲ ਜੁੜੇ ਅੱਖਰਾਂ ਵਾਲੇ ਬੈਨਰ ਤੇ ਖਾਲਿਸਤਾਨੀ ਝੰਡੇ- ਨਿਸ਼ਾਨ ਸਾਹਿਬ ਝੂਲਦੇ ਰਹੇ, ਜਿਸ ਨਾਲ ਗੁਰਦੁਆਰੇ ਦਾ ਸਾਰਾ ਮਾਹੌਲ ਸ਼ਹੀਦੀ ਰੰਗ ਵਿਚ ਰੰਗਿਆ ਗਿਆ। ਸਮੂਹ ਪੰਥਕ ਜਥੇਬੰਦੀਆ ਦੇ ਮੈਂਬਰਾਂ ਨੇ ਹਾਜ਼ਰੀ ਭਰਦਿਆਂ ਸੰਗਤ ਦੀ ਹਾਜ਼ਰੀ ਵਿਚ ਭਾਰੀ ਵਾਧਾ ਕੀਤਾ।

## ਸਿੱਖ ਭਾਈਚਾਰੇ ਵਲੋਂ ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ ਬੀਬੀ ਸ਼ਰਨ ਕੌਰ ਨੂੰ ਜਿਤਾਉਣ ਦਾ ਸੱਦਾ

ਉਸਦੀਆਂ ਪਹਿਲਤਾਵਾਂ ਵਿੱਚ -ਸਾਇੰਸ, ਟਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (S.T.E.M.) ਦੀ ਪੜ੍ਹਾਈ ਉੱਤੇ ਅਮਲ ਲਈ ਜ਼ੋਰ, ਮਦਦਗਾਰ ਅਤੇ ਸੁਰਖਿਅਤ ਮਾਹੌਲ ਦੀ ਸਿਰਜਣਾ ਅਤੇ ਮਾਪਿਆਂ ਅਤੇ ਕਮਿਊਨਿਟੀ ਵਿਚਾਲੇ ਆਪਸੀ ਸਹਿਯੋਗ ਵਧਾਉਣਾ ਹੈ ਤਾਂ ਸਭਨਾਂ ਦੇ ਰਲ ਮਿਲ ਕੇ ਹੀ ਸੁੰਦਰ ਭਵਿੱਖ ਦੀ ਸਿਰਜਣਾ ਸੰਭਵ ਹੋ ਸਕੇ।

ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਭਾਈਚਾਰੇ ਦੀਆਂ ਉੱਘੀਆਂ ਸਖ਼ਸ਼ੀਅਤਾਂ ਵਲੋਂ ਸਾਂਝੇ ਤੌਰ ਉੱਤੇ ਸਿੱਖ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ 8 ਨਵੰਬਰ ਵਾਲੇ ਦਿਨ ਸ਼ਰਨ ਕੌਰ ਨੂੰ ਵੋਟ ਪਾਉਣਾ ਨਾ ਭੁੱਲਿਓ।

## ਨਵਜੋਤ ਕੌਰ ਸਿੱਧੂ ਵੱਲੋਂ ਭਾਜਪਾ ਤੋਂ ਅਸਤੀਫ਼ਾ

ਵਰਕਰਾਂ ਦੀ ਜਗ੍ਹਾ ਅਕਾਲੀਆਂ ਦੀ ਮੰਨਦੇ ਸਨ ਅਤੇ ਉਨ੍ਹਾਂ ਨੇ ਆਪਣੀ ਪ੍ਰਧਾਨਗੀ ਦੌਰਾਨ ਕਈ ਗਲਤ ਵਿਅਕਤੀ ਪਾਰਟੀ ਵਿਚ ਉਚ ਅਹੁਦਿਆਂ 'ਤੇ ਬਿਠਾਏ। ਡਾ. ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਪਤੀ ਨਵਜੋਤ ਸਿੱਧੂ ਨੂੰ ਵੀ ਪੰਜਾਬ ਖਾਸਕਰ ਅੰਮ੍ਰਿਤਸਰ ਤੋਂ ਦੂਰ ਕਰਨ ਵਿਚ ਉਕਤ ਆਗੂਆਂ ਅਤੇ ਰਾਜਿੰਦਰ ਮੋਹਨ ਸਿੰਘ ਛੀਨਾ ਨੇ ਅਹਿਮ ਰੋਲ ਨਿਭਾਇਆ ਹੈ। ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਕੋਲ ਜਾ ਸਿੱਧੂ ਨੂੰ ਪੰਜਾਬ ਤੋਂ ਬਾਹਰ ਭੇਜਣ ਦੀ ਵਕਾਲਤ ਕੀਤੀ ਸੀ। ਅਕਾਲੀ ਦਲ ਸ਼ਹਿਰੀ ਅੰਮ੍ਰਿਤਸਰ ਦੇ ਸਾਬਕਾ ਪ੍ਰਧਾਨ ਸ. ਉਪਕਾਰ ਸਿੰਘ ਵੱਲੋਂ ਉਨ੍ਹਾਂ ਖਿਲਾਫ਼ ਕੀਤੀ ਜਾਂਦੀ ਬਿਆਨਬਾਜ਼ੀ ਬਾਰੇ ਉਨ੍ਹਾਂ ਕਿਹਾ ਕਿ ਸੰਧੂ ਨੇ ਉਨ੍ਹਾਂ ਕੋਲ ਮੰਨਿਆ ਸੀ ਕਿ ਉਨ੍ਹਾਂ ਖਿਲਾਫ਼ ਬਿਆਨਬਾਜ਼ੀ ਕਰਨ ਲਈ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਦੇਸ਼ ਦਿੱਤੇ ਸਨ।

ਡਾ. ਸਿੱਧੂ ਨੂੰ ਜਦੋਂ ਪੁੱਛਿਆ ਕਿ ਭਾਜਪਾ ਦੀ ਮੈਂਬਰਸ਼ਿੱਪ ਤੋਂ ਅਸਤੀਫਾ ਦੇਣ ਤੋਂ ਬਾਅਦ ਉਨ੍ਹਾਂ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਕਿਉਂ ਨਹੀਂ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਵਿਕਾਸ ਕਾਰਜਾਂ ਲਈ ਸਰਕਾਰ ਨੇ ਫੰਡ ਜਾਰੀ ਕੀਤੇ ਹਨ ਤੇ ਉਨ੍ਹਾਂ ਪੈਸਿਆਂ ਦੀ ਦੁਰਵਰਤੋਂ ਹੋਣ ਤੋਂ ਰੋਕਣ ਤੇ ਵਿਕਾਸ ਕਾਰਜਾਂ ਦੀ ਨਿਗਰਾਨੀ ਲਈ, ਜ਼ਿਮਨੀ ਚੋਣਾਂ ਸੰਭਵ ਨਾ ਹੋਣ ਕਾਰਨ ਉਨ੍ਹਾਂ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ। ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋਣ 'ਤੇ ਉਨ੍ਹਾਂ ਕਿਹਾ ਕਿ ਜਦੋਂ ਤੱਕ ਉਹ ਭਾਜਪਾ ਦਾ ਹਿੱਸਾ ਸਨ ਤਾਂ ਕਿਸੇ ਹੋਰ ਪਾਰਟੀ ਦੇ ਆਗੂਆਂ ਨੂੰ ਨਹੀਂ ਮਿਲੇ ਅਤੇ ਅਜੇ ਵੀ ਉਹ ਕਿਸੇ ਹੋਰ ਪਾਰਟੀ ਦੇ ਸੰਪਰਕ ਵਿਚ ਨਹੀਂ ਆਏ। ਉਨ੍ਹਾਂ ਅਜੇ ਕਿਸੇ ਹੋਰ ਪਾਰਟੀ ਵਿਚ ਜਾਣ ਦਾ ਮਨ ਨਹੀਂ ਬਣਾਇਆ ਹੈ ਅਤੇ ਆਉਂਦੇ ਦਿਨਾਂ ਵਿਚ ਉਹ ਇਸ ਬਾਰੇ ਕੋਈ ਫੈਸਲਾ ਲੈਣਗੇ। ਅਵਾਜ਼-ਏ-ਪੰਜਾਬ ਬਾਰੇ ਉਨ੍ਹਾਂ ਕਿਹਾ ਕਿ ਇਹ ਗੁੱਟ ਉਨ੍ਹਾਂ ਗੁੱਟਾਂ ਦਾ ਇੱਕ ਹਿੱਸਾ ਹੈ ਜਿਹੜੇ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਦੇ ਖਿਲਾਫ਼ ਹਨ।

ਹੁਣ ਇਹ ਦੇਖਣਾ ਹਾਲੇ ਬਾਕੀ ਹੈ ਕਿ ਸਿੱਧੂ ਜੋੜੀ ਦੀ ਸੁਰ ਕਾਂਗਰਸ ਨਾਲ ਮਿਲਦੀ ਹੈ ਜਾਂ 'ਆਵਾਜ਼-ਏ-ਪੰਜਾਬ' ਨਾਂਅ ਦਾ ਨਵਾਂ ਮੋਰਚਾ ਖੜ੍ਹਾ ਕਰਕੇ ਕੋਈ ਵੱਖਰਾ ਰਸਤਾ ਅਖਤਿਆਰ ਕਰਦੇ ਹਨ। ਸਿੱਧੂ-ਜੋੜੀ ਦੀ ਕਈ ਹਫ਼ਤੇ ਤੱਕ ਇਹ ਭਰਪੂਰ ਕੋਸ਼ਿਸ਼ ਸੀ ਕਿ ਉਹ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਵਿਚ 'ਆਪ' ਦੀ ਕਮਾਂਡ ਸੰਭਾਲਣ, ਪਰ ਇਹ ਕੋਸ਼ਿਸ਼ ਉਨ੍ਹਾਂ ਦੀ ਸਿਰੇ ਨਾ ਲੱਗ ਸਕੀ। ਇਕ ਗੱਲ ਸਪਸ਼ਟ ਦਿਖਾਈ ਦੇ ਰਹੀ ਹੈ ਕਿ ਸਿੱਧੂ ਜੋੜੀ ਸਿਆਸੀ ਤੌਰ 'ਤੇ ਕਿਸੇ ਇਕ ਪਾਰਟੀ ਨਾਲ ਹੀ ਸਬੰਧਤ ਰਹਿਣਗੇ। ਇਨ੍ਹਾਂ ਵਿਚੋਂ ਕੇਵਲ ਕਾਂਗਰਸ ਵੱਲ ਹੀ ਇਸ਼ਾਰਾ ਕੀਤਾ ਜਾ ਸਕਦਾ ਹੈ ਪਰ ਕਦੇ-ਕਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਉਨ੍ਹਾਂ ਵੱਲ ਅੱਖਾਂ ਫੇਰ ਲੈਂਦੇ ਹਨ। ਨੇੜਲੇ ਭਵਿੱਖ ਵਿਚ ਸਿੱਧੂ ਜੋੜੀ ਦੀ ਸਿਆਸੀ ਲਾਈਨ ਸਪਸ਼ਟ ਹੋਣ ਦੀ ਸੰਭਾਵਨਾ ਹੈ।

## ਟਰੰਪ ਨੇ ਆਪਣੀ ਧੀ ਇਵਾਂਕਾ ਬਾਰੇ ਵੀ ਕੀਤੀਆਂ ਸਨ ਵਿਵਾਦਤ ਟਿੱਪਣੀਆਂ

ਨਾਲ ਰਿਸ਼ਤੇ ਤੋੜ ਲੈਣ ਵਰਗੇ ਵਿਸ਼ਿਆਂ 'ਤੇ ਗੱਲ ਕੀਤੀ ਸੀ।

ਟਰੰਪ ਕਈ ਵਾਰ ਸਟਰਨ ਦੇ ਰੇਡੀਓ ਪ੍ਰੋਗਰਾਮ ਵਿਚ ਆਏ ਸਨ ਤੇ ਇਸ ਵਿਚ ਉਨ੍ਹਾਂ ਦੀ ਮੌਜੂਦਗੀ ਦੀਆਂ ਕਈ ਵਾਰ ਖ਼ਬਰਾਂ ਵੀ ਸਾਹਮਣੇ ਆ ਚੁੱਕੀਆਂ ਹਨ। ਹਾਲਾਂਕਿ ਸੀ.ਐਨ.ਐਨ. ਨੇ ਉਨ੍ਹਾਂ ਹਿੱਸਿਆਂ ਨੂੰ ਪ੍ਰਕਾਸ਼ਤ ਕੀਤਾ ਹੈ, ਜਿਨ੍ਹਾਂ ਦੀਆਂ ਖ਼ਬਰਾਂ ਹੁਣ ਤਕ ਸਾਹਮਣੇ ਨਹੀਂ ਆਈਆਂ ਸਨ ਤੇ ਜਿਨ੍ਹਾਂ ਵਿਚ ਟਰੰਪ ਨੇ ਅਭੱਦਰ ਗੱਲਾਂ ਕਹੀਆਂ ਸਨ।

ਸਟਰਨ ਨੂੰ ਦਿੱਤੇ ਇਕ ਤੋਂ ਜ਼ਿਆਦਾ ਇੰਟਰਵਿਊ ਵਿਚ ਟਰੰਪ ਨੇ ਇਵਾਂਕਾ ਦੇ ਸਰੀਰ ਅਤੇ ਉਸ ਦੇ ਹਾਵ-ਭਾਵ 'ਤੇ ਚਰਚਾ ਕੀਤੀ। ਅਕਤੂਬਰ 2006 ਵਿਚ ਦਿੱਤੇ ਇਕ ਇੰਟਰਵਿਊ ਵਿਚ ਸਟਰਨ ਨੇ ਕਿਹਾ ਕਿ ਇਵਾਂਕਾ, 'ਪਹਿਲਾਂ ਨਾਲੋਂ ਜ਼ਿਆਦਾ ਕਾਮੁਕ ਲੱਗ ਰਹੀ ਹੈ।' ਆਪਣੀ ਧੀ ਬਾਰੇ ਗੱਲਬਾਤ ਕਰਨਾ ਚਾਹ ਰਹੇ ਟਰੰਪ ਨੇ ਸਟਰਨ ਨੂੰ ਦੱਸਿਆ ਕਿ ਉਸ ਨੇ 'ਇੰਪਲਾਂਟ' ਨਹੀਂਕਰਵਾਇਆ ਹੈ, ਭਾਵ ਸਰੀਰ ਦਾ ਇਕ ਖ਼ਾਸ ਅੰਗ ਆਪਣੇ ਸਰੀਰ ਵਿਚ ਨਹੀਂ ਲਗਵਾਇਆ ਹੈ।

ਟਰੰਪ ਨੇ ਇਹ ਵੀ ਕਿਹਾ, 'ਅਸਲ ਵਿਚ ਉਹ ਹਮੇਸ਼ਾ ਤੋਂ ਕਾਮੁਕ ਰਹੀ ਹੈ।' ਟਰੰਪ ਦੇ ਹਵਾਲੇ ਨਾਲ ਸੀ.ਐਨ. ਐਨ. ਨੇ ਕਿਹਾ, 'ਉਹ ਲੰਬੀ ਹੈ, ਕਰੀਬ 6 ਫੁੱਟ ਲੰਬੀ ਤੇ ਉਹ ਗਜ਼ਬ ਦੀ ਖ਼ੂਬਸੂਰਤ ਰਹੀ ਹੈ।' ਸਤੰਬਰ 2004 ਵਿਚ ਇਕ ਹੋਰ ਇੰਟਰਵਿਊ ਵਿਚ ਸਟਰਨ ਨੇ ਟਰੰਪ ਤੋਂ ਸਵਾਲ ਕੀਤਾ ਕਿ ਕੀ ਉਹ ਇਵਾਂਕਾ ਨੂੰ 'ਏ ਪੀਸ ਆਫ਼ ਏ...' ਕਹਿ ਸਕਦੇ ਹਨ, ਇਸ 'ਤੇ ਟਰੰਪ ਨੇ ਕਿਹਾ, 'ਹਾਂ'। ਸਟਰਨ ਨੂੰ ਦਿੱਤੇ ਇਕ ਇੰਟਰਵਿਊ ਵਿਚ ਟਰੰਪ ਨੇ ਇਕ ਖ਼ਾਸ ਉਮਰ ਮਗਰੋਂ ਔਰਤਾਂ ਨੂੰ ਛੱਡ ਕੇ ਘੱਟ ਉਮਰ ਵਾਲੀਆਂ ਔਰਤਾਂ ਨਾਲ ਇਸ਼ਕ ਲੜਾਉਣ 'ਤੇ ਵੀ ਗੱਲਬਾਤ ਕੀਤੀ। ਸਾਲ 2002 ਵਿਚ ਦਿੱਤੇ ਇਕ ਇੰਟਰਵਿਊ ਵਿਚ ਟਰੰਪ ਨੇ 30 ਨੂੰ 'ਸਹੀ ਉਮਰ' ਕਰਾਰ ਦਿੰਦਿਆਂ ਕਿਹਾ ਕਿ 'ਜਦੋਂ ਤੱਕ ਉਹ 35 ਦੀ ਨਾ ਹੋ ਜਾਵੇ।' ਇਨ੍ਹਾਂ ਅਭੱਦਰ ਟਿੱਪਣੀਆਂ ਦੇ ਸਾਹਮਣੇ ਆਉਣ ਮਗਰੋਂ ਰਾਸ਼ਟਰਪਤੀ ਅਹੁਦੇ ਦੀ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਲੜ-ਖੜਾ ਗਈ ਹੈ। ਰਿਪਬਲਿਕਨ ਪਾਰਟੀ ਦੇ ਕਈ ਚੋਟੀ ਦੇ ਨੇਤਾ ਟਰੰਪ ਤੋਂ ਦੂਰੀ ਬਣਾ ਰਹੇ ਹਨ।

ਜ਼ਿਕਰਯੋਗ ਹੈ ਕਿ ਟਰੰਪ ਦਾ ਔਰਤ ਵਿਰੋਧੀ ਟਿੱਪਣੀਆਂ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਲਈ ਮੁਸ਼ਕਲਾਂ ਉਸ ਵੇਲੇ ਪੈਦਾ ਹੋਈਆਂ ਜਦੋਂ 'ਵਾਸ਼ਿੰਗਟਨ ਪੋਸਟ' ਅਖ਼ਬਾਰ ਨੇ ਟਰੰਪ ਦੀਆਂ ਅਭੱਦਰ ਟਿੱਪਣੀਆਂ ਦੇ ਆਡੀਓ ਦਾ ਪੂਰਾ ਬਿਓਰਾ ਛਾਪ ਦਿੱਤਾ। ਇਸ ਵਿਚ ਉਹ ਕਹਿ ਰਹੇ ਹਨ ਕਿ ਔਰਤਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਉਹ ਸਭ ਕੁਝ ਕਰਨ ਦਿੱਤਾ ਜੋ ਉਹ ਚਾਹੁੰਦੇ ਸਨ, ਕਿਉਂਕਿ ਉਹ ਵੱਡੀ ਹਸਤੀ ਹੈ।

## ਸਰਜੀਕਲ ਸਟਰਾਈਕਸ : ਸਿੱਖ ਭਾਈਚਾਰਾ ਅਲੱਗ ਥਲੱਗ ਜਿਹਾ ਕਿਉਂ ?

ਜਿੰਦਾ ਨੇ ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਨੂੰ ਲਿਖੀ ਇਕ ਚਿੱਠੀ ਰਾਹੀਂ ਪ੍ਰਗਟ ਵੀ ਕੀਤੀ ਸੀ। ਇਸ ਲਈ ਹਿੰਦੂਆਂ ਨਾਲ ਸਾਡੀ ਕੋਈ ਵਿਸ਼ੇਸ਼ ਸਾਂਝ ਨਹੀਂ ਅਤੇ ਮੁਸਲਮਾਨ ਭਰਾਵਾਂ ਨਾਲ ਸਾਡੀ ਕੋਈ ਵਿਸ਼ੇਸ਼ ਦੁਸ਼ਮਣੀ ਨਹੀਂ। ਜਿਵੇਂ ਕਿ ਇਹੋ ਜਿਹਾ ਗੁੰਮਰਾਹਕੁੰਨ ਪ੍ਰਚਾਰ ਅਕਸਰ ਹੀ ਸਾਡੇ ਦਿਲਾਂ ਵਿਚ ਵਸਾਇਆ ਜਾਂਦਾ ਹੈ ਅਤੇ ਇਹੋ ਜਿਹੇ ਪ੍ਰਚਾਰ ਵਿਚ ਸਾਡੇ ਆਪਣੇ ਵੀ ਸ਼ਾਮਲ ਹੋ ਜਾਂਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਸੰਕਟ ਦੀ ਘੜੀ ਵਿਚ ਹੁਣ ਕੀ ਕੀਤਾ ਜਾਵੇ ? ਖ਼ਾਲਸੇ ਨੂੰ ਮਿਲ ਬੈਠਣ ਦੀ ਭਾਰੀ ਲੋੜ ਹੈ। ਸਰਜੀਕਲ ਹਮਲੇ ਪਿਛੋਂ ਭਾਰਤ ਅਤੇ ਪਾਕਿਸਤਾਨ ਵਿਚ ਤਣਾਓ ਹੈ। ਜੰਗ ਦਾ ਮਾਹੌਲ ਬਣਾ ਦਿੱਤਾ ਗਿਆ ਹੈ। ਦੋਵਾਂ ਮੁਲਕਾਂ ਕੋਲ ਪਰਮਾਣੂ ਹਥਿਆਰ ਹਨ। ਪਰ ਅਸੀਂ ਅਮਨ ਚਾਹੁੰਦੇ ਹਾਂ। ਅਸੀਂ ਹੀ ਦੋਵਾਂ ਮੁਲਕਾਂ ਨੂੰ ਜੰਗ ਕਰਨ ਤੋਂ ਰੋਕ ਸਕਦੇ ਹਾਂ ਕਿਉਂਕਿ ਅਸੀਂ ਜੰਗ ਦੀ ਸੂਰਤ ਵਿਚ ਸਭ ਤੋਂ ਵੱਧ ਬਰਬਾਦ ਹੋਵਾਂਗੇ ਅਤੇ ਇਸ ਤੋਂ ਇਲਾਵਾ ਦੋਵੇਂ ਮੁਲਕ ਸਾਡੀ ਡਿਪਲੋਮੇਟਿਕ ਵਿਚੋਲਗਿਰੀ ਨੂੰ ਪ੍ਰਵਾਨ ਕਰ ਸਕਦੇ ਹਨ। ਦੋਵਾਂ ਮੁਲਕਾਂ ਦੇ ਸਾਹਿਤ ਤੇ ਸਭਿਆਚਾਰ ਨਾਲ ਸਾਡੀ ਗੂੜ੍ਹੀ ਸਾਂਝ ਹੈ। ਹੀਰ-ਰਾਂਝੇ, ਸੱਸੀ-ਪੁੰਨੂ, ਸੋਹਣੀ-ਮਹਿਵਾਲ, ਵਾਰਿਸ਼ ਸ਼ਾਹ, ਪੀਰ ਬੁੱਧੂ ਸ਼ਾਹ ਅਤੇ ਹੋਰ ਅਨੇਕਾਂ ਸਾਡੇ ਹੀ ਭੈਣ ਭਰਾ ਹਨ। ਸਾਡੇ ਦੋਵਾਂ ਮੁਲਕਾਂ ਨਾਲ ਸਿਧਾਂਤਕ ਵਖ਼ਰੇਵੇਂ ਵੀ ਹਨ ਪਰ ਸਾਡੀਆਂ ਸਾਂਝਾਂ ਮਜ਼ਬੂਤ ਹਨ। ਅਸੀਂ ਭਾਰਤੀ ਹਾਕਮਾਂ ਵਾਂਗ ਪਾਕਿਸਤਾਨ ਅਤੇ ਉਥੋਂ ਦੇ ਲੋਕਾਂ ਨੂੰ ਨਫ਼ਰਤ ਜਾਂ ਈਰਖਾ ਨਹੀਂ ਕਰ ਸਕਦੇ, ਜਿਵੇਂ ਕਿ ਅੱਜ ਕੱਲ੍ਹ ਇਹ ਹਾਕਮ ਅਕਸਰ ਹੀ ਆਪਣੇ ਬਿਆਨਾਂ ਰਾਹੀਂ ਨਫ਼ਰਤ ਦਾ ਜ਼ਹਿਰ ਉਗਲਦੇ ਰਹਿੰਦੇ ਹਨ। ਸੱਚ ਤਾਂ ਇਹ ਹੈ ਕਿ ਅਸੀਂ ਕੂਟਨੀਤਿਕ ਤੌਰ 'ਤੇ ਬਲਵਾਨ ਨਹੀਂ ਹਾਂ। ਸਾਨੂੰ ਆਪਣੀ ਤਾਕਤ ਦਾ ਅਹਿਸਾਸ ਨਹੀਂ ਅਤੇ ਅਸੀਂ ਆਪਣੀ ਇਤਿਹਾਸਕ ਸ਼ਕਤੀ ਨੂੰ ਭਾਰਤੀ ਸਟੇਟ ਦੇ ਗਹਿਣੇ ਰੱਖਿਆ ਹੋਇਆ ਹੈ। ਇਸ ਤੋਂ ਆਜ਼ਾਦ ਹੋਣ ਦੀ ਲੋੜ ਹੈ। ਅੱਜ ਇਹ ਸੁਨਹਿਰੀ ਮੌਕਾ ਸਾਨੂੰ ਮਿਲਿਆ ਹੋਇਆ ਹੈ।

ਸਾਨੂੰ ਸਭਨਾਂ ਨੂੰ ਹੀ ਨਾਲ ਰਲਾਉਣ ਤੇ ਸਹਿਮਤ ਕਰਾਉਣ ਦੀ ਵੀ ਲੋੜ ਹੈ। ਪੰਜਾਬ ਦੇ ਹਿੰਦੂ ਭਰਾ ਸਦਾ ਹੀ ਦਿੱਲੀ ਤੋਂ ਪ੍ਰੇਰਣਾ ਤੇ ਸੁਰੱਖਿਆ ਲੈਂਦੇ ਰਹੇ ਹਨ। ਇਸ ਧਰਤੀ ਦੀ ਮਿੱਟੀ ਦੀ ਖ਼ੁਸ਼ਬੋ, ਇਥੋਂ ਦੀ ਪੰਜਾਬੀ ਬੋਲੀ ਉਨ੍ਹਾਂ ਦੀ ਰੂਹ ਦਾ ਹਿੱਸਾ ਨਹੀਂ ਬਣ ਸਕੀ। ਹਾਲ ਵਿਚ ਹੀ ਹਰਿਆਣਾ 'ਚ ਜਿਵੇਂ ਜਾਟ ਅੰਦੋਲਨ ਦੌਰਾਨ ਜਾਟਾਂ ਨੇ ਪੰਜਾਬੀ ਹਿੰਦੂਆਂ ਦੇ ਘਰ-ਘਾਟ ਬਰਬਾਦ ਕੀਤੇ ਹਨ ਅਤੇ ਜਿਵੇਂ ਦਿੱਲੀ ਤਮਾਸ਼ਬੀਨ ਹੀ ਬਣੀ ਰਹੀ, ਉਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਭਰਾਵਾਂ ਨੂੰ ਪੰਜਾਬ ਦੀ ਮਿੱਟੀ ਨਾਲ ਜੁੜਨ ਅਤੇ ਇਸ ਮਿੱਟੀ ਦੀ ਰਾਖੀ ਲਈ ਜਦੋ-ਜਹਿਦ ਕਰਨ ਦੀ ਕਿੰਨੀ ਲੋੜ ਹੈ। ਸ਼ਿਵ ਕੁਮਾਰ, ਧਨੀ ਰਾਮ ਚਾਤ੍ਰਿਕ, ਕ੍ਰਿਪਾ ਰਾਮ ਸਾਗਰ, ਬਲਰਾਜ ਸਾਹਨੀ, ਟੋਡਰ ਮਲ ਅਤੇ ਹੋਰ ਅਨੇਕਾਂ ਸਾਹਿਤਕਾਰ, ਐਕਟਰ ਤੇ ਸ਼ਾਇਰ ਇਸੇ ਮਿੱਟੀ ਨੇ ਹੀ ਪੈਦਾ ਕੀਤੇ ਹਨ।

ਇਕ ਹੋਰ ਭੁਲੇਖੇ ਤੋਂ ਵੀ ਆਜ਼ਾਦ ਹੋਣ ਦੀ ਲੋੜ ਹੈ। ਅੱਜ ਸਾਨੂੰ ਸਭਨਾਂ ਨੂੰ ਇਹ ਸਮਝਣ ਤੇ ਦੁਨੀਆਂ ਨੂੰ ਸਮਝਾਉਣ ਦੀ ਲੋੜ ਹੈ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਕੁੱਝ ਸਾਥੀ ਸਿੱਧੇ ਤੌਰ 'ਤੇ ਸਿੱਖ ਪੰਥ ਦੇ ਦੁਸ਼ਮਣਾਂ ਦੀ ਕਤਾਰ ਵਿਚ ਖਲੋ ਗਏ ਹਨ। ਇਹ ਸਿੱਖੀ ਦੇ ਜਿਸਮ ਤੇ ਸਿੱਖੀ ਦੀ ਰੂਹ, ਦੋਵਾਂ ਇਤਿਹਾਸਕ ਸੱਚਾਈਆਂ ਦਾ ਹੀ ਸ਼ਿਕਾਰ ਕਰ ਰਹੇ ਹਨ। ਇਹ ਉਹ ਬੋਲੀ ਬੋਲ ਰਹੇ ਹਨ ਜੋ ਦੁਸ਼ਮਣ ਲੁਕ ਕੇ ਬੋਲਦੇ ਹਨ ਪਰ ਇਹ ਖੁੱਲ੍ਹੇਆਮ ਬੋਲ ਰਹੇ ਹਨ। ਲੇਕਿਨ ਅਕਾਲੀ ਦਲ ਵਿਚ ਅਜਿਹੇ ਲੋਕਾਂ ਦੀ ਗਿਣਤੀ ਬੇਸ਼ੁਮਾਰ ਹੈ ਜੋ ਇਸ ਸਾਰੇ ਵਰਤਾਰੇ ਤੋਂ ਦੁਖੀ ਹਨ ਪਰ ਖ਼ਾਮੋਸ਼ ਹਨ। ਕੁਝ ਸਹਿਮੇ ਤੇ ਡਰੇ ਹੋਏ ਹਨ, ਕੁਝ ਮਜਬੂਰ ਹਨ, ਕੁਝ ਸਵਾਰਥੀ ਬਣ ਚੁੱਕੇ ਹਨ ਪਰ ਕੁਝ ਹਾਲਤਾਂ ਉੱਤੇ ਕੜੀ ਨਿਗਾਹ ਵੀ ਰੱਖ ਰਹੇ ਹਨ। ਇਨ੍ਹਾਂ ਸਭਨਾਂ ਨੂੰ ਆਪਣੇ ਨਾਲ ਜੋੜਿਆ ਜਾ ਸਕਦਾ ਹੈ। ਇਹੋ ਰਾਜਨੀਤਿਕ ਸਿਆਣਪ ਹੈ। ਇਕ ਹੋਰ ਗੱਲ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਉਹ ਇਹ ਹੈ ਕਿ ਪ੍ਰਕਾਸ਼ ਬਾਦਲ, ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਰਾਜਨੀਤਿਕ ਯਾਰ ਜੋ ਦੇਸ਼ ਭਗਤੀ ਦੀ ਗੱਲ ਕਰਦੇ ਹਨ, ਜੋ ਅਮਨ ਦੀ ਗੱਲ ਕਰਦੇ ਹਨ ਉਹ ਸਾਡੇ ਅਮਨ ਤੇ ਸਾਡੀ ਦੇਸ਼ ਭਗਤੀ ਦੇ ਸੰਕਲਪ ਨਾਲੋਂ ਵੱਖਰੀ ਹੈ। ਸਾਡੀ ਦੇਸ਼ ਭਗਤੀ ਦਾ ਸੰਕਲਪ ਸਿੱਖੀ ਰੂਹ ਵਿਚੋਂ ਨਿਕਲਦਾ ਹੈ ਜਦਕਿ ਬਾਦਲਾਂ ਦੀ ਦੇਸ਼ ਭਗਤੀ ਦਾ ਸੋਮਾ ਹਿੰਦੂਤਵ ਹੈ।

ਅਜੇ ਤਾਂ ਅਸੀਂ ਇਕਲਾਪੇ ਦਾ ਹੀ ਦਰਦ ਹੰਢਾ ਰਹੇ ਜਾਪਦੇ ਹਾਂ। ਕੋਈ ਵੀ ਸਿੱਖ ਕੌਮ ਦੇ ਭੇਤਾਂ ਦਾ ਹਾਣੀ ਨਹੀਂ ਬਣ ਰਿਹਾ। ਕਿਸੇ ਸ਼ਾਇਰ ਦੀ ਇਹ ਟਿੱਪਣੀ ਕੀ ਸਮੁੱਚੀ ਕੌਮ ਨੂੰ ਹੀ ਵੰਗਾਰ ਨਹੀਂ ਪਾ ਰਹੀ ?

ਨਹੀਂ ਦਿਸਦੀ ਕਿਸੇ ਦੇ ਖ਼ੂਨ ਵਿਚ ਵੀ ਮੈਨੂੰ ਉਹ ਸੁਰਖ਼ੀ ਜੋ ਮੇਰੀ ਗੱਲ ਨੂੰ ਪਹੁੰਚੇ, ਮੇਰਾ ਹਮਰਾਜ਼ ਅਖਵਾਏ।

## ਅਕਾਲੀ-ਕਾਂਗਰਸੀਆਂ ਵਿਚਾਲੇ ਝੜਪ ਸਬੰਧੀ 9 ਆਗੂਆਂ ਖ਼ਿਲਾਫ਼ ਕੇਸ ਦਰਜ

ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ ਦੁਸਹਿਰੇ ਮੌਕੇ ਚੰਡੀਗੜ੍ਹ ਸੜਕ 'ਤੇ ਸਥਿਤ ਗਲਾਡਾ ਗਰਾਊਂਡ ਵਿਚ ਨਸ਼ੇ ਰੂਪੀ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਫੂਕਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ ਪਰ ਅਕਾਲੀ ਆਗੂਆਂ ਦਾ ਕਹਿਣਾ ਸੀ ਕਿ ਇਸ ਆੜ ਵਿਚ ਕਾਂਗਰਸੀਆਂ ਵੱਲੋਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਮਾਲ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਦੇ ਪੁਤਲੇ ਫੂਕਣੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਤਾਂ ਸਿਰਫ਼ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੂੰ ਅਜਿਹਾ ਨਾ ਕਰਨ ਲਈ ਕਹਿਣ ਲਈ ਗਏ ਸਨ ਕਿ ਇਨ੍ਹਾਂ ਕਾਂਗਰਸੀਆਂ ਵੱਲੋਂ ਉਨ੍ਹਾਂ 'ਤੇ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹਮਲਾ ਕਰ ਦਿੱਤਾ ਗਿਆ, ਜਦਕਿ ਕਾਂਗਰਸੀ ਆਗੂਆਂ ਦਾ ਕਹਿਣਾ ਸੀ ਕਿ ਅਕਾਲੀ ਵਰਕਰ ਅਤੇ ਆਗੂਆਂ ਨੇ ਹਥਿਆਰਾਂ ਨਾਲ ਲੈਸ ਹੋ ਕੇ ਉਨ੍ਹਾਂ 'ਤੇ ਹਮਲਾ ਕੀਤਾ।

## ਬੁਲਾਰੀਆ ਨੇ ਵਿਧਾਇਕੀ ਤੋਂ ਅਸਤੀਫ਼ਾ ਦਿੱਤਾ

ਗੜ੍ਹ ਬਣ ਗਿਆ ਸੀ ਅਤੇ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ ਤੋਂ ਬਾਅਦ ਇੱਥੇ ਕੋਈ ਕਾਂਗਰਸੀ ਜਿੱਤ ਨਹੀਂ ਸਕਿਆ ਸੀ ਪਰ ਹੁਣ ਬੁਲਾਰੀਆ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਇੱਕ ਵਾਰ ਫਿਰ ਅਕਾਲੀਆਂ ਦੇ ਗੜ੍ਹ ਕਹੇ ਜਾਣ ਵਾਲੇ ਇਸ ਹਲਕੇ ਵਿਚ ਕਾਂਗਰਸ ਨੇ ਵੱਡੀ ਘੁਸਪੈਠ ਕੀਤੀ ਹੈ। ਬੁਲਾਰੀਆ ਦੇ ਕਾਂਗਰਸ ਵਿਚ ਆਉਣ ਨਾਲ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ ਦੀ ਟਿਕਟ ਕੱਟੇ ਜਾਣ ਦੇ ਆਸਾਰ ਹਨ। ਦੂਸਰੇ ਪਾਸੇ ਕਈ ਕਾਂਗਰਸੀ ਆਗੂ ਬੁਲਾਰੀਆ ਦੀ ਕਾਂਗਰਸ ਵਿਚ ਆਮਦ ਦਾ ਵਿਰੋਧ ਕਰ ਰਹੇ ਹਨ। ਦੱਖਣੀ ਵਿਧਾਨ ਸਭਾ ਹਲਕੇ ਵਿਚ ਜੇਕਰ ਅਕਾਲੀ ਆਗੂਆਂ ਦੀ ਗੱਲ ਕਰੀਏ ਤਾਂ ਇੱਥੋਂ ਟਿਕਟ ਦੀ ਦਾਅਵੇਦਾਰੀ ਕਾਂਗਰਸ ਛੱਡ ਅਕਾਲੀ ਦਲ ਵਿਚ ਸ਼ਾਮਲ ਹੋਏ ਨਵਦੀਪ ਸਿੰਘ ਗੋਲਡੀ ਅਤੇ ਜ਼ਿਲ੍ਹਾ ਅਕਾਲੀ ਜੱਥਾ ਸ਼ਹਿਰੀ ਦੇ ਕਾਰਜਕਾਰੀ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਜਤਾ ਰਹੇ ਹਨ ਪਰ ਬੁਲਾਰੀਆ ਦੇ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਬਾਅਦ ਗੋਲਡੀ ਅਤੇ ਟਿੱਕਾ ਵਾਸਤੇ ਇੱਕ ਵੱਡੀ ਚੁਣੌਤੀ ਪੈਦਾ ਹੋ ਗਈ ਹੈ।

## ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਵੱਲੋਂ ਭਾਈ ਜੋਗਾ ਸਿੰਘ ਦੇ ਸਦੀਵੀਂ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ

ਤਿੰਨ ਮਹੀਨੇ ਦੇ ਲਗਭਗ ਭਾਈ ਜੋਗਾ ਸਿੰਘ ਲੁਧਿਆਣੇ ਦੇ ਇਕ ਹਸਪਤਾਲ ਵਿਚ ਜ਼ੇਰੇ ਇਲਾਜ਼ ਰਹੇ ਹਨ। ਉਨ੍ਹਾਂ ਤੇ ਹਮਲਾ ਕਰਨ ਵਾਲੇ ਲੋਕਾਂ ਦੀ ਪਹਿਚਾਣ ਵੀ ਹੋ ਗਈ। ਪਰ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਉਨ੍ਹਾਂ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈਣ ਦੀ ਬਜਾਏ ਉਨ੍ਹਾਂ ਨੂੰ ਖੁੱਲਾ ਛੱਡਿਆ ਹੋਇਆ ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਸਰਕਾਰ ਸੰਘਰਸ਼ਸ਼ੀਲ ਸਿੱਖ ਨੌਜੁਆਨਾਂ ਨੂੰ ਆਪ ਕਤਲ ਕਰਵਾ ਰਹੀ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਕੋਈ ਨੌਜੁਆਨ ਸੰਘਰਸ਼ ਦੇ ਰਾਹ ਨਾ ਪਵੇ। ਭਾਵੇਂ ਕਿ ਜੋਗਾ ਸਿੰਘ ਦੇ ਪਰਿਵਾਰ ਵੱਲੋਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜਿੰਨੀ ਦੇਰ ਭਾਈ ਜੋਗਾ ਸਿੰਘ ਦੇ ਕਾਤਲਾਂ ਨੂੰ ਫੜਕੇ ਜੇਲ੍ਹੀਂ ਨਹੀਂ ਸੁਟਿਆ ਜਾਂਦਾ ਉਨ੍ਹੀਂ ਦੇਰ ਭਾਈ ਜੋਗਾ ਸਿੰਘ ਦੇ ਸਰੀਰ ਦਾ ਸੰਸਕਾਰ ਨਹੀਂ ਕੀਤਾ ਜਾਵੇਗਾ। ਅਕਾਲੀ ਦਲ ਅੰਮ੍ਰਿਤਸਰ ਇਸ ਫੈਸਲੇ ਦੀ ਹਮਾਇਤ ਕਰਦਾ ਹੈ। ਅੱਜ ਸਮਾਂ ਹੈ ਇਕ ਮੰਚ ਤੇ ਇਕੱਤਰ ਹੋ ਕਿ ਭਾਈ ਜੋਗਾ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾ ਸਕੇ।

## ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਦੇਣ ਤੋਂ ਰਾਜਨੀਤੀ ਗਰਮਾਈ

ਸਫ਼ਾ ਇਕ ਦੀ ਬਾਕੀ

ਕੋਰਟ ਦੇ ਸੰਵਿਧਾਨਕ ਬੈਂਚ ਨੇ ਮੈਂਬਰੀ ਬਹਾਲ ਕਰ ਦਿੱਤੀ ਸੀ। ਕੇਸ ਖ਼ਤਮ ਕਰਨ ਸਬੰਧੀ ਵਿਜੀਲੈਂਸ ਦੀ ਇਸ ਕਾਰਵਾਈ ਦਾ ਵਿਰੋਧੀ ਪਾਰਟੀਆਂ ਖ਼ਾਸ ਕਰ ਆਮ ਆਦਮੀ ਪਾਰਟੀ ਵਲੋਂ ਤਿੱਖਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਇਸ ਨੂੰ ਬਾਦਲਾਂ ਤੇ ਅਮਰਿੰਦਰ ਦਰਮਿਆਨ ਸੁਲ੍ਹਾ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਸਮਾਂ ਦਿਨੋਂ ਦਿਨ ਨੇੜ੍ਹੇ ਆਉਣ ਕਾਰਨ ਇਸ ਕੇਸ ਦੇ ਕਾਨੂੰਨੀ ਪਹਿਲੂਆਂ ਦੀ ਬਜਾਏ ਇਸ ਨੂੰ ਰੱਦ ਕਰਨ ਦੇ ਸੰਭਾਵੀ ਕਾਰਨਾਂ ਬਾਰੇ ਰਾਜਸੀ ਚੁੰਝ ਚਰਚਾ ਤੇਜ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਜੀਲੈਂਸ ਦੀ ਇਸ ਕਾਰਵਾਈ ਨਾਲ ਕੈਪਟਨ ਨੂੰ ਵੱਡੀ ਰਾਹਤ ਮਿਲਣ ਦੀ ਆਸ ਹੈ। ਇਸ ਕੇਸ ਦੇ ਰੱਦ ਕੀਤੇ ਜਾਣ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਰਾਜਸੀ ਕਿਆਸਅਰਾਈਆਂ ਦੌਰਨ ਕੈਪਟਨ ਅਮਰਿੰਦਰ ਸਿੰਘ ਦੇ ਕੱਟੜ ਰਾਜਸੀ ਵਿਰੋਧੀ ਅਤੇ ਪੰਜਾਬ ਦੇ ਮੁੱਖ ਮੰਤਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਵਿਜੀਲੈਂਸ ਆਪਣਾ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦਾ ਇਸ ਮਾਮਲੇ ਵਿਚ ਕੋਈ ਦਖ਼ਲ ਨਹੀਂ ਹੈ।

ਜਦੋਂ ਕਿ ਕਾਂਗਰਸ ਅਤੇ ਸੱਤਾਧਾਰੀ ਅਕਾਲੀ ਦਲ (ਬਾਦਲ) ਨੂੰ ਰਾਜਸੀ ਤੌਰ ਉੱਤੇ ਵੱਡੀ ਚੁਣੌਤੀ ਬਣੀ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ ਹੈ ਕਿ ਕੀ ਅਕਾਲੀਆਂ ਅਤੇ ਕਾਂਗਰਸੀਆਂ ਵਿਚਾਲੇ ਮਿਲੀਭੁਗਤ ਦੇ ਹੋਰ ਸਬੂਤ ਚਾਹੀਦੇ ਹਨ?

### ਵਿਜੀਲੈਂਸ ਵਲੋਂ ਅਦਾਲਤ ਵਿੱਚ ਅਰਜ਼ੀ ਦਾਇਰ

ਐਸਏਐਸ ਨਗਰ (ਮੁਹਾਲੀ) ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ 2008 ਦੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਘੁਟਾਲਾ ਕੇਸ ਵਿੱਚ ਮੁਲਜ਼ਮਾਂ ਖ਼ਿਲਾਫ਼ ਸਾਰੇ ਦੋਸ਼ ਖਾਰਜ਼ ਹੋ ਜਾਣੇ ਹਨ। ਪੰਜਾਬ ਵਿਜੀਲੈਂਸ ਨੇ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਡੀ.ਜੀ.ਪੀ. ਤੇ ਵਿਜੀਲੈਂਸ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਕੈਪਟਨ ਤੇ ਹੋਰਨਾਂ 18 ਮੁਲਜ਼ਮਾਂ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ, ਇਸ ਲਈ ਅਦਾਲਤ ਵਿਚ ਕਲੋਜ਼ਰ ਰਿਪੋਰਟ ਦੇ ਦਿੱਤੀ।

11 ਸਤੰਬਰ 2008 ਨੂੰ ਦਰਜ ਐਫ.ਆਈ.ਆਰ. ਮੁਤਾਬਕ 32.10 ਏਕੜ ਜ਼ਮੀਨ ਪ੍ਰਾਈਵੇਟ ਬਿਲਡਰ ਨੂੰ ਦੇ ਦਿੱਤੀ ਗਈ ਸੀ ਜਿਸ ਨੂੰ ਘੁਟਾਲਾ ਦੱਸਿਆ ਗਿਆ। 2009 ਵਿਚ ਇਸ ਕੇਸ ਵਿਚ ਚਾਰਜਸ਼ੀਟ ਦਾਖ਼ਲ ਹੋਈ। ਪੰਜ ਸਾਲ ਤੱਕ ਚੱਲੀ ਸੁਣਵਾਈ ਮਗਰੋਂ ਕੈਪਟਨ ਹਾਈ ਕੋਰਟ ਪਹੁੰਚੇ ਤੇ ਕਿਹਾ ਕਿ ਇਹ ਮੁਕੱਦਮਾ ਸਿਆਸੀ ਸਾਜ਼ਿਸ਼ ਤਹਿਤ ਦਰਜ ਹੋਇਆ ਹੈ। ਅਦਾਲਤ ਨੇ ਮੁੜ ਜਾਂਚ ਦੇ ਆਦੇਸ਼ ਦਿੱਤੇ। ਹੁਣ ਵਿਜੀਲੈਂਸ ਨੇ ਦੇਖਿਆ ਕਿ ਲੈਂਡ ਟਰਾਂਸਫਰ ਕਰਨ ਵਿਚ ਨਿਯਮ ਨਹੀਂ ਤੋੜੇ ਗਏ। ਵਿਜੀਲੈਂਸ ਵਲੋਂ ਅਦਾਲਤ ਵਿੱਚ ਪੇਸ਼ ਕਲੋਜ਼ਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਕੇਸ ਵਿੱਚ ਬਿਲਡਰ ਕੰਪਨੀ ਨੂੰ ਜ਼ਮੀਨ ਅਲਾਟ ਕਰਨ ਸਮੇਂ ਨਾ ਤਾਂ ਕੋਈ ਰਿਸ਼ਵਤ ਲਈ/ਦਿੱਤੀ ਗਈ ਹੈ ਤੇ ਨਾ ਹੀ ਨਿਯਮਾਂ ਦੀ ਉਲੰਘਣਾ ਹੋਈ ਹੈ। ਇੱਥੋਂ ਤੱਕ ਕਿ ਇਸ ਹਾਊਸਿੰਗ ਪ੍ਰਾਜੈਕਟ ਦੀ ਮਨਜ਼ੂਰੀ ਦਿੱਤੇ ਜਾਣ ਨਾਲ ਕੰਪਨੀ ਨੂੰ ਬੇਹੱਦ ਮੁਨਾਫ਼ਾ ਕਮਾਉਣ ਵਰਗੀ ਕੋਈ ਰਿਆਇਤ ਵੀ ਨਹੀਂ ਮਿਲੀ ਕਿਉਂਕਿ ਕੰਪਨੀ ਵਲੋਂ ਨਿਵੇਸ਼ ਕੀਤੀ ਪੂੰਜੀ ਅਤੇ ਬਾਜ਼ਾਰ ਵਿੱਚ ਇਸ ਜ਼ਮੀਨ ਦੀ ਕੀਮਤ ਵਿਚਾਲੇ ਮਸਾਂ ਇੱਕ ਕਰੋੜ ਰੁਪਏ ਦਾ ਫ਼ਰਕ ਹੈ। ਇਸੇ ਤਰ੍ਹਾਂ ਇਸ ਪ੍ਰਾਜੈਕਟ ਨਾਲ ਟਰੱਸਟ ਦੇ ਹੋਰਨਾਂ ਰਿਹਾਇਸ਼ੀ ਪਲਾਟਾਂ ਅਤੇ ਫਲੈਟਾਂ ਦੀਆਂ ਸਕੀਮਾਂ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਈਆਂ ਸਗੋਂ ਨੇੜਲੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਉਲਟਾ ਫਾਇਦਾ ਹੋਇਆ ਹੈ।

## ਵਿਧਾਨ ਸਭਾ ਸਕੱਤਰ ਨੂੰ ਨੋਟਿਸ ਜਾਰੀ

ਪੰਜਾਬ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਕੇਸ ਨੂੰ ਖ਼ਾਰਜ ਕਰਨ ਲਈ ਮੁਹਾਲੀ ਦੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਹੈ ਅਰਜ਼ੀ ਦੇ ਮੱਦੇਨਜ਼ਰ ਅਦਾਲਤ ਨੇ ਸੂਬਾਈ ਸਰਕਾਰ ਤੇ ਵਿਧਾਨ ਸਭਾ ਦੇ ਸਕੱਤਰ ਨੂੰ ਨੋਟਿਸ ਜਾਰੀ ਕਰਕੇ 25 ਅਕਤੂਬਰ ਤੱਕ ਪੱਖ ਰੱਖਣ ਲਈ ਆਖਿਆ ਹੈ। ਬੀਤੇ ਦਿਨੀਂ ਵਿਜੀਲੈਂਸ ਅਧਿਕਾਰੀਆਂ ਨੇ ਚੁੱਪ ਚੁਪੀਤੇ ਮੁਹਾਲੀ ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਕੈਪਟਨ ਤੇ ਹੋਰਾਂ ਵਿਰੁੱਧ ਦਰਜ ਕੇਸ ਨੂੰ ਰੱਦ ਕਰਨ ਲਈ ਬੇਨਤੀ ਕੀਤੀ ਜਦੋਂ ਕਿ ਇਸ ਤੋਂ ਪਹਿਲਾਂ ਵਿਜੀਲੈਂਸ ਅਧਿਕਾਰੀ ਹਰੇਕ ਪੇਸ਼ੀ 'ਤੇ ਕੈਪਟਨ ਤੇ ਹੋਰ ਮੁਲਜ਼ਮਾਂ ਵਿਰੁੱਧ ਦੋਸ਼ ਆਇਦ ਕਰਨ ਦੀ ਦੁਹਾਈ ਦਿੰਦੇ ਰਹੇ ਹਨ। ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੀ ਸਾਰੀ ਜ਼ਮੀਨ ਵਿਚੋਂ 32 ਏਕੜ ਲਈ ਛੋਟ ਦੇਣ ਬਾਰੇ ਬੇਨਿਯਮੀਆਂ ਦਾ ਦੋਸ਼ ਲਾਉਂਦੇ ਹੋਏ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਸਾਬਕਾ ਮੰਤਰੀ ਕੇਵਲ ਕ੍ਰਿਸ਼ਨ ਸਮੇਤ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਸੰਯੁਕਤ ਸਕੱਤਰ ਤਾਰਾ ਸਿੰਘ, ਬ੍ਰਿਗੇਡੀਅਰ (ਸੇਵਾਮੁਕਤ) ਗੁਰਚਰਨ ਸਿੰਘ ਖਾਰਾ, ਰਜਿੰਦਰ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਮਹੇਸ਼ ਖੰਨਾ, ਕ੍ਰਿਸ਼ਨ ਕੁਮਾਰ, ਸੁਭਾਸ਼ ਚੰਦ, ਦਲਜੀਤ ਸਿੰਘ, ਪਰਮਿੰਦਰ ਸਿੰਘ ਤੁੰਗ, ਰਾਜੀਵ ਭਗਤ, ਬਲਜੀਤ ਸਿੰਘ ਤੇ ਰੋਹਿਤ ਸ਼ਰਮਾ ਖ਼ਿਲਾਫ਼ ਪੰਜਾਬ ਵਿਜੀਲੈਂਸ ਥਾਣਾ ਫੇਜ਼-8 ਵਿਚ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਧਰਾਵਾਂ ਅਧੀਨ ਕੇਸ ਦਰਜ ਕੀਤਾ ਸੀ। ਇਸ ਕੇਸ ਦੀ ਸੁਣਵਾਈ ਮੁਹਾਲੀ ਅਦਾਲਤ ਵਿਚ ਚੱਲ ਰਹੀ ਹੈ। ਚੌਧਰੀ ਜਗਜੀਤ ਸਿੰਘ ਤੇ ਕੇਵਲ ਕ੍ਰਿਸ਼ਨ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ ਬ੍ਰਿਗੇਡੀਅਰ (ਸੇਵਾਮੁਕਤ) ਗੁਰਚਰਨ ਸਿੰਘ ਖਾਰਾ ਧੋਖਾਧੜੀ ਦੇ ਇੱਕ ਹੋਰ ਮਾਮਲੇ ਵਿੱਚ ਤਿਹਾੜ ਜੇਲ੍ਹ ਵਿੱਚ ਹਨ।

## ਕਲੋਜ਼ਰ ਰਿਪੋਰਟ 'ਚ ਸਾਡਾ ਕੋਈ ਹੱਥ ਨਹੀਂ : ਪ੍ਰਕਾਸ਼ ਸਿੰਘ ਬਾਦਲ

ਲੰਬੀ : ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਵਿਜੀਲੈਂਸ ਆਪਣਾ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦਾ ਇਸ ਮਾਮਲੇ ਵਿਚ ਕੋਈ ਦਖ਼ਲ ਨਹੀਂ ਹੈ। ਲੰਬੀ ਹਲਕੇ ਦੇ ਪਿੰਡ ਕੰਦੂਖੇੜਾ ਵਿਚ ਸੰਗਤ ਦਰਸ਼ਨ ਦੌਰਾਨ ਜਦੋਂ ਉਨ੍ਹਾਂ ਤੋਂ ਇਸ ਅਰਜ਼ੀ ਦੀ ਟਾਈਮਿੰਗ' ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸੁਆਲ ਟਾਲਦਿਆਂ ਕਿਹਾ ਕਿ ਇਹ ਵਿਭਾਗਾਂ ਦੇ ਅੰਦਰੂਨੀ ਕੰਮਾਂ ਦਾ ਹਿੱਸਾ ਹੈ ਜਿਸ ਬਾਰੇ ਵਿਜੀਲੈਂਸ ਹੀ ਜਵਾਬ ਦੇ ਸਕਦੀ ਹੈ।

## ਇਹੀ ਹੈ ਸਬੂਤ ਕਿ ਕੈਪਟਨ-ਬਾਦਲ ਮਿਲ ਕੇ ਚੋਣ ਲੜਨਗੇ : ਕੇਜਰੀਵਾਲ

ਜਲੰਧਰ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ ਹੈ ਕਿ ਕੀ ਅਕਾਲੀਆਂ ਅਤੇ ਕਾਂਗਰਸੀਆਂ ਵਿਚਾਲੇ ਮਿਲੀਭੁਗਤ ਦੇ ਹੋਰ ਸਬੂਤ ਚਾਹੀਦੇ ਹਨ? ਇਹ ਚੋਣਾਂ ਤੋਂ ਪਹਿਲਾਂ ਹੀ ਹੋ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਸ਼੍ਰੋਮਣੀ ਅਕਾਲੀ ਦਲ-ਕਾਂਗਰਸ ਮਿਲ ਕੇ ਚੋਣਾਂ ਲੜ ਰਹੇ ਹਨ। ਉਧਰ, 'ਆਪ' ਦੇ ਪੰਜਾਬ ਇੰਚਾਰਜ ਸੰਜੈ ਸਿੰਘ ਨੇ ਵੀ ਹਿ, ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲੇ ਵਾਪਸ ਲੈਣ ਦੀ ਤਿਆਰੀ ਵਿਚ ਬਾਦਲ ਸਰਕਾਰ, ਕਾਂਗਰਸ-ਬਾਦਲ ਭਾਈ ਭਾਈ, ਪੰਜਾਬ ਲੁਟ ਕਰ ਖਾਈ ਮਲਾਈ।'

# ਭ੍ਰਿਸ਼ਟਾਚਾਰ ਦਾ ਮਾਮਲਾ ਚੁੱਕਣ ਵਾਲਾ ਬੀਰਦਵਿੰਦਰ ਵੀ ਹੁਣ ਚੁੱਪ

## ਕੈਪਟਨ ਨੇ ਮੁੱਖ ਮੰਤਰੀ ਹੁੰਦਿਆਂ ਖ਼ੁਦ ਦਿੱਤੀ ਸੀ ਵਿਸ਼ੇਸ਼ ਜਾਂਚ ਕਮੇਟੀ ਕਾਇਮ ਕਰਨ ਦੀ ਹਰੀ ਝੰਡੀ



**ਐਸ.ਏ.ਐਸ. ਨਗਰ (ਮੁਹਾਲੀ):** ਉਸ ਵੇਲੇ ਖਰੜ ਦੇ ਵਿਧਾਇਕ ਹੁੰਦਿਆਂ ਬੀਰਦਵਿੰਦਰ ਸਿੰਘ ਨੇ 2006 ਵਿੱਚ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਸਵਾਲ ਨੰਬਰ-1540 ਰਾਹੀਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦਾ ਮਾਮਲਾ ਚੁੱਕਿਆ ਸੀ ਅਤੇ ਇਸ ਕਾਰਨ ਲਗਾਤਾਰ ਤਿੰਨ ਦਿਨ ਸਦਨ ਦੀ ਕਾਰਵਾਈ ਪ੍ਰਭਾਵਤ ਰਹੀ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ 200 ਕਰੋੜ ਰੁਪਏ ਦਾ ਇਹ ਘੁਟਾਲਾ ਤਤਕਾਲੀ ਸਥਾਨਕ ਸਰਕਾਰਾਂ ਵਿਭਾਗ ਦੇ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਲਿਹਾਜ਼ਾ ਵਿਧਾਨ ਸਭਾ ਦੀ ਵਿਸ਼ੇਸ਼ ਜਾਂਚ ਕਮੇਟੀ ਦਾ ਗਠਨ ਕਰਕੇ ਮਾਮਲੇ ਦੀ ਪੜਤਾਲ ਕਰਵਾਈ ਜਾਵੇ। ਉਦੋਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਵੀ ਬੀਰਦਵਿੰਦਰ ਸਿੰਘ ਦੀ ਇਸ ਮੰਗ ਦਾ ਸਮਰਥਨ ਕੀਤਾ ਸੀ। ਹਾਲਾਂਕਿ ਬੀਰਦਵਿੰਦਰ ਸਿੰਘ ਨੇ ਹੁਣ ਇਸ ਮੁੱਦੇ 'ਤੇ ਚੁੱਪ ਧਾਰ ਲਈ ਹੈ। ਉਨ੍ਹਾਂ ਨੇ ਕੋਈ ਵੀ ਟਿੱਪਣੀ ਕਰਨ ਤੋਂ ਮਨ੍ਹਾਂ ਕਰਦਿਆਂ ਕਿਹਾ ਕਿ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਕੋਈ ਗੱਲ ਕਰਨੀ ਵਾਜਬ ਨਹੀਂ ਹੈ।

### ਬਹੁ ਚਰਚਿਤ ਕੇਸ ਦਾ ਪਿਛੋਕੜ ਅਤੇ ਤੱਥ

ਵਰਨਣਯੋਗ ਹੈ ਕਿ ਅਮਰਿੰਦਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲੇ ਦੇ ਵੇਰਵਿਆਂ ਅਨੁਸਾਰ 2006 'ਚ ਉਸਦੀ ਸਰਕਾਰ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੀ 32.10 ਏਕੜ ਜ਼ਮੀਨ ਅਕਵਾਇਰ ਕਰਨ ਤੋਂ ਛੋਟ ਦਿੱਤੀ ਗਈ ਸੀ ਅਤੇ ਉਸ ਜ਼ਮੀਨ ਨੂੰ ਵੀਰ ਬਿਲਡਰਜ਼ ਨੂੰ ਕਾਲੋਨੀਆਂ ਉਸਾਰਨ ਵਾਲਿਆਂ ਨੂੰ ਦੇ ਦਿੱਤਾ ਗਿਆ ਸੀ।

2006 'ਚ, ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ, ਤਦ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਵੀ ਕਾਂਗਰਸੀ ਆਗੂ ਸਨ ਤੇ ਉਨ੍ਹਾਂ ਨੇ ਮਾਰਚ 2006 'ਚ ਵਿਧਾਨ ਸਭਾ ਵਿੱਚ ਭ੍ਰਿਸ਼ਟਾਚਾਰ ਦਾ ਇਹ ਮੁੱਦਾ ਉਠਾਇਆ ਸੀ।

ਪੰਜਾਬ ਵਿਧਾਨ ਸਭਾ 'ਚ ਮੈਂਬਰਾਂ ਦੇ ਦਬਾਅ ਕਾਰਨ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖ਼ੁਦ ਸਹਿਮਤੀ ਦੇਣ ਤੋਂ ਬਾਅਦ ਸਪੀਕਰ ਕੇਵਲ ਕ੍ਰਿਸ਼ਨ ਨੇ ਸਦਨ ਦੀ ਜਾਂਚ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ। ਪ੍ਰੰਤੂ ਕਈ ਦਿਨਾਂ ਮਗਰੋਂ ਸਪੀਕਰ ਨੇ ਸਦਨ ਦੀ ਕਾਰਵਾਈ ਨਾਲ ਛੇੜਛਾੜ ਕਰਦਿਆਂ ਹੱਥ ਨਾਲ ਲਿਖ ਦਿੱਤਾ ਸੀ ਕਿ ਜੇਕਰ ਸਦਨ ਸਹਿਮਤ' ਹੈ। ਸਰਕਾਰ ਨੇ ਵੀ ਆਪਣਿਆਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ ਜਾਂਚ ਕਮੇਟੀ ਨਾ ਬਣਾਈ। ਇਹੀ ਨਹੀਂ 12ਵੀਂ ਵਿਧਾਨ ਸਭਾ ਵਿੱਚ ਸਪੀਕਰ ਨੇ ਮਰਿਆਦਾ ਮਤਾ ਲਿਆਉਣਾ ਸੀ ਪਰ ਇਸ ਕਾਰਵਾਈ ਨੂੰ ਅੰਜਾਮ ਨਹੀਂ ਦਿੱਤਾ।

ਇਸ ਤੋਂ ਬਾਅਦ 2007 ਵਿੱਚ ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਬਣ ਗਈ। 13ਵੀਂ ਵਿਧਾਨ ਸਭਾ ਵਿੱਚ ਅਕਾਲੀ-ਭਾਜਪਾ ਦੇ ਵਿਧਾਇਕਾਂ ਨੇ ਮੁੜ ਇਹ ਮੁੱਦਾ ਚੁੱਕਿਆ। ਤਦ ਦਸੰਬਰ ਮਹੀਨੇ ਇੱਕ ਕਮੇਟੀ ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ, ਜਿਸ ਨੇ ਅਮਰਿੰਦਰ ਵਿਰੁੱਧ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨੀ ਸੀ। ਵਿਧਾਨ ਸਭਾ ਦੀ ਮਰਿਆਦਾ ਕਮੇਟੀ ਦੇ ਚੇਅਰਮੈਨ ਤੇ ਮੌਜੂਦਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦੀ ਅਗਵਾਈ ਵਾਲੀ ਕਮੇਟੀ ਨੇ ਸਦਨ ਦੀ ਕਾਰਵਾਈ ਨਾਲ ਛੇੜਛਾੜ ਦੇ ਮਾਮਲੇ ਦੀ ਜਾਂਚ ਕੀਤੀ ਅਤੇ ਸਾਬਕਾ ਸਪੀਕਰ ਕੇਵਲ ਕ੍ਰਿਸ਼ਨ ਤੇ ਵਿਧਾਨ ਸਭਾ ਦੇ ਸਕੱਤਰ ਨਛੱਤਰ ਸਿੰਘ ਮਾਵੀ ਨੂੰ ਕਸੂਰਵਾਰ ਠਹਿਰਾਇਆ। ਇਸ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਰਿਆਦਾ ਕਮੇਟੀ ਦੀ ਰਿਪੋਰਟ ਨੂੰ ਮਨਜ਼ੂਰ ਕਰਨ ਤੋਂ ਬਾਅਦ ਸਪੀਕਰ ਨਿਰਮਲ ਸਿੰਘ ਕਾਹਲੋਂ ਕੋਲ ਇਹ ਮਤਾ ਪੇਸ਼ ਕਰਕੇ ਮਾਮਲੇ ਦੀ ਪੜਤਾਲ ਕਰਨ ਦੀ ਸਿਫਾਰਸ਼ ਕੀਤੀ।

ਸਾਲ 2008 ਵਿੱਚ ਸਦਨ ਦੀ ਵਿਸ਼ੇਸ਼ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕਰਦਿਆਂ ਜ਼ਮੀਨ ਨੂੰ ਛੋਟ ਦੇਣ ਦੀ ਪ੍ਰਕਿਰਿਆ ਨੂੰ ਗ਼ੈਰ-ਕਾਨੂੰਨੀ ਦੱਸਿਆ ਸੀ ਕਿਉਂਕਿ ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ 360 ਕਰੋੜ ਰੁਪਏ ਦਾ ਨੁਕਸਾਨ ਪੁੱਜਿਆ ਸੀ।

ਕਮੇਟੀ ਦੀ ਰਿਪੋਰਟ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਠਹਿਰਾਉਂਦਿਆਂ ਨਾ ਕੇਵਲ ਉਨ੍ਹਾਂ ਨੂੰ ਸਦਨ ਵਿਚੋਂ ਮੁਅੱਤਲ ਕੀਤਾ ਸਗੋਂ ਬਾਅਦ ਵਿੱਚ ਉਨ੍ਹਾਂ ਖ਼ਿਲਾਫ਼ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ। ਪੰਜਾਬ ਵਿਧਾਨ ਸਭਾ ਦੀ ਸਿਫ਼ਾਰਸ਼ 'ਤੇ ਵਿਜੀਲੈਂਸ ਬਿਊਰੋ ਨੇ ਅਮਰਿੰਦਰ ਅਤੇ ਚਾਰ ਹੋਰਨਾਂ ਵਿਰੁੱਧ ਭ੍ਰਿਸ਼ਟਾਚਾਰ, ਧੋਖਾਧੜੀ, ਜਾਅਲੀ ਦਸਤਾਵੇਜ਼ ਬਣਾਉਣ, ਸਰਕਾਰੀ ਰਿਕਾਰਡ ਨਾਲ ਛੇੜਖਾਨੀ ਕਰਨ ਤੇ ਜ਼ਮੀਨ ਘੁਟਾਲੇ ਵਿੱਚ ਅਪਰਾਧਕ ਸਾਜ਼ਿਸ਼ ਰਚਣ ਜਿਹੇ ਦੋਸ਼ਾਂ ਦੇ ਆਧਾਰ 'ਤੇ ਐਫ਼.ਆਈ.ਆਰ. ਦਾਇਰ ਕਰ ਦਿੱਤੀ ਸੀ।

ਉਸ ਤੋਂ ਬਾਅਦ ਅਮਰਿੰਦਰ ਨੂੰ 13ਵੀਂ ਵਿਧਾਨ ਸਭਾ 'ਚੋਂ ਕੱਢ ਦਿੱਤਾ ਗਿਆ ਸੀ ਅਤੇ 2009 ਵਿੱਚ ਵਿਜੀਲੈਂਸ ਬਿਊਰੋ ਨੇ ਆਪਣੀ ਜਾਂਚ ਮੁਕੰਮਲ ਕਰ ਲਈ ਸੀ ਅਤੇ ਉਸੇ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਸਮੇਤ 18 ਵਿਅਕਤੀਆਂ ਵਿਰੁੱਧ ਦੋਸ਼-ਪੱਤਰ ਆਇਦ ਕੀਤਾ ਗਿਆ ਸੀ।

ਫਿਰ 2014 ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਸਨ ਕਿਉਂਕਿ ਅਮਰਿੰਦਰ ਨੇ ਅਦਾਲਤ ਸਾਹਮਣੇ ਦਲੀਲ ਰੱਖੀ ਸੀ ਕਿ ਬਾਦਲਾਂ ਵੱਲੋਂ ਇਹ ਸਭ ਕੁਝ ਉਨ੍ਹਾਂ ਨਾਲ ਸਿਆਸੀ ਬਦਲਾਖੋਰੀ ਲਈ ਕੀਤਾ ਜਾ ਰਿਹਾ ਹੈ। ਪਰ ਡੇਢ ਸਾਲ ਦੇ ਅੰਦਰ ਵਿਜੀਲੈਂਸ ਬਿਊਰੋ ਨੇ ਆਪਣੀ ਮੁੜ-ਜਾਂਚ ਦੀ ਰਫ਼ਤਾਰ ਬਹੁਤ ਸੁਸਤ ਰੱਖੀ। ਹੁਣ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੇਵਲ 4 ਮਹੀਨੇ ਹੀ ਰਹਿ ਗਏ ਹਨ, ਬਾਦਲਾਂ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਅੰਦਰਖਾਤੇ ਹੋ ਚੁੱਕੇ ਆਪਣੇ ਸਮਝੌਤੇ ਕਾਰਨ ਹੀ ਇਹ ਮਾਮਲਾ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ।

## ਹੁਣ ਤੋਤਾ ਸਿੰਘ ਨੂੰ ਬਚਾਉਣ ਲਈ ਵਿਜੀਲੈਂਸ ਬਿਊਰੋ ਨੇ ਚੁੱਪ-ਚਪੀਤੇ ਦਿੱਤੀ ਅਰਜ਼ੀ

ਸੂਤਰਾਂ ਅਨੁਸਾਰ ਜਥੇਦਾਰ ਤੋਤਾ ਸਿੰਘ ਨੂੰ ਬਚਾਉਣ ਲਈ ਦਲੀਲਾਂ ਦਿੱਤੀਆਂ ਜਾ ਰਹੀਆਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਇੱਕ ਖ਼ੁਦਮੁਖਤਿਆਰ ਅਦਾਰਾ ਹੈ। ਇਸ ਵਿੱਚ ਸਰਕਾਰ ਦੀ ਬਹੁਤੀ ਦਖ਼ਲਅੰਦਾਜ਼ੀ ਨਹੀਂ ਹੁੰਦੀ ਹੈ। 2001 ਵਿੱਚ 134 ਕਲਰਕਾਂ ਅਤੇ ਹੈਲਪਰਾਂ ਦੀ ਭਰਤੀ ਸਕੂਲ ਬੋਰਡ ਦੀ ਵਿਸ਼ੇਸ਼ ਭਰਤੀ ਕਮੇਟੀ ਨੇ ਕੀਤੀ ਸੀ ਅਤੇ ਇਸ ਵਿੱਚ ਤੋਤਾ ਸਿੰਘ ਦਾ ਕੋਈ ਹੱਥ ਨਹੀਂ ਹੈ। ਜੇਕਰ ਮੁਲਾਜ਼ਮਾਂ ਦੀ ਭਰਤੀ ਸਬੰਧੀ ਬੇਨਿਯਮੀਆਂ ਹੋਈਆਂ ਵੀ ਹਨ ਤਾਂ ਇਹ ਬੋਰਡ ਦੇ ਅਧਿਕਾਰੀਆਂ ਦੇ ਪੱਧਰ 'ਤੇ ਹੋ ਸਕਦੀਆਂ ਹਨ।

'ਆਪ' ਨੇ ਕੀਤਾ ਤਿੱਖਾ ਵਿਰੋਧ :

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਕੇਸ ਵਾਪਸ ਲੈਣ ਤੋਂ ਬਾਅਦ ਹੁਣ ਮੰਤਰੀ ਤੋਤਾ ਸਿੰਘ ਨੂੰ ਬਰੀ ਕਰਨ ਦੇ ਯਤਨ ਵਿੱਢ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਸ ਅਧਾਰ 'ਤੇ ਤੋਤਾ ਸਿੰਘ ਨੂੰ ਕਲੀਨ ਚਿੱਟ ਦਿਵਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਸਾਰੇ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਦੁਬਾਰਾ ਕੇਸ ਖੋਲ੍ਹੇ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਸਰਕਾਰ ਨੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਨੂੰ ਵਾਪਸ ਲੈਣ ਲਈ ਮੁਹਾਲੀ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ।

# SAVE $2500

## ON DIESEL PER TRUCK WITH ONE CALL!



# 11¢ DISCOUNT PER GALLON




- ✓ No more Pre-Paid Cards
- ✓ Get Rid of Bank Wires
- ✓ Low Transaction Fee

TRANS-ALLIANCE TOGETHER WE SAVE

(855) 641-6955 • (888) 795-7035

sales@trans-alliance.com • www.trans-alliance.com


Watch Your Favorite Channels
FREE PREVIEW
JUS PUNJABI
06-22-16 - 07-05-16
9xTASHAN
07-20-16 to 08-02-16
Channel no. 742
JUS 24x7
07-06-16 to 07-19-16
Channel no. 743
NEWS IN PUNJABI
KHIDI DUPEHAR
Hafta Vasooli
JALWE JAGGI DE
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to REFER A FRIEND
and get $100 gift card each activation
Promotion code: JUS
*Terms and conditions apply
for advertisement & more information call: +1-718-752-9290 x 202
www.jusbroadcasting.com


SHER®
ATTA
SHER
DURUM ATTA
DESI STYLE
20 lb
9.07 kg
Wishes you a
Happy
DIWALI